ਮਾਰੂ ਮਹਲਾ ੩ = ਸਚੈ ਸਚਾ ਤਖਤੁ ਰਚਾਇਆ ॥ ਨਿਜ ਘਰਿ ਵਸਿਆ, ਤਿਥੈ ਮੋਹੁ ਨ ਮਾਇਆ ॥ ਸਦ ਹੀ ਸਾਚੁ ਵਸਿਆ ਘਟ ਅੰਤਰਿ. ਗੁਰਮੁਖਿ ਕਰਣੀ ਸਾਰੀ ਹੇ ॥੧॥ ਸਚਾ ਸਉਦਾ ਸਚੁ ਵਾਪਾਰਾ ॥ ਨ ਤਿਥੈ ਭਰਮੁ ਨ ਦੂਜਾ ਪਸਾਰਾ ॥ ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ, ਬੂਝੈ ਕੋ ਵੀਚਾਰੀ ਹੇ ॥੨॥ ਸਚੈ ਲਾਏ ਸੇ ਜਨ ਲਾਗੇ ॥ ਅੰਤਰਿ ਸਬਦੁ ਮਸਤਕਿ ਵਡਭਾਗੇ ॥ ਸਚੈ ਸਬਦਿ ਸਦਾ ਗੁਣ ਗਾਵਹਿ, ਸਬਦਿ ਰਤੇ ਵੀਚਾਰੀ ਹੇ ॥੩॥ ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥ ਗੁਰਮਤਿ ਊਚੋ ਊਚੀ ਪਉੜੀ, ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥ ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥ ਸਚੇ ਕੀ ਸਭ ਸਚੀ ਕਰਣੀ, ਹਉਮੈ ਤਿਖਾ ਨਿਵਾਰੀ ਹੇ ॥੫॥ ਮਾਇਆ ਮੋਹੁ ਸਭੁ ਆਪੇ ਕੀਨਾ ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥ ਗੁਰਮੁਖਿ ਹੋਵੈ ਸੁ ਸਚੁ ਕਮਾਵੈ, ਸਾਚੀ ਕਰਣੀ ਸਾਰੀ ਹੇ ॥੬॥(ਹੇ ਭਾਈ!) ਸੱਚੇ ਪ੍ਰਭੂ ਨੇ (ਅਪਣੇ ਰਹਿਣ ਲਈ ਸਤਸੰਗਤ) ਸੱਚਾ ਤਖਤ ਬਣਾਇਆ ਹੈ।(ਉਹ) ਅਪਣੇ ਸਤਸੰਗਤ ਰੂਪ ਘਰ ਵਿਚ ਵਸਿਆ ਹੈ, ਉਥੇ (ਸਤਸੰਗਤ ਵਿਚ) ਮਾਇਆ ਦਾ ਮੋਹ ਨਹੀਂ ਹੈ।ਜਿਸ ਗੁਰਮੁਖ ਦੀ ਕਰਣੀ ਸ੍ਰੇਸ਼ਟ ਹੈ, (ਉਸ ਦੇ) ਹਿਰਦੇ ਅੰਦਰ ਸਦਾ ਹੀ ਸਚਾ ਪ੍ਰਭੂ ਵਸਿਆ ਰਹਿੰਦਾ ਹੈ।੧।(ਉਸ ਗੁਰਮੁਖ ਦਾ ਨਾਮ ਸਿਮਰਨ ਰੂਪ) ਸੌਦਾ ਸੱਚਾ ਹੈ ਅਤੇ (ਉਸ ਦਾ) ਵਪਾਰ (ਨਾਮ ਜਪਣਾ ਤੇ ਜਪਾਉਣਾ) ਵੀ ਸੱਚਾ ਹੈ।ਉਥੇ (ਉਸ ਵਪਾਰ ਵਿਚ) ਨਾ ਭਰਮ ਹੈ ਅਤੇ ਨਾ ਹੀ ਦੂਜਾ ਪਸਾਰਾ ਹੈ।(ਜਿਸ ਮਨੁੱਖ ਨੇ) ਸੱਚਾ ਧਨ ਖੱਟਿਆ ਹੈ, (ਉਸ ਨੂੰ) ਕਦੇ ਘਾਟਾ ਨਹੀਂ ਆਉਂਦਾ, (ਪਰ ਇਸ ਗੱਲ ਨੂੰ) ਕੋਈ ਵਿਚਾਰਵਾਨ ਪੁਰਖ ਹੀ ਸਮਝਦਾ ਹੈ।੨।(ਹੇ ਭਾਈ! ਨਾਮ ਧਨ ਦੇ ਵਪਾਰ ਵਿਚ) ਉਹ ਮਨੁੱਖ ਲੱਗੇ ਹਨ, (ਜਿਹੜੇ) ਸੱਚੇ ਪ੍ਰਭੂ ਨੇ ਆਪ ਲਾਏ ਹਨ।(ਉਨ੍ਹਾਂ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਿਆ ਹੈ ਅਤੇ (ਉਨ੍ਹਾਂ ਦੇ) ਮੱਥੇ ਉਤੇ ਵੱਡੇ ਭਾਗ ਜਾਗ ਪਏ ਹਨ।(ਉਹ) ਸੱਚੇ ਗੁਰੂ ਦੇ ਸ਼ਬਦ ਦੁਆਰਾ ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ ਅਤੇ ਉਹ ਵਿਚਾਰਵਾਨ ਮਨੁੱਖ ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਹਨ।੩।(ਹੇ ਭਾਈ!) ਜੋ ਸੱਚਾ ਪ੍ਰਭੂ ਹੈ, ਮੈਂ (ਉਸ) ਨਿਰੋਲ ਸੱਚੇ ਪ੍ਰਭੂ ਨੂੰ ਸਲਾਹੁੰਦਾ ਹਾਂ।ਮੈਂ (ਸਭ ਜਗ੍ਹਾ ਵਸਦੇ) ਇਕ ਪ੍ਰਭੂ ਨੂੰ ਹੀ ਦੇਖਦਾ ਹਾਂ, (ਮੈਨੂੰ ਉਸ ਤੋਂ ਬਿਨਾ) ਦੂਜਾ ਨਹੀਂ ਦਿਸਦਾ।(ਜੋ ਮਨੁੱਖ) ਗੁਰੂ ਦੀ ਸਿੱਖਿਆ ਉਤੇ ਚਲ ਕੇ ਉਚੀ ਤੋਂ ਉਚੀ ਪਉੜੀ ਤੇ ਚੜ੍ਹਿਆ ਹੈ, (ਉਸ ਨੇ) ਗੁਰੂ ਦੇ ਗਿਆਨ ਰਤਨ ਰਾਹੀਂ ਹਉਮੈ ਮਾਰ ਦਿਤੀ ਹੈ।੪।(ਹੇ ਪ੍ਰਭੂ! ਜਿਸ ਮਨੁੱਖ ਨੇ) ਗੁਰੂ ਦੇ ਸ਼ਬਦ ਦੁਆਰਾ ਮਾਇਆ ਦਾ ਮੋਹ ਜਲਾ ਦਿਤਾ ਹੈ।(ਉਹ) ਜਦੋਂ ਤੈਨੂੰ ਚੰਗਾ ਲੱਗ ਪਿਆ, (ਤਾਂ ਉਸ ਦੇ) ਮਨ ਵਿਚ ਸੱਚਾ ਨਾਮ ਵਸ ਗਿਆ ਹੈ।(ਉਸ) ਸੱਚੇ ਮਨੁੱਖ ਦੀ ਸਾਰੀ ਕਰਣੀ ਸੱਚੀ ਹੈ ਅਤੇ (ਉਸ ਨੇ) ਹਉਮੈ ਅਤੇ ਮਾਇਆ ਦੀ ਤ੍ਰਿਸ਼ਨਾ ਦੂਰ ਕਰ ਦਿਤੀ ਹੈ।੫।(ਹੇ ਭਾਈ! ਮਨੁੱਖ ਨੂੰ ਪਰਖਣ ਵਾਸਤੇ) ਪ੍ਰਭੂ ਨੇ ਆਪ ਹੀ ਮਾਇਆ ਦਾ ਸਾਰਾ ਮੋਹ ਪੈਦਾ ਕੀਤਾ ਹੈ।(ਪਰ ਇਹ ਗੱਲ) ਕਿਸੇ ਵਿਰਲੇ ਗੁਰਮੁਖ ਨੇ ਹੀ ਜਾਣੀ ਹੈ।ਜੋ ਗੁਰਮੁਖ ਹੁੰਦਾ ਹੈ, ਉਹ ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ, (ਉਸ ਦੀ ਇਹ) ਕਰਣੀ ਸੱਚੀ ਤੇ ਸ੍ਰੇਸ਼ਟ ਹੈ।੬।

ਪਦਾਰਥ = ਸਚੈ-ਸੱਚੇ ਪ੍ਰਭੂ ਨੇ।ਰਚਾਇਆ-ਬਣਾਇਆ।ਨਿਜ ਘਰਿ-ਸ੍ਵੈ ਸਰੂਪ ਵਿਚ; ਆਤਮ ਸਰੂਪ ਵਿਚ; ਸਤਸੰਗਤ ਵਿਚ।ਤਿਥੈ -ਉਥੇ (ਨਿਜ ਘਰਿ ਵਿਚ)।ਸਦ ਹੀ-ਸਦਾ ਹੀ।ਘਟ ਅੰਤਰਿ-ਹਿਰਦੇ ਅੰਦਰ।ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਕਰਣੀ-ਕਰਨ ਯੋਗ ਕਰਮ।ਸਾਰੀ ਹੇ-ਸ੍ਰੇਸ਼ਟ ਹੈ।੧।ਦੂਜਾ ਪਸਾਰਾ-ਦ੍ਵੈਤ ਦਾ ਖਿਲਾਰਾ।ਖਟਿਆ-ਕਮਾਇਆ ਹੈ।ਤੋਟਿ-ਘਾਟਾ। ਕੋ-ਕੋਈ।ਵੀਚਾਰੀ-ਵਿਚਾਰਵਾਨ ਪੁਰਖ।੨।ਸੇ ਜਨ-ਉਹ ਮਨੁੱਖ।ਅੰਤਰਿ-ਹਿਰਦੇ ਅੰਦਰ।ਮਸਤਕਿ-ਮੱਥੇ ਉਤੇ।ਸਚੈ ਸਬਦਿ-ਸੱਚੇ ਗੁਰੂ ਦੇ ਸ਼ਬਦ ਦੁਆਰਾ।ਗਾਵਹਿ-ਗਾਉਂਦੇ ਹਨ।ਰਤੇ-ਰੰਗੇ ਹੋਏ ਹਨ।੩।ਸਚੋ ਸਚੁ-ਨਿਰੋਲ ਸੱਚੇ ਪ੍ਰਭੂ ਨੂੰ।ਸਚਾ-ਸੱਚਾ ਪ੍ਰਭੂ। ਸਾਲਾਹੀ-ਮੈਂ ਸਲਾਹੁੰਦਾ ਹਾਂ।ਵੇਖਾ-ਮੈਂ ਦੇਖਦਾ ਹਾਂ।ਗੁਰਮਤਿ-ਗੁਰੂ ਦੀ ਸਿੱਖਿਆ।ਗਿਆਨਿ ਰਤਨਿ-ਗਿਆਨ ਰਤਨ ਰਾਹੀਂ।ਮਾਰੀ ਹੇ-ਮਾਰ ਦਿਤੀ ਹੈ।੪।ਸਬਦਿ-ਸ਼ਬਦ ਦੁਆਰਾ।ਮਨਿ-ਮਨ ਵਿਚ।ਜਾ-ਜਦੋਂ।ਤੁਧੁ-ਤੈਨੂੰ।ਭਾਇਆ-ਚੰਗਾ ਲੱਗ ਪਿਆ।ਸਚੇ ਕੀ-ਸੱਚੇ (ਮਨੁੱਖ) ਦੀ।ਤਿਖਾ-ਤ੍ਰਿਸ਼ਨਾ।ਨਿਵਾਰੀ ਹੇ-ਦੂਰ ਕਰ ਦਿਤੀ ਹੈ।੫।ਆਪੇ-ਪ੍ਰਭੂ ਨੇ ਆਪ ਹੀ।ਕੀਨਾ-ਪੈਦਾ ਕੀਤਾ ਹੈ।ਕਿਨ ਹੀ-ਕਿਸੇ ਨੇ ਹੀ।ਚੀਨਾ-ਜਾਣਿਆ ਹੈ।ਸੁ-ਉਹ।ਸਚੁ ਕਮਾਵੈ-ਸੱਚੇ ਨਾਮ ਜਪਣ ਦੀ ਕਮਾਈ ਕਰਦਾ ਹੈ।੬।

ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥ ਹਉਮੈ ਤ੍ਰਿਸਨਾ ਸਬਦਿ ਬੁਝਾਈ ॥ ਗੁਰਮਤਿ ਸਦ ਹੀ ਅੰਤਰੁ ਸੀਤਲੁ ,ਹਉਮੈ ਮਾਰਿ ਨਿਵਾਰੀ ਹੇ ॥੭॥ ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥ ਸਚੈ ਸਬਦੇ ਸਚਿ ਸੁਹਾਵੈ ॥ ਐਥੈ ਸਾਚੇ ਸੇ ਦਰਿ ਸਾਚੇ, ਨਦਰੀ ਨਦਰਿ ਸਵਾਰੀ ਹੇ ॥੮॥ ਬਿਨੁ ਸਾਚੇ ਜੋ ਦੂਜੈ ਲਾਇਆ ॥ ਮਾਇਆ ਮੋਹ ਦੁਖ ਸਬਾਇਆ ॥ ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ, ਮਾਇਆ ਮੋਹ ਦੁਖੁ ਭਾਰੀ ਹੇ ॥੯॥ ਸਾਚਾ ਸਬਦੁ ਜਿਨਾ ਮਨਿ ਭਾਇਆ ॥ ਪੂਰਬਿ ਲਿਖਿਆ ਤਿਨੀ ਕਮਾਇਆ ॥ ਸਚੋ ਸੇਵਹਿ ਸਚੁ ਧਿਆਵਹਿ, ਸਚਿ ਰਤੇ ਵੀਚਾਰੀ ਹੇ ॥੧੦॥ ਗੁਰ ਕੀ ਸੇਵਾ ਮੀਠੀ ਲਾਗੀ ॥ ਅਨਦਿਨੁ ਸੂਖ ਸਹਜ ਸਮਾਧੀ ॥ ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ, ਗੁਰ ਕੀ ਸੇਵ ਪਿਆਰੀ ਹੇ ॥੧੧॥ (ਗੁਰਮੁਖ ਪੁਰਖ ਨੇ ਉਹ) ਕਾਰ ਕਮਾਈ ਹੈ, ਜੋ ਮੇਰੇ ਪ੍ਰਭੂ ਨੂੰ ਚੰਗੀ ਲੱਗਦੀ ਹੈ।(ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਹਉਮੈ ਅਤੇ ਤ੍ਰਿਸ਼ਨਾ ਦੀ ਅੱਗ ਬੁਝਾ ਦਿਤੀ ਹੈ।ਗੁਰੂ ਦੀ ਸਿੱਖਿਆ ਦੁਆਰਾ (ਉਸ ਦਾ) ਹਿਰਦਾ ਸਦਾ ਹੀ ਸ਼ਾਂਤ ਰਹਿੰਦਾ ਹੈ ਅਤੇ (ਉਸ ਨੇ) ਹਉਮੈ ਮਾਰ ਕੇ ਦੂਰ ਕਰ ਦਿਤੀ ਹੈ।੭।(ਹੇ ਭਾਈ! ਜਿਹੜੇ ਮਨੁੱਖ) ਪ੍ਰਭੂ ਦੇ ਸੱਚੇ ਨਾਮ ਵਿਚ

ਲੱਗੇ ਹੋਏ ਹਨ, ਉਨ੍ਹਾਂ ਨੂੰ (ਪ੍ਰਭੂ ਦਾ ਕੀਤਾ) ਸਭ ਕੁਛ ਚੰਗਾ ਲਗਦਾ ਹੈ।(ਉਹ) ਸੱਚੇ ਗੁਰੂ ਦੇ ਸ਼ਬਦ ਦੁਆਰਾ ਸੱਚੇ ਨਾਮ ਵਿਚ ਜੁੜ ਕੇ (ਅਪਣਾ ਜੀਵਨ) ਸੋਹਣਾ ਬਣਾ ਲੈਂਦੇ ਹਨ।(ਉਹ) ਇਥੇ ਸੰਸਾਰ ਵਿਚ ਸੱਚੇ ਹਨ, ਉਹ ਪ੍ਰਭੂ ਦੇ ਦਰਬਾਰ ਵਿਚ ਵੀ ਸੱਚੇ ਹਨ, (ਕਿਉਂਕਿ) ਨਜਰ ਕਰਨ ਵਾਲੇ ਪ੍ਰਭੂ ਨੇ ਮਿਹਰ ਦੀ ਨਜਰ ਨਾਲ (ਉਨ੍ਹਾਂ ਦਾ ਜੀਵਨ) ਸੰਵਾਰ ਦਿਤਾ ਹੈ।੮।(ਹੇ ਭਾਈ! ਜਿਸ ਮਨੁੱਖ ਨੇ ਅਪਣੇ ਮਨ ਨੂੰ) ਸੱਚੇ ਪ੍ਰਭੂ ਤੋਂ ਬਿਨਾ ਦੂਜੇ ਪਾਸੇ ਲਾਇਆ ਹੋਇਆ ਹੈ।ਮਾਇਆ ਦੇ ਮੋਹ ਕਰਕੇ (ਉਸ ਨੂੰ) ਸਾਰੇ ਦੁਖ ਆ ਚਿੰਬੜਦੇ ਹਨ।ਮਾਇਆ ਦੇ ਮੋਹ ਕਰਕੇ (ਉਸ ਨੂੰ) ਭਾਰੀ ਦੁਖ ਮਿਲਦਾ ਹੈ ਅਤੇ ਗੁਰੂ ਦੇ ਬਿਨਾ ਜਾਣਿਆ ਨਹੀਂ ਜਾਂਦਾ ਕਿ ਦੁਖ ਕਿਵੇਂ ਦੂਰ ਹੋਵੇ ਤੇ ਸੁਖ ਕਿਵੇਂ ਮਿਲੇ?।੯।(ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਮਨ ਵਿਚ ਸੱਚਾ ਸ਼ਬਦ ਚੰਗਾ ਲੱਗਾ ਹੈ। ਉਨ੍ਹਾਂ ਨੇ ਪਹਿਲੇ ਜਨਮਾਂ ਦਾ ਲਿਖਿਆ ਲੇਖ ਕਮਾਇਆ (ਨਾਮ ਸਿਮਰਿਆ) ਹੈ। ਉਹ ਸੱਚੇ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ, ਸੱਚਾ ਨਾਮ ਧਿਆਉਂਦੇ ਹਨ ਅਤੇ ਉਹ ਵਿਚਾਰਵਾਨ ਪੁਰਖ ਪ੍ਰਭੂ ਦੇ ਸੱਚੇ ਨਾਮ ਵਿਚ ਰੰਗੇ ਹੋਏ ਹਨ।੧੦।(ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਦੀ ਸੇਵਾ ਮਿਠੀ ਲਗਦੀ ਹੈ।(ਉਸ ਨੂੰ) ਹਰ ਰੋਜ ਸਹਿਜ ਸਮਾਧੀ ਵਾਲੇ ਸੁਖ ਪ੍ਰਾਪਤ ਰਹਿੰਦੇ ਹਨ।(ਉਸ ਦਾ) ਮਨ ਹਰਿ ਹਰਿ ਨਾਮ ਦਾ ਜਾਪ ਕਰਦਿਆਂ ਪਵਿਤ੍ਰ ਹੋ ਗਿਆ ਹੈ, (ਇਸੇ ਕਰਕੇ ਉਸ ਨੂੰ) ਗੁਰੂ ਦੀ ਸੇਵਾ ਪਿਆਰੀ ਲਗਦੀ ਹੈ।੧੧।

ਪਦਾਰਥ = ਕਾਰ ਕਮਾਈ–ਕੰਮ ਕੀਤਾ ਹੈ।ਭਾਈ–ਚੰਗੀ ਲੱਗੀ ਹੈ।ਸਬਦਿ–ਸ਼ਬਦ ਦੁਆਰਾ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਸਦ ਹੀ–ਸਦਾ ਹੀ।ਅੰਤਰੁ–ਹਿਰਦਾ।ਸੀਤਲੁ–ਸ਼ਾਂਤ; ਠੰਢਾ।ਨਿਵਾਰੀ ਹੇ–ਦੂਰ ਕਰ ਦਿਤੀ ਹੈ।੭।ਸਚਿ ਲਗੇ–ਸੱਚੇ ਨਾਮ ਵਿਚ ਜੁੜੇ ਹਨ।ਤਿਨ–ਉਨ੍ਹਾਂ ਨੂੰ।ਸਚੈ ਸਬਦੇ–ਸੱਚੇ ਗੁਰੂ ਦੇ ਸ਼ਬਦ ਦੁਆਰਾ।ਸਚਿ–ਸੱਚੇ ਨਾਮ ਵਿਚ ਜੁੜ ਕੇ।ਸੁਹਾਵੈ–(ਜੀਵਨ) ਸੋਹਣਾ ਬਣਾ ਲੈਂਦੇ ਹਨ।ਐਥੈ–ਇੱਥੇ (ਸੰਸਾਰ ਵਿਚ)।ਸੇ–ਉਹ।ਦਰਿ–ਦਰਬਾਰ ਵਿਚ।ਨਦਰੀ–ਨਜਰ ਕਰਨ ਵਾਲਾ ਪ੍ਰਭੂ।ਨਦਰਿ–ਮੇਹਰ ਦੀ ਨਜਰ ਨਾਲ।ਸਵਾਰੀ ਹੇ–ਸੰਵਾਰ ਦਿਤਾ ਹੈ।੮।ਬਿਨੁ ਸਾਚੇ–ਸੱਚੇ ਪ੍ਰਭੂ ਤੋਂ ਬਿਨਾ।ਦੂਜੈ–ਦੂਜੇ ਪਾਸੇ।ਸਬਾਇਆ–ਸਾਰੇ।ਜਾਪੈ ਨਾਹੀ–ਜਾਣਿਆ ਨਹੀਂ ਜਾਂਦਾ।੯।ਜਿਨਾ ਮਨਿ–ਜਿਨ੍ਹਾਂ ਦੇ ਮਨ ਵਿਚ।ਭਾਇਆ–ਚੰਗਾ ਲੱਗਾ ਹੈ।ਪੂਰਬਿ ਲਿਖਿਆ–ਪਹਿਲੇ ਜਨਮਾਂ ਦਾ ਲਿਖਿਆ ਲੇਖ।ਤਿਨੀ–ਉਨ੍ਹਾਂ ਨੇ।ਸੱਚੋ ਸੇਵਹਿ–ਸੱਚੇ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ।ਸਚੁ–ਸੱਚਾ ਨਾਮ।ਸਚਿ ਰਤੇ–ਸੱਚੇ ਨਾਮ ਵਿਚ ਰੰਗੇ ਹੋਏ ਹਨ।ਵੀਚਾਰੀ–ਵਿਚਾਰਵਾਨ ਪੁਰਖ।੧੦।ਅਨਦਿਨੁ–ਹਰ ਰੋਜ।ਨਿਰਮਲੁ–ਪਵਿਤ੍ਰ।੧੧।

ਸਹਜਿ ਸਮਾਧੀ = ਨਿਰਯਤਨ ਸਮਾਧੀ।ਉਹ ਸਮਾਧੀ, ਜੋ ਆਤਮਾ ਦੀ ਅਪਣੇ ਸਰੂਪ ਵਿਚ ਇਸਥਿਤੀ ਹੈ।ਉਹ ਹਾਲਤਾਂ ਤੋਂ ਪਰੇ ਹਾਲਤ, ਜਦੋਂ ਜੀਵਾਤਮਾ ਵਾਹਿਗੁਰੂ ਦੇ ਸਰੂਪ ਨੂੰ ਪ੍ਰਾਪਤ ਹੁੰਦੀ ਹੈ।(ਗੁ. ਗ੍ਰੰਥ ਕੋਸ਼)।

ਸੇ ਜਨ ਸੁਖੀਏ, ਸਤਿਗੁਰਿ ਸਚੇ ਲਾਏ ॥ ਆਪੇ ਭਾਣੇ ਆਪਿ ਮਿਲਾਏ ॥ ਸਤਿਗੁਰਿ ਰਾਖੇ ਸੇ ਜਨ ਉਬਰੇ, ਹੋਰ ਮਾਇਆ ਮੋਹ ਖੁਆਰੀ ਹੇ ॥੧੨॥(ਹੇ ਭਾਈ!) ਉਹ ਮਨੁੱਖ ਸੁਖੀ ਹਨ, ਜਿਹੜੇ ਸਤਿਗੁਰੂ ਨੇ ਸੱਚੇ ਨਾਮ ਵਿਚ ਲਾਏ ਹਨ।(ਉਹ ਮਨੁੱਖ ਗੁਰੂ ਨੇ) ਅਪਣੀ ਮਰਜੀ ਨਾਲ ਆਪ ਹੀ ਅਪਣੇ ਨਾਲ ਮਿਲਾਏ ਹਨ।ਸਤਿਗੁਰੂ ਨੇ (ਜਿਨ੍ਹਾਂ ਦੀ) ਰੱਖਿਆ ਕੀਤੀ ਹੈ, ਉਹ ਮਨੁੱਖ (ਮਾਇਆ ਦੇ ਮੋਹ ਤੋਂ) ਬਚ ਗਏ ਹਨ, ਹੋਰ (ਮਨੁੱਖਾਂ ਨੂੰ) ਮਾਇਆ ਦੇ ਮੋਹ ਦੀ ਖੁਆਰੀ ਹੁੰਦੀ ਹੈ।੧੨।

ਅੰਗ ੧੦੫੧ = ਗੁਰਮੁਖਿ ਸਾਚਾ ਸਬਦਿ ਪਛਾਤਾ ॥ ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ ॥ ਏਕੋ ਏਕੁ ਰਵਿਆ ਸਭ ਅੰਤਰਿ, ਸਭਨਾ ਜੀਆ ਕਾ ਆਧਾਰੀ ਹੇ ॥੧੩॥ ਹਉਮੈ ਮੇਰਾ ਦੂਜਾ ਭਾਇਆ ॥ ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥ ਗੁਰ ਸਾਚੇ ਤੇ ਸਾਚੁ ਕਮਾਵਹਿ, ਸਾਚੈ ਦੂਖ ਨਿਵਾਰੀ ਹੇ ॥੧੪॥ ਜਾ ਤੂ ਦੇਹਿ ਸਦਾ ਸੁਖੁ ਪਾਏ ॥ ਸਾਚੈ ਸਬਦੇ ਸਾਚੁ ਕਮਾਏ ॥ ਅੰਦਰੁ ਸਾਚਾ ਮਨੁ ਤਨੁ ਸਾਚਾ, ਭਗਤਿ ਭਰੇ ਭੰਡਾਰੀ ਹੇ ॥੧੫॥ ਆਪੇ ਵੇਖੈ ਹੁਕਮਿ ਚਲਾਏ ॥ ਅਪਣਾ ਭਾਣਾ ਆਪ ਕਰਾਏ ॥ ਨਾਨਕ ਨਾਮਿ ਰਤੇ ਬੈਰਾਗੀ, ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥ (ਹੇ ਭਾਈ!) ਗੁਰਮੁਖ ਨੇ ਗੁਰੂ ਦੇ ਸ਼ਬਦ ਦੁਆਰਾ ਸੱਚੇ ਪ੍ਰਭੂ ਨੂੰ ਪਛਾਣਿਆ ਹੈ।ਉਸ ਪ੍ਰਭੂ ਦਾ ਨਾ ਪ੍ਰਵਾਰ ਹੈ ਅਤੇ ਨਾ ਹੀ ਉਸ ਦੀ ਮਾਤਾ ਹੈ।ਇਕੋ ਇਕ ਪ੍ਰਭੂ ਸਾਰੇ ਜੀਵਾਂ ਦੇ ਅੰਦਰ ਵਿਆਪਕ ਹੈ ਅਤੇ ਉਹ ਸਾਰੇ ਜੀਵਾਂ ਦਾ ਆਸਰਾ ਹੈ।੧੩।(ਹੇ ਭਾਈ! ਮਨੁੱਖ ਨੂੰ) ਹਉਮੈ ਮਮਤਾ ਤੇ ਦੂਜੇ ਦਾ ਪਿਆਰ ਚੰਗਾ ਲਗਦਾ ਹੈ।(ਅੱਗੇ ਪ੍ਰਲੋਕ ਵਿਚ) ਮਨੁੱਖ ਦੇ ਨਾਲ ਕੁਛ ਨਹੀ ਚਲਦਾ; (ਹਉਮੈ ਤੇ ਦੂਜੇ ਭਾਵ ਵਾਲੇ ਮਨੁੱਖਾਂ ਦਾ) ਕੁਛ ਵਸ ਨਹੀਂ ਚਲਦਾ, (ਇਹ ਹੁਕਮ ਮਨੁੱਖ ਦੇ ਮੱਥੇ ਉਤੇ) ਮਾਲਕ ਨੇ ਧੁਰ ਤੋਂ ਲਿਖ ਕੇ ਪਾਇਆ ਹੋਇਆ ਹੈ।(ਜਿਹੜੇ ਮਨੁੱਖ) ਸੱਚੇ ਗੁਰੂ ਤੋਂ (ਉਪਦੇਸ਼ ਲੈ ਕੇ) ਸੱਚੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ, ਸੱਚੇ ਪ੍ਰਭੂ ਨੇ (ਉਨ੍ਹਾਂ ਦੇ) ਦੁਖ ਦੂਰ ਕਰ ਦਿਤੇ ਹਨ।੧੪।(ਹੇ ਪ੍ਰਭੂ! ਕਿਸੇ ਜੀਵ ਨੂੰ) ਜਦੋਂ ਤੂੰ ਨਾਮ ਦੀ ਦਾਤ ਦੇਂਦਾ ਹੈਂ, ਤਾਂ ਉਹ ਸਦਾ ਸੁਖ ਪਾਉਂਦਾ ਹੈ।ਸੱਚੇ ਗੁਰੂ ਦੇ ਸ਼ਬਦ ਦੁਆਰਾ ਉਹ ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।(ਉਸ ਦਾ) ਹਿਰਦਾ, ਸਰੀਰ ਤੇ ਮਨ ਸੱਚ ਹੋ ਜਾਂਦਾ ਹੈ, (ਉਸ ਦੇ ਅੰਦਰ) ਭਗਤੀ ਦੇ ਭੰਡਾਰੇ ਭਰ ਜਾਂਦੇ ਹਨ।੧੫।(ਹੇ ਭਾਈ!) ਪ੍ਰਭੂ ਆਪ ਹੀ (ਸਾਰੇ ਜੀਵਾਂ ਦੇ ਕਰਮ) ਦੇਖਦਾ ਹੈ ਅਤੇ ਆਪ ਹੀ (ਜੀਵਾਂ ਨੂੰ ਅਪਣੇ) ਹੁਕਮ ਵਿਚ ਤੋਰਦਾ ਹੈ।(ਉਹ) ਅਪਣਾ ਭਾਣਾ (ਜੀਵਾਂ ਤੋਂ) ਆਪ ਹੀ ਮਨਾਉਣਾ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ) ਬੈਰਾਗੀ ਮਨੁੱਖ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਨੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਅਪਣਾ ਮਨ, ਤਨ ਤੇ ਜੀਭ ਨੂੰ ਸੰਵਾਰ ਲਿਆ ਹੈ।੧੬।੭।

ਪਦਾਰਥ = ਸੇ ਜਨ–ਉਹ ਮਨੁੱਖ। ਸਤਿਗੁਰਿ–ਸਤਿਗੁਰੂ ਨੇ। ਸਚੇ ਲਾਏ–ਸੱਚੇ ਨਾਮ ਵਿਚ ਲਾਏ ਹਨ। ਰਾਖੇ–ਰੱਖਿਆ ਕੀਤੀ ਹੈ। ਉਬਰੇ –ਬਚ ਗਏ ਹਨ। ਖੁਆਰੀ ਹੇ–ਬਰਬਾਦੀ ਹੁੰਦੀ ਹੈ।੧੨। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ ਨੇ। ਸਾਚਾ–ਸੱਚੇ ਪ੍ਰਭੂ ਨੂੰ। ਤਿਸੁ–ਉਸ ਦਾ। ਕੁਟੰਬੁ–ਪ੍ਰਵਾਰ। ਮਾਤਾ–ਮਾਂ। ਏਕੋ ਏਕੁ–ਇਕੋ ਇਕ ਪ੍ਰਭੂ। ਰਵਿਆ–ਵਿਆਪਕ ਹੈ। ਆਧਾਰੀ ਹੇ–ਆਸਰਾ ਹੈ।੧੩। ਮੇਰਾ–ਮਮਤਾ। ਦੂਜਾ–ਪ੍ਰਭੂ ਨੂੰ ਛਡ ਕੇ ਕਿਸੇ ਦੂਜੇ ਦਾ ਪਿਆਰ। ਭਾਇਆ–ਚੰਗਾ ਲਗਦਾ ਹੈ। ਧੁਰਿ–ਧੁਰ ਤੋਂ। ਖਸਮਿ–ਮਾਲਕ ਨੇ। ਲਿਖਿ–ਲਿਖ ਕੇ। ਤੇ–ਤੋਂ। ਸਾਚੁ–ਸੱਚਾ ਨਾਮ। ਕਮਾਵਹਿ–ਕਮਾਈ ਕਰਦੇ ਹਨ। ਸਾਚੈ–ਸੱਚੇ ਪ੍ਰਭੂ ਨੇ। ਨਿਵਾਰੀ ਹੇ–ਦੂਰ ਕਰ ਦਿਤੇ ਹਨ।੧੪। ਜਾ–ਜਦੋਂ। ਦੇਹਿ–ਦੇਂਦਾ ਹੈਂ। ਪਾਏ–ਪਾਉਂਦਾ ਹੈ। ਸਾਚੈ ਸਬਦੈ–ਸੱਚੇ ਗੁਰੂ ਦੇ ਸ਼ਬਦ ਦੁਆਰਾ। ਸਚੁ ਕਮਾਏ–ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ। ਅੰਦਰੁ–ਹਿਰਦਾ। ਤਨੁ–ਸਰੀਰ। ਭਰੇ ਭੰਡਾਰੀ ਹੇ–ਭੰਡਾਰੇ ਭਰੇ ਹੋਏ ਹਨ।੧੫। ਆਪੇ–ਆਪ ਹੀ। ਹੁਕਮਿ–ਹੁਕਮ ਵਿਚ। ਨਾਮਿ–ਨਾਮ ਵਿਚ। ਰਤੇ–ਰੰਗੇ ਹੋਏ ਹਨ। ਬੈਰਾਗੀ–ਵੈਰਾਗ ਵਾਲੇ ਮਨੁੱਖ। ਸਵਾਰੀ–ਸੰਵਾਰ ਲਿਆ ਹੈ।੧੬।੭।

ਮਾਰੂ ਮਹਲਾ ੩ ॥ ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ,ਜਿਨਿ ਅਪਣਾ ਆਪੁ ਪਛਾਤਾ ਹੇ ॥੧॥ ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥ ਜਿਸੁ ਭਾਵੈ ਤਿਸੁ ਆਪੇ ਮੇਲੇ, ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥ ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥ ਥਿਰੁ ਸਾਚਾ ਸਾਲਾਹੀ ਸਦ ਹੀ, ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥ ਇਕਿ ਮੂਲਿ ਲਗੇ, ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ ਅੰਮ੍ਰਿਤ ਫਲ ਤਿਨ ਜਨ ਕਉ ਲਾਗੇ, ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥ ਹਮ ਗੁਣ ਨਾਹੀ ਕਿਆ ਬੋਲਹ ਬੋਲ ॥ ਤੂ ਸਭਨਾ ਦੇਖਹਿ ਤੋਲਹਿ ਤੋਲ ॥ ਜਿਉ ਭਾਵੈ ਤਿਉ ਰਾਖਹਿ ਰਹਣਾ, ਗੁਰਮੁਖਿ ਏਕੋ ਜਾਤਾ ਹੇ ॥੫॥ ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥ ਗੁਣ ਮਹਿ ਏਕੋ ਨਿਰਮਲੁ ਸਾਚਾ, ਗੁਰ ਕੈ ਸਬਦਿ ਪਛਾਤਾ ਹੇ ॥੬॥(ਹੇ ਭਾਈ!) ਪ੍ਰਭੂ ਆਪ ਹੀ ਅਪਣੇ ਆਪ ਨੂੰ ਪੈਦਾ ਕਰਕੇ ਪ੍ਰਗਟ ਹੋਇਆ ਹੈ; ਉਤਪਤੀ ਕਰਨ ਵਾਲੇ ਪ੍ਰਭੂ ਨੇ ਆਪ ਹੀ ਅਪਣੇ ਤੋਂ ਜਗਤ ਨੂੰ ਪੈਦਾ ਕੀਤਾ ਹੈ (ਸੰ.ਸ.; ਟਕਸਾਲ; ਫ.ਸ.)। ਇਕ ਪ੍ਰਭੂ ਹੀ ਗੁਪਤ ਰੂਪ ਵਿਚ ਸਾਰੇ ਜੀਵਾਂ ਵਿਚ ਵਰਤ ਰਿਹਾ ਹੈ। ਜਿਸ ਮਨੁੱਖ ਨੇ ਅਪਣੇ ਆਪ ਨੂੰ ਪਛਾਣ ਲਿਆ ਹੈ, (ਉਸ ਨੂੰ ਸਮਝ ਆ ਗਈ ਹੈ ਕਿ) ਜਗਤ ਦਾ ਜੀਵਨ ਪ੍ਰਭੂ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ।੧।(ਹੇ ਭਾਈ!) ਜਿਸ ਪ੍ਰਭੂ ਨੇ ਬ੍ਰਹਮਾ, ਵਿਸ਼ਨੂ ਤੇ ਸ਼ਿਵ ਜੀ ਪੈਦਾ ਕੀਤੇ ਹਨ।(ਉਸ ਪ੍ਰਭੂ ਨੇ) ਆਪ ਹੀ ਹਰੇਕ ਜੀਵ ਨੂੰ ਆਪੋ ਅਪਣੇ ਧੰਧਿਆਂ ਵਿਚ ਲਾਇਆ ਹੈ। ਜਿਸ ਮਨੁੱਖ ਨੇ ਗੁਰੂ ਦੁਆਰਾ ਇਕ ਪ੍ਰਭੂ ਨੂੰ ਜਾਣ ਲਿਆ ਹੈ, (ਉਸ ਨੂੰ ਸਮਝ ਆ ਗਈ ਹੈ ਕਿ) ਜਿਸ ਜੀਵ ਨੂੰ ਪ੍ਰਭੂ ਚਾਹੁੰਦਾ ਹੈ, ਉਸ ਨੂੰ ਉਹ ਆਪ ਹੀ ਅਪਣੇ ਨਾਲ ਮਿਲਾ ਲੈਂਦਾ ਹੈ।੨।(ਹੇ ਭਾਈ!) ਸਾਰਾ ਸੰਸਾਰ ਆਉਣ ਜਾਣ (ਜੰਮਣ ਮਰਨ) ਵਾਲਾ ਹੈ।(ਮਨੁੱਖ ਜਨਮ ਲੈ ਕੇ) ਮਾਇਆ ਦਾ ਮੋਹ ਅਤੇ ਬਹੁਤ ਵਿਕਾਰ ਚਿਤਵਦਾ ਰਹਿੰਦਾ ਹੈ। ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨੂੰ ਪਛਾਣਿਆ ਹੈ, (ਉਹ) ਸਦਾ ਅਚੱਲ ਸੱਚੇ ਪ੍ਰਭੂ ਨੂੰ ਸਲਾਹੁੰਦਾ ਰਹਿੰਦਾ ਹੈ।੩।(ਹੇ ਭਾਈ!) ਕਈ ਮਨੁੱਖ ਮੂਲ ਰੂਪ ਪ੍ਰਭੂ ਨਾਲ ਲੱਗੇ ਹੋਏ ਹਨ, ਉਨ੍ਹਾਂ ਨੇ ਸੁਖ ਪਾਇਆ ਹੈ।(ਜੋ ਮਨੁੱਖ) ਦੇਵੀ ਦੇਵਤਿਆਂ ਰੂਪ ਡਾਲੀ ਨਾਲ ਲੱਗੇ ਹੋਏ ਹਨ, ਉਨ੍ਹਾਂ ਨੇ ਅਪਣਾ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ। ਅੰਮ੍ਰਿਤ (ਮ੍ਰਿਤੂ ਤੋਂ ਰਹਿਤ ਕਰਨ ਵਾਲੇ) ਫਲ ਉਨ੍ਹਾਂ ਪੁਰਖਾਂ ਨੂੰ ਲਗਦੇ ਹਨ, ਜੋ ਅੰਮ੍ਰਿਤ ਬਚਨ ਬੋਲਦੇ (ਗੁਰੂ ਦੀ ਬਾਣੀ ਪੜ੍ਹਦੇ) ਹਨ।੪।(ਅਰਦਾਸ ਕਰਦੇ ਹਾਂ, ਹੇ ਪ੍ਰਭੂ!) ਸਾਡੇ ਵਿਚ ਕੋਈ ਗੁਣ ਨਹੀਂ, ਅਸੀਂ (ਤੇਰੀ ਸਿਫਤ ਸਲਾਹ ਦਾ) ਕੀ ਬੋਲ ਬੋਲ ਸਕਦੇ ਹਾਂ? ਤੂੰ ਸਾਰੇ ਜੀਵਾਂ ਦੇ ਕਰਮ ਦੇਖਦਾ ਹੈਂ ਅਤੇ ਉਨ੍ਹਾਂ ਨੂੰ ਤੋਲ ਨਾਲ ਤੋਲਦਾ ਹੈਂ (ਪਰਖਦਾ ਹੈਂ ਕਿ ਕਿੰਨੇ ਕੁ ਚੰਗੇ ਜਾਂ ਮੰਦੇ ਹਨ?)। ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਤੂੰ ਸਾਨੂੰ ਰਖਦਾ ਹੈਂ ਤੇ ਅਸੀਂ ਵੀ (ਉਵੇਂ ਹੀ) ਰਹਿਣਾ ਹੁੰਦਾ ਹੈ, (ਅਸੀਂ) ਗੁਰੂ ਦੁਆਰਾ ਇਕ ਤੈਨੂੰ ਹੀ ਜਾਣਿਆ ਹੈ।੫।(ਹੇ ਪ੍ਰਭੂ!) ਜਦੋਂ ਤੈਨੂੰ ਚੰਗਾ ਲੱਗਿਆ, ਤਾਂ (ਤੂੰ ਸਾਨੂੰ ਨਾਮ ਸਿਮਰਨ ਦੀ) ਸੱਚੀ ਕਾਰ ਵਿਚ ਲਾ ਦਿਤਾ ਹੈ।(ਹੁਣ ਅਸੀਂ) ਔਗਣ ਛਡ ਕੇ ਦੈਵੀ ਗੁਣਾਂ ਵਿਚ ਲੀਨ ਹੋ ਗਏ ਹਾਂ। ਗੁਣਾਂ ਵਿਚ ਇਕ ਸੱਚਾ ਪਵਿਤ੍ਰ ਪ੍ਰਭੂ ਵਸਦਾ ਹੈ, (ਜਿਸ ਨੂੰ ਅਸੀਂ) ਗੁਰੂ ਦੇ ਸ਼ਬਦ ਦੁਆਰਾ ਪਛਾਣ ਲਿਆ ਹੈ।੬।

ਪਦਾਰਥ = ਆਪੇ–ਆਪ ਹੀ। ਆਪੁ–ਅਪਣੇ ਆਪ ਨੂੰ। ਉਪਾਇ–ਪੈਦਾ ਕਰਕੇ। ਉਪੰਨਾ–ਪੈਦਾ (ਪ੍ਰਗਟ) ਹੋਇਆ ਹੈ; ਉਪਤੀ ਕਰਨ ਵਾਲਾ। ਸਭ ਮਹਿ–ਸਾਰੇ ਜੀਵਾਂ ਵਿਚ। ਏਕੁ–ਇਕ ਪ੍ਰਭੂ। ਪਰਛੰਨਾ–ਗੁਪਤ (ਸੂਖਮ) ਰੂਪ ਵਿਚ। ਸਾਰ–ਸੰਭਾਲ। ਜਗਜੀਵਨੁ–ਜਗਤ ਦਾ ਜੀਵਨ। ਜਿਨਿ–ਜਿਸ (ਮਨੁੱਖ) ਨੇ।੧। ਜਿਨਿ–ਜਿਸ (ਪ੍ਰਭੂ) ਨੇ। ਮਹੇਸੁ–ਸ਼ਿਵ ਜੀ। ਉਪਾਏ–ਪੈਦਾ ਕੀਤੇ ਹਨ। ਸਿਰਿ ਸਿਰਿ–ਹਰੇਕ ਜੀਵ ਨੂੰ। ਧੰਧੈ–ਕੰਮਾਂ ਵਿਚ। ਭਾਵੈ–ਚਾਹੁੰਦਾ ਹੈ। ਗੁਰਮੁਖਿ–ਗੁਰੂ ਰਾਹੀਂ। ਜਾਤਾ ਹੇ–ਜਾਣਿਆ ਹੈ।੨। ਆਵਾ ਗਉਣੁ–ਆਉਣ ਜਾਣ (ਜੰਮਣ ਮਰਨ) ਵਾਲਾ। ਬਹੁ–ਬਹੁਤ। ਚਿਤੈ–ਚਿਤਵਦਾ ਹੈ। ਥਿਰੁ–ਅਚੱਲ। ਸਾਚਾ–ਸੱਚਾ ਪ੍ਰਭੂ। ਸਾਲਾਹੀ–ਸਲਾਹੁੰਦਾ ਹੈ। ਸਦ–ਸਦਾ।੩। ਇਕਿ–ਕਈ ਮਨੁੱਖ। ਮੂਲਿ–ਆਦਿ ਰੂਪ ਪ੍ਰਭੂ ਵਿਚ। ਓਨੀ–ਉਨ੍ਹਾਂ ਨੇ। ਡਾਲੀ–ਮਾਇਕ ਪਦਾਰਥਾਂ ਰੂਪ ਸ਼ਾਖਾਂ ਨਾਲ; ਦੇਵੀ ਦੇਵਤਿਆਂ ਦੀ ਪੂਜਾ। ਤਿਨੀ–ਉਨ੍ਹਾਂ ਨੇ। ਅੰਮ੍ਰਿਤ ਫਲ–ਅਮਰ ਫਲ। ਤਿਨ ਜਨ ਕਉ–ਉਨ੍ਹਾਂ ਪੁਰਖਾਂ ਨੂੰ। ਬੋਲਹਿ–ਬੋਲਦੇ (ਪੜ੍ਹਦੇ) ਹਨ। ਬਾਤਾ–ਬਚਨ; ਬਾਣੀ।੪। ਹਮ–ਅਸੀਂ। ਬੋਲਹ ਬੋਲ–ਬੋਲ ਬੋਲ ਸਕਦੇ ਹਾਂ। ਤੋਲਹਿ ਤੋਲ–ਤੋਲ ਨਾਲ ਤੋਲਦਾ (ਪਰਖਦਾ) ਹੈਂ।

ਭਾਵੈ–ਚੰਗਾ ਲਗਦਾ ਹੈ। ਰਾਖਹਿ–ਤੂੰ ਰਖਦਾ ਹੈਂ। ਗੁਰਮੁਖਿ–ਗੁਰੂ ਰਾਹੀਂ।੫। ਜਾ–ਜਦੋਂ। ਭਾਣਾ–ਚੰਗਾ ਲਗਦਾ ਹੈ। ਕਾਰੈ–ਨਾਮ ਸਿਮਰਨ ਦੇ ਕੰਮ ਵਿਚ। ਸਮਾਏ–ਲੀਨ ਹੋ ਗਏ ਹਾਂ। ਨਿਰਮਲੁ–ਪਵਿਤ੍ਰ। ਸਬਦਿ–ਸ਼ਬਦ ਦੁਆਰਾ।੬।

ਜਹ ਦੇਖਾ ਤਹ ਏਕੋ ਸੋਈ ॥ ਦੂਜੀ ਦੁਰਮਤਿ ਸਬਦੇ ਖੋਈ ॥ ਏਕਸੁ ਮਹਿ ਪ੍ਰਭੁ ਏਕੁ ਸਮਾਣਾ, ਅਪਣੈ ਰੰਗਿ ਸਦ ਰਾਤਾ ਹੇ ॥੭॥ ਕਾਇਆ ਕਮਲੁ ਹੈ ਕੁਮਲਾਣਾ ॥ ਮਨਮੁਖੁ ਸਬਦੁ ਨ ਬੁਝੈ ਇਆਣਾ ॥ ਗੁਰ ਪਰਸਾਦੀ ਕਾਇਆ ਖੋਜੇ, ਪਾਏ ਜਗਜੀਵਨੁ ਦਾਤਾ ਹੇ ॥੮॥ ਕੋਟ ਗਹੀ ਕੇ ਪਾਪ ਨਿਵਾਰੇ ॥ ਸਦਾ ਹਰਿ ਜੀਉ ਰਾਖੈ ਉਰ ਧਾਰੇ ॥ ਜੋ ਇਛੇ ਸੋਈ ਫਲੁ ਪਾਏ, ਜਿਉ ਰੰਗੁ ਮਜੀਠੈ ਰਾਤਾ ਹੇ ॥੯॥ ਮਨਮੁਖੁ ਗਿਆਨੁ ਕਥੇ ਨ ਹੋਈ ॥ ਫਿਰਿ ਫਿਰਿ ਆਵੈ ਠਉਰ ਨ ਕੋਈ ॥ ਗੁਰਮੁਖਿ ਗਿਆਨੁ ਸਦਾ ਸਾਲਾਹੇ, ਜੁਗਿ ਜੁਗਿ ਏਕੋ ਜਾਤਾ ਹੇ ॥੧੦॥ ਮਨਮੁਖੁ ਕਾਰ ਕਰੇ, ਸਭਿ ਦੁਖ ਸਬਾਏ ॥ ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ ॥ ਗੁਰਮੁਖਿ ਸਬਦੁ ਵਸੈ ਮਨਿ ਸਾਚਾ, ਸਦ ਸੇਵੇ ਸੁਖ ਦਾਤਾ ਹੇ ॥੧੧॥ (ਹੇ ਭਾਈ!) ਜਿੱਥੇ ਮੈਂ ਦੇਖਦਾ ਹਾਂ, ਉਥੇ ਉਹ ਹੀ ਪ੍ਰਭੂ ਦਿਸ ਰਿਹਾ ਹੈ। ਦੂਜੇ ਭਾਵ ਵਾਲੀ ਖੋਟੀ ਸਮਝ ਗੁਰੂ ਦੇ ਸ਼ਬਦ ਦੁਆਰਾ ਨਾਸ਼ ਕਰ ਦਿਤੀ ਹੈ। (ਜਦ ਮਨ ਦੂਜੇ ਭਾਵ ਨੂੰ ਛੱਡ ਕੇ) ਇਕੋ ਹਰੀ ਨੂੰ ਮੰਨਣ ਵਾਲੀ ਹਾਲਤ ਵਿਚ ਹੋਇਆ, ਤਾਂ ਮਨ ਵਿਚ ਇਕੋ ਹਰੀ ਆ ਕੇ ਸਮਾ ਗਿਆ ਹੈ ਭਾਵ ਮਨ ਤੇ ਹਰੀ ਇਕ ਮਿਕ ਹੋ ਗਏ (ਸ਼ਬਦਾਰਥ), ਹੁਣ ਮੇਰਾ ਮਨ ਸਦਾ ਅਪਣੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ।੭। (ਹੇ ਭਾਈ!) ਮਨਮੁਖ ਬੰਦਾ ਬੇਸਮਝ ਹੈ, (ਉਹ) ਗੁਰੂ ਦੇ ਸ਼ਬਦ ਨੂੰ ਨਹੀਂ ਸਮਝਦਾ। (ਉਸ ਦਾ) ਸਰੀਰ ਤੇ ਹਿਰਦਾ ਕਮਲ ਕੁਮਲਾਇਆ ਰਹਿੰਦਾ ਹੈ। (ਜੇ ਉਹ) ਗੁਰੂ ਦੀ ਕ੍ਰਿਪਾ ਨਾਲ ਸਰੀਰ ਨੂੰ ਖੋਜੇ, (ਤਾਂ ਉਹ) ਜਗਤ ਦੇ ਜੀਵਨ ਦਾਤੇ ਨੂੰ ਪ੍ਰਾਪਤ ਕਰ ਸਕਦਾ ਹੈ।੮। (ਹੇ ਭਾਈ! ਜਿਹੜਾ ਮਨੁੱਖ ਅਪਣੇ) ਹਿਰਦੇ ਵਿਚ ਸਦਾ ਹਰਿ ਜੀਉ ਨੂੰ ਟਿਕਾਈ ਰਖਦਾ ਹੈ। (ਉਹ) ਸਰੀਰ ਰੂਪ ਕਿਲ੍ਹੇ ਨੂੰ ਫੜਨ ਵਾਲੇ ਪਾਪਾਂ ਨੂੰ ਦੂਰ ਕਰ ਲੈਂਦਾ ਹੈ। (ਉਹ ਮਨੁੱਖ) ਜੋ ਇੱਛਾ ਕਰਦਾ ਹੈ, ਉਹੀ ਫਲ ਪ੍ਰਾਪਤ ਕਰ ਲੈਂਦਾ ਹੈ, (ਉਸ ਦਾ ਮਨ) ਨਾਮ ਰੰਗ ਵਿਚ ਇਉ ਰੰਗਿਆ ਜਾਂਦਾ ਹੈ, ਜਿਵੇਂ ਮਜੀਠ ਦਾ ਪੱਕਾ ਰੰਗ ਹੁੰਦਾ ਹੈ।੯। (ਹੇ ਭਾਈ!) ਮਨਮੁਖ ਬੰਦਾ ਗਿਆਨ ਕਥਨ ਕਰਦਾ ਹੈ, (ਪਰ ਉਸ ਨੂੰ ਗਿਆਨ) ਹੁੰਦਾ ਨਹੀਂ। (ਇਸ ਲਈ ਉਹ) ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਆਉਂਦਾ ਰਹਿੰਦਾ ਹੈ, (ਉਸ ਨੂੰ) ਕੋਈ ਟਿਕਾਣਾ ਨਹੀਂ ਮਿਲਦਾ। ਗੁਰਮੁਖ ਦਾ ਗਿਆਨ ਇਹ ਹੈ ਕਿ (ਉਹ) ਸਦਾ ਪ੍ਰਭੂ ਨੂੰ ਸਲਾਹੁੰਦਾ ਹੈ, (ਉਸ ਨੇ) ਜਾਣਿਆ ਹੈ ਕਿ ਹਰੇਕ ਜੁਗ ਵਿਚ ਇਕੋ ਪ੍ਰਭੂ ਮੌਜੂਦ ਰਹਿਣ ਵਾਲਾ ਹੈ।੧੦। (ਹੇ ਭਾਈ!) ਮਨਮੁਖ ਜੋ ਕੰਮ ਕਰਦਾ ਹੈ, (ਉਨ੍ਹਾਂ ਕੰਮਾਂ ਕਰਕੇ ਉਸ ਨੂੰ) ਸਾਰੇ ਦੁਖ ਆ ਚਿੰਬੜਦੇ ਹਨ। (ਉਸ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਨਹੀ ਵਸਿਆ, (ਇਸ ਕਰਕੇ ਉਹ) ਪ੍ਰਭੂ ਦੇ ਦਰ ਤੇ ਕਿਵੇਂ ਜਾ ਸਕੇਗਾ? ਗੁਰਮੁਖ ਦੇ ਮਨ ਵਿਚ ਗੁਰੂ ਦਾ ਸੱਚਾ ਸ਼ਬਦ ਵਸਦਾ ਹੈ ਅਤੇ (ਉਹ) ਸਦਾ ਹੀ ਸੁਖ ਦਾਤੇ ਪ੍ਰਭੂ ਦੀ ਸੇਵਾ ਭਗਤੀ ਕਰਦਾ ਹੈ।੧੧।

ਏਕਸੁ ਮਹਿ ਪ੍ਰਭੁ ਏਕੁ ਸਮਾਣਾ = ਜਿਸ ਇਕ ਪ੍ਰਭੂ ਵਿਚ ਸਾਰਾ ਸੰਸਾਰ ਹੈ, ਉਹ ਇਕੋ ਇਸ ਵਿਚ ਤਾਣੇ ਪੇਟੇ ਵਾਂਗ ਸਮਾਇਆ ਹੋਇਆ ਹੈ ਅਤੇ ਉਹ ਪ੍ਰਭੂ ਸਦਾ ਅਪਣੇ ਅਨੰਦ ਵਿਚ ਰੰਗਿਆ ਰਹਿੰਦਾ ਹੈ। (ਟਕਸਾਲ)

ਪਦਾਰਥ = ਜਹ–ਜਿੱਥੇ। ਦੇਖਾ–ਮੈਂ ਦੇਖਦਾ ਹਾਂ। ਤਹ–ਉਥੇ। ਏਕੋ–ਇਕ ਪ੍ਰਭੂ। ਸੋਈ–ਉਹ ਹੀ। ਦੂਜੀ ਦੁਰਮਤਿ–ਦੂਜੇ ਭਾਵ (ਮਾਇਆ ਜਾਂ ਦੇਵੀ ਦੇਵਤਿਆਂ ਵੱਲ ਤੱਕਣ) ਵਾਲੀ ਖੋਟੀ ਸਮਝ। ਸਬਦੇ–ਸ਼ਬਦ ਦੁਆਰਾ। ਖੋਈ–ਨਾਸ਼ ਕਰ ਦਿਤੀ। ਏਕਸੁ ਮਹਿ–(ਦੂਜੇ ਭਾਵ ਨੂੰ ਛਡ ਕੇ) ਇਕ ਹਰੀ ਨੂੰ ਮੰਨਣ ਵਾਲੀ ਹਾਲਤ ਵਿਚ। ਸਮਾਣਾ–ਮਿਲ ਗਿਆ; ਇਕ ਮਿਕ ਹੋ ਗਿਆ। ਰੰਗਿ–ਪ੍ਰੇਮ ਰੰਗ ਵਿਚ। ਰਾਤਾ ਹੇ–ਰੰਗਿਆ ਹੈ।੭। ਕਾਇਆ–ਸਰੀਰ। ਕਮਲ–ਹਿਰਦਾ ਕਮਲ। ਕੁਮਲਾਣਾ–ਕੁਮਲਾਇਆ ਰਹਿੰਦਾ ਹੈ। ਮਨਮੁਖੁ–ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ। ਇਆਣਾ–ਬੇਸਮਝ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਪਾਏ–ਪ੍ਰਾਪਤ ਕਰ ਸਕਦਾ ਹੈ। ਜਗਜੀਵਨੁ–ਜਗਤ ਦਾ ਜੀਵਨ।੮। ਕੋਟ–(ਸਰੀਰ ਰੂਪ) ਕਿਲ੍ਹਾ। ਗਹੀ ਕੇ–ਫੜਨ ਵਾਲੇ। ਨਿਵਾਰੇ–ਦੂਰ ਕਰ ਲੈਂਦਾ ਹੈ। ਉਰ–ਹਿਰਦੇ ਵਿਚ। ਰਾਖੈ ਧਾਰੇ–ਟਿਕਾਈ ਰਖਦਾ ਹੈ। ਇਛੇ–ਇੱਛਾ ਕਰਦਾ ਹੈ। ਰੰਗੁ ਮਜੀਠੈ–ਮਜੀਠ ਦਾ ਰੰਗ। ਰਾਤਾ ਹੇ–ਰੰਗਿਆ ਹੈ।੯। ਕਥੈ–ਕਥਨ ਕਰਦਾ ਹੈ। ਫਿਰਿ ਫਿਰਿ–ਮੁੜ ਮੁੜ। ਠਉਰ–ਥਾਂ ਟਿਕਾਣਾ। ਸਾਲਾਹੇ–ਸਲਾਹੁੰਦਾ ਹੈ। ਜੁਗਿ ਜੁਗਿ–ਹਰੇਕ ਜੁਗ ਵਿਚ। ਜਾਤਾ ਹੇ–ਜਾਣਿਆ ਹੈ।੧੦ । ਕਾਰ ਕਰੇ–ਕੰਮ ਕਰਦਾ ਹੈ। ਸਬਾਏ–ਸਾਰੇ। ਅੰਤਰਿ–ਹਿਰਦੇ ਅੰਦਰ। ਦਰਿ–ਪ੍ਰਭੂ ਦੇ ਦਰ ਉਤੇ। ਕਿਉ ਜਾਏ–ਕਿਵੇਂ ਜਾ ਸਕੇਗਾ? ਮਨਿ–ਮਨ ਵਿਚ। ਸਦ–ਸਦਾ। ਸੇਵੈ–ਸੇਵਾ ਭਗਤੀ ਕਰਦਾ ਹੈ।੧੧।

ਅੰਗ ੧੦੫੨ = ਜਹ ਦੇਖਾ ਤੂ ਸਭਨੀ ਥਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ ਨਾਮੋ ਨਾਮੁ ਧਿਆਈਐ ਸਦਾ ਸਦ, ਇਹੁ ਮਨੁ ਨਾਮੇ ਰਾਤਾ ਹੇ ॥੧੨॥ ਨਾਮੇ ਰਾਤਾ ਪਵਿਤੁ ਸਰੀਰਾ ॥ ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ ॥ ਅਵਹਿ ਜਾਵਹਿ ਨਾਮੁ ਨਹੀ ਬੂਝਹਿ, ਇਕਨਾ ਗੁਰਮੁਖਿ ਸਬਦੁ ਪਛਾਤਾ ਹੇ ॥੧੩॥ ਪੂਰੈ ਸਤਿਗੁਰਿ ਬੂਝ ਬੁਝਾਈ ॥ ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥ ਨਾਮੇ ਨਾਮਿ ਮਿਲੈ ਵਡਿਆਈ, ਸਹਜਿ ਰਹੈ ਰੰਗਿ ਰਾਤਾ ਹੇ ॥੧੪॥ ਕਾਇਆ ਨਗਰੁ ਢਹੈ ਢਹਿ ਢੇਰੀ ॥ ਬਿਨੁ ਸਬਦੈ ਚੂਕੈ ਨਹੀ ਫੇਰੀ ॥ ਸਾਚੁ ਸਲਾਹੇ ਸਾਚਿ ਸਮਾਵੈ, ਜਿਨਿ ਗੁਰਮੁਖਿ ਏਕੋ ਜਾਤਾ ਹੇ ॥੧੫॥ ਜਿਸ ਨੋ ਨਦਰਿ ਕਰੇ ਸੋ ਪਾਏ ॥ ਸਾਚਾ ਸਬਦੁ ਵਸੈ ਮਨਿ ਆਏ ॥ ਨਾਨਕ ਨਾਮਿ ਰਤੇ ਨਿਰੰਕਾਰੀ, ਦਰਿ ਸਾਚੈ ਸਾਚੁ ਪਛਾਤਾ ਹੇ ॥੧੬॥੮॥ (ਹੇ ਪ੍ਰਭੂ!) ਜਿਥੇ ਵੀ ਮੈਂ ਦੇਖਦਾ ਹਾਂ, ਤੂੰ ਸਭ ਥਾਵਾਂ ਤੇ

ਮੌਜੂਦ ਹੈਂ।(ਮੇਰੇ ਅੰਦਰ ਇਸ ਤਰ੍ਹਾਂ ਦੀ) ਸਾਰੀ ਸਮਝ ਪੂਰੇ ਗੁਰੂ ਨੇ ਪਾਈ ਹੈ।(ਹੇ ਭਾਈ!) ਸਦਾ ਸਦਾ ਨਾਮ ਹੀ ਨਾਮ ਧਿਆਉਣਾ ਚਾਹੀਦਾ ਹੈ, ਮੇਰਾ ਇਹ ਮਨ ਨਾਮ ਵਿਚ ਰੰਗਿਆ ਹੋਇਆ ਹੈ।੧੨।(ਹੇ ਭਾਈ! ਜਿਹੜਾ ਮਨੁੱਖ) ਨਾਮ ਵਿਚ ਰੰਗਿਆ ਹੋਇਆ ਹੈ, (ਉਸ ਦਾ) ਸਰੀਰ ਪਵਿਤ੍ਰ ਹੈ।ਨਾਮ ਸਿਮਰਨ ਤੋਂ ਬਿਨਾ (ਅਨੇਕਾਂ ਲੋਕ) ਬਿਨਾ ਪਾਣੀ ਦੇ ਡੁਬ ਕੇ (ਮ੍ਰਿਗ ਤ੍ਰਿਸ਼ਨਾ ਦੇ ਪਾਣੀ ਵਿਚ) ਮਰ ਗਏ ਹਨ।(ਜੋ ਮਨੁੱਖ) ਪ੍ਰਭੂ ਦੇ ਨਾਮ ਨੂੰ ਨਹੀਂ ਸਮਝਦੇ, (ਉਹ) ਜੰਮਦੇ ਮਰਦੇ ਰਹਿੰਦੇ ਹਨ, (ਪਰ) ਕਈ ਗੁਰਮੁਖਾਂ ਨੇ ਗੁਰੂ ਦੇ ਸ਼ਬਦ ਨੂੰ ਪਛਾਣ ਲਿਆ ਹੈ।੧੩।(ਹੇ ਭਾਈ!) ਪੂਰੇ ਸਤਿਗੁਰੂ ਨੇ ਇਹ ਸਮਝ ਸਮਝਾਈ ਹੈ।ਕਿ ਪ੍ਰਭੂ ਦੇ ਨਾਮ ਤੋਂ ਬਿਨਾ ਕਿਸੇ ਮਨੁੱਖ ਨੇ ਮੁਕਤੀ ਪ੍ਰਾਪਤ ਨਹੀਂ ਕੀਤੀ।(ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ, (ਉਸ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ, (ਉਹ) ਕੁਦਰਤੀ ਤੌਰ ਤੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ।੧੪।(ਹੇ ਭਾਈ!) ਸਰੀਰ ਰੂਪ ਨਗਰ ਢਹਿ ਕੇ ਮਿੱਟੀ ਦੀ ਢੇਰੀ ਹੋ ਜਾਂਦਾ ਹੈ।ਗੁਰੂ ਦੇ ਸ਼ਬਦ ਤੋਂ ਬਿਨਾ (ਜਨਮ ਮਰਨ ਦੀ) ਫੇਰੀ ਮੁਕਦੀ ਨਹੀਂ।ਜਿਸ ਮਨੁੱਖ ਨੇ ਗੁਰ ਦੁਆਰਾ ਇਕ ਪ੍ਰਭੂ ਨੂੰ ਜਾਣਿਆ ਹੈ, ਉਹ ਸੱਚੇ ਪ੍ਰਭੂ ਨੂੰ ਸਲਾਹੁੰਦਾ ਹੈ ਅਤੇ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੧੫।(ਹੇ ਭਾਈ!) ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਜਰ ਕਰਦਾ ਹੈ, ਉਹ ਗੁਰੂ ਪਾਸੋਂ ਪ੍ਰਭੂ ਦਾ ਨਾਮ ਪ੍ਰਾਪਤ ਕਰਦਾ ਹੈ।(ਉਸ ਦੇ) ਮਨ ਵਿਚ ਸੱਚਾ ਸ਼ਬਦ ਆ ਵਸਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਹ) ਨਿਰੰਕਾਰ ਦਾ ਹੀ ਰੂਪ ਹਨ (ਕਿਉਂਕਿ ਉਨ੍ਹਾਂ ਨੇ) ਸੱਚੇ ਪ੍ਰਭੂ ਦੇ ਦਰ ਸਤਸੰਗਤ ਦੁਆਰਾ ਸੱਚੇ ਪ੍ਰਭੂ ਨੂੰ ਪਛਾਣ ਲਿਆ ਹੈ।੧੬।੮।

ਪਦਾਰਥ = ਜਹ–ਜਿੱਥੇ।ਦੇਖਾ–ਮੈਂ ਦੇਖਦਾ ਹਾਂ।ਥਾਈ–ਥਾਵਾਂ ਵਿਚ।ਪੂਰੈ ਗੁਰਿ–ਪੂਰੇ ਗੁਰੂ ਨੇ।ਨਾਮੋ ਨਾਮੁ–ਨਾਮ ਹੀ ਨਾਮ।ਨਾਮੇ–ਨਾਮ ਵਿਚ।ਧਿਆਈਐ–ਧਿਆਉਂਦਾ ਹੈ।ਰਾਤਾ–ਰੰਗਿਆ ਹੈ।੧੨।ਨਾਮੇ ਰਾਤਾ–ਨਾਮ ਵਿਚ ਰੰਗਿਆ ਹੋਇਆ।ਬਿਨੁ ਨਾਵੈ–ਨਾਮ ਤੋਂ ਬਿਨਾ।ਡੂਬਿ ਮੁਏ–ਡੁਬ ਕੇ ਮਰ ਗਏ।ਨੀਰਾ–ਪਾਣੀ।ਆਵਹਿ ਜਾਵਹਿ–ਜੰਮਦੇ ਮਰਦੇ ਹਨ।ਨਹੀ ਬੂਝਹਿ–ਨਹੀਂ ਸਮਝਦੇ।ਇਕਨਾ ਗੁਰਮੁਖਿ–ਕਈ ਗੁਰਮੁਖਾਂ ਨੇ।੧੩।ਸਤਿਗੁਰਿ–ਸਤਿਗੁਰੂ ਨੇ।ਬੂਝ–ਸਮਝ।ਕਿਨੈ–ਕਿਸੇ ਨੇ ਵੀ।ਨਾਮੇ ਨਾਮਿ–ਪ੍ਰਭੂ ਦੇ ਨਾਮ ਵਿਚ। ਸਹਜਿ–ਕੁਦਰਤੀ ਤੌਰ ਤੇ; ਸੁਭਾਵਕ ਹੀ।ਰੰਗਿ–ਪ੍ਰੇਮ ਰੰਗ ਵਿਚ।ਰਹੈ ਰਾਤਾ–ਰੰਗਿਆ ਰਹਿੰਦਾ ਹੈ।੧੪।ਕਾਇਆ–ਸਰੀਰ।ਢਹੈ–ਢਹਿ ਜਾਂਦਾ ਹੈ।ਢਹਿ ਢੇਰੀ–ਢਹਿ ਕੇ ਮਿੱਟੀ ਦੀ ਢੇਰੀ ਹੋ ਜਾਂਦਾ ਹੈ।ਚੂਕੈ ਨਹੀ–ਮੁਕਦਾ ਨਹੀਂ।ਫੇਰੀ–ਜਨਮ ਮਰਨ ਦਾ ਗੇੜ।ਸਾਚੁ–ਸੱਚੇ ਪ੍ਰਭੂ ਨੂੰ।ਸਾਚਿ–ਸੱਚੇ ਪ੍ਰਭੂ ਵਿਚ।ਜਿਨਿ–ਜਿਸ ਨੇ।ਗੁਰਮੁਖਿ–ਗੁਰੂ ਰਾਹੀਂ।ਏਕੋ–ਇਕ ਪ੍ਰਭੂ ਨੂੰ।ਜਾਤਾ ਹੇ–ਜਾਣਿਆ ਹੈ।੧੫। ਜਿਸ ਨੋ–ਜਿਸ ਉਤੇ।ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ।ਸੋ ਪਾਏ–ਉਹ ਪਾ ਲੈਂਦਾ ਹੈ।ਮਨਿ–ਮਨ ਵਿਚ।ਨਾਮਿ ਰਤੇ–ਨਾਮ ਵਿਚ ਰੰਗੇ ਹੋਏ ਹਨ।ਦਰਿ ਸਾਚੈ–ਸੱਚੇ ਪ੍ਰਭੂ ਦੇ ਦਰ ਸਤਸੰਗਤ ਰਾਹੀਂ।ਪਛਾਤਾ–ਪਛਾਣ ਲਿਆ ਹੈ।੧੬।੮।

ਮਾਰੂ ਸੋਲਹੇ ੩ ॥ ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥ ਆਪੇ ਗੁਪਤੁ ਵਰਤੈ ਸਭ ਅੰਤਰਿ, ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥ ਆਪੇ ਬਖਸੇ ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ, ਸਚੇ ਸਿਉ ਮਨੁ ਰਾਤਾ ਹੇ ॥੨॥ ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥ ਜੀਅ ਜੰਤ ਸਭਿ ਸਰਣਿ ਤੁਮਾਰੀ, ਕਰਿ ਕਿਰਪਾ ਆਪਿ ਪਛਾਤਾ ਹੇ ॥੩॥ ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥ ਮਰੈ ਨ ਜੰਮੈ ਚੂਕੈ ਫੇਰੀ ॥ ਸਾਚੇ ਗੁਣ ਗਾਵੈ ਦਿਨੁ ਰਾਤੀ, ਜੁਗਿ ਜੁਗਿ ਏਕੋ ਜਾਤਾ ਹੇ ॥੪॥ ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥ ਜੋ ਤੁਧੁ ਭਾਣੇ ਸੇ ਨਾਮਿ ਲਾਗੇ, ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥ ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ, ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥ (ਹੇ ਪ੍ਰਭੂ!) ਤੂੰ ਆਪ ਹੀ ਉਹ ਕਰਤਾਰ ਹੈਂ, ਜਿਸ ਦਾ ਰਚਿਆ ਸਾਰਾ ਜਗਤ ਹੈ।(ਜਗਤ ਦੇ) ਸਾਰੇ ਜੀਵ ਜੰਤ ਤੇਰੀ ਸਰਨ ਵਿਚ ਹਨ।ਤੂੰ ਆਪ ਹੀ ਗੁਪਤ ਰੂਪ ਵਿਚ ਸਾਰੇ ਜੀਵਾਂ ਦੇ ਅੰਦਰ ਵਰਤ ਰਿਹਾ ਹੈਂ, (ਹੇ ਭਾਈ! ਪ੍ਰਭੂ) ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾ ਸਕਦਾ ਹੈ।੧।(ਹੇ ਭਾਈ!) ਹਰੀ ਦੇ ਭੰਡਾਰ ਭਗਤੀ ਨਾਲ ਭਰੇ ਪਏ ਹਨ।ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਆਪ ਹੀ ਇਹ ਵਿਚਾਰ ਬਖਸ਼ਦਾ ਹੈ।ਹੇ ਪ੍ਰਭੂ! ਜੋ ਤੈਨੂੰ ਚੰਗਾ ਲਗਦਾ ਹੈ, ਤੂੰ ਉਹੀ ਕਰਦਾ ਹੈ, (ਇਸੇ ਲਈ ਗੁਰਮੁਖਾਂ ਦਾ) ਮਨ ਸੱਚੇ ਪ੍ਰਭੂ ਨਾਲ ਰੰਗਿਆ ਰਹਿੰਦਾ ਹੈ।੨।(ਹੇ ਭਾਈ!) ਪ੍ਰਭੂ ਆਪ ਹੀ (ਨਾਮ ਰੂਪ) ਹੀਰਾ ਹੈ ਅਤੇ ਆਪ ਹੀ (ਗਿਆਨ ਰੂਪ) ਅਮੋਲਕ ਰਤਨ ਹੈ।ਪ੍ਰਭੂ ਆਪ ਹੀ ਮੇਹਰ ਦੀ ਨਜਰ ਨਾਲ ਅਪਣੀ ਤੱਕੜੀ ਵਿਚ ਪਾ ਕੇ (ਇਸ ਹੀਰੇ ਨੂੰ) ਤੋਲਦਾ (ਪਰਖ ਕਰਦਾ) ਹੈ।ਹੇ ਪ੍ਰਭੂ! ਸਾਰੇ ਜੀਵ ਜੰਤ ਤੇਰੀ ਸ਼ਰਣ ਵਿਚ ਹਨ, (ਜਿਸ ਮਨੁੱਖ ਉਤੇ ਤੂੰ) ਆਪ ਹੀ ਕਿਰਪਾ ਕਰਦਾ ਹੈਂ, (ਉਸ ਨੇ) ਤੈਨੂੰ ਪਛਾਣਿਆ ਹੈ।੩।(ਹੇ ਪ੍ਰਭੂ!) ਜਿਸ ਮਨੁੱਖ ਉਤੇ ਧੁਰ ਤੋਂ ਤੇਰੀ ਮੇਹਰ ਦੀ ਨਜਰ ਹੁੰਦੀ ਹੈ।(ਉਹ ਮੁੜ ਦੁਬਾਰਾ) ਮਰਦਾ ਜੰਮਦਾ ਨਹੀਂ ਅਤੇ (ਉਸ ਦੀ) ਆਵਾਗਉਣ ਦੀ ਫੇਰੀ ਵੀ ਮੁੱਕ ਜਾਂਦੀ ਹੈ।(ਹੇ ਭਾਈ! ਜਿਸ ਮਨੁੱਖ ਉਤੇ ਪ੍ਰਭੂ ਮੇਹਰਵਾਨ ਹੁੰਦਾ ਹੈ, ਉਹ) ਦਿਨ ਰਾਤ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਹ) ਜਾਣ ਗਿਆ ਹੈ ਕਿ ਹਰੇਕ ਜੁਗ ਵਿਚ ਇਕੋ ਪ੍ਰਭੂ ਮੌਜੂਦ ਰਹਿੰਦਾ ਹੈ।੪।(ਹੇ ਪ੍ਰਭੂ!) ਸਾਰਾ ਜਗਤ, ਜੋ ਤੂੰ ਪੈਦਾ ਕੀਤਾ ਹੈ, ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ।ਬ੍ਰਹਮਾ, ਵਿਸ਼ਨੂੰ ਅਤੇ ਸਾਰੇ ਦੇਵਤਿਆਂ ਉਤੇ ਮਾਇਆ ਦਾ ਪ੍ਰਭਾਵ ਹੈ।ਜੋ ਮਨੁੱਖ ਤੈਨੂੰ ਚੰਗੇ ਲੱਗੇ ਹਨ, ਉਹ ਤੇਰੇ ਨਾਮ ਵਿਚ ਲਗੇ ਹੋਏ ਹਨ,

(ਉਨ੍ਹਾਂ ਨੇ) ਗਿਆਨ ਵਾਲੀ ਮੱਤ ਦੁਆਰਾ ਤੈਨੂੰ ਪਛਾਣਿਆ ਹੈ।੫।(ਹੇ ਭਾਈ!) ਸਾਰਾ ਸੰਸਾਰ ਪਾਪ ਪੁੰਨ ਦੇ ਕਰਮ ਕਰਨ ਵਿਚ ਵਰਤ ਰਿਹਾ ਹੈ।(ਪੁੰਨ ਦੇ ਕਾਰਣ ਕਿਸੇ ਨੂੰ) ਖੁਸ਼ੀ ਮਿਲ ਰਹੀ ਹੈ ਅਤੇ (ਪਾਪ ਦੇ ਕਾਰਣ ਕਿਸੇ ਨੂੰ) ਸੋਗ ਮਿਲ ਰਿਹਾ ਹੈ, (ਇਸ ਤਰ੍ਹਾਂ) ਸਾਰੇ ਜਗਤ ਨੂੰ ਵੱਡਾ ਦੁੱਖ ਲਗਾ ਹੋਇਆ ਹੈ।(ਪਰ ਜੋ) ਗੁਰਮੁਖ ਹੁੰਦਾ ਹੈ, ਉਹ ਸੁਖ ਪਾਉਂਦਾ ਹੈ, (ਗੁਰਮੁਖ ਉਹ ਹੈ) ਜਿਸ ਨੇ ਗੁਰੂ ਦੁਆਰਾ ਪ੍ਰਭੂ ਦੇ ਨਾਮ ਨੂੰ ਪਛਾਣਿਆ ਹੈ।੬।

ਪਦਾਰਥ = ਆਪੇ-ਆਪ ਹੀ।ਕਰਤਾ-ਜਗਤ ਦੀ ਰਚਨਾ ਕਰਨ ਵਾਲਾ ਪ੍ਰਭੂ।ਕਰਣਾ-ਪੈਦਾ ਕੀਤਾ ਜਗਤ।ਜੀਅ ਜੰਤ-ਛੋਟੇ ਵੱਡੇ ਜੀਵ।ਗੁਪਤੁ-ਸੂਖਮ ਰੂਪ ਵਿਚ।ਸਭ ਅੰਤਰਿ-ਸਾਰੇ ਜੀਵਾਂ ਦੇ ਅੰਦਰ।ਕੈ ਸਬਦਿ-ਦੇ ਸ਼ਬਦ ਰਾਹੀਂ।੧।ਭੰਡਾਰਾ-ਖਜਾਨੇ।ਤੁਧੁ-ਤੈਨੂੰ।ਭਾਵੈ-ਚੰਗਾ ਲਗਦਾ ਹੈ।ਸੋਈ-ਉਹ ਹੀ।ਕਰਸਹਿ-ਕਰਦਾ ਹੈਂ।ਸਚੇ ਸਿਉ-ਸੱਚੇ ਪ੍ਰਭੂ ਨਾਲ।ਰਾਤਾ-ਰੰਗਿਆ ਹੈ।੨।ਅਮੋਲੋ-ਅਮੋਲਕ।ਨਦਰੀ-ਮੇਹਰ ਦੀ ਨਜਰ ਨਾਲ।ਤੋਲੇ ਤੋਲੋ-ਤੱਕੜੀ ਵਿਚ ਪਾ ਕੇ ਤੋਲਦਾ (ਪਰਖਦਾ) ਹੈ।੩।ਜਿਸ ਨੋ-ਜਿਸ ਉਤੇ।ਧੁਰਿ-ਧੁਰ ਪ੍ਰਭੂ ਦੀ ਹਜੂਰੀ ਤੋਂ।ਚੁਕੈ-ਮੁੱਕ ਜਾਂਦੀ ਹੈ।ਫੇਰੀ-ਜਨਮ ਮਰਨ ਦਾ ਗੇੜ।ਸਾਚੇ-ਸੱਚੇ ਪ੍ਰਭੂ ਦੇ।ਰਾਤੀ-ਰਾਤ।ਜੁਗਿ ਜੁਗਿ-ਹਰੇਕ ਜੁਗ ਵਿਚ।ਏਕੋ-ਇਕ ਪ੍ਰਭੂ।ਜਾਤਾ ਹੇ-ਜਾਣਿਆ ਹੈ।੪।ਮੋਹਿ-ਮੋਹ ਵਿਚ।ਉਪਾਇਆ-ਪੈਦਾ ਕੀਤਾ ਹੈ।ਸਬਾਇਆ-ਸਾਰੇ। ਦੇਵ-ਦੇਵਤੇ।ਭਾਣੇ-ਚੰਗੇ ਲੱਗੇ ਹਨ।ਸੇ-ਉਹ।ਨਾਮਿ-ਨਾਮ ਵਿਚ।ਗਿਆਨ ਮਤੀ-ਗਿਆਨ ਵਾਲੀ ਸਿੱਖਿਆ ਰਾਹੀਂ।੫।ਹਰਖ-ਖੁਸ਼ੀ।ਸੋਗ-ਗਮੀ।ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ; ਗੁਰੂ ਰਾਹੀਂ।ਸੋ-ਉਹ।ਪਾਏ-ਪਾਉਂਦਾ ਹੈ।ਜਿਨਿ-ਜਿਸ ਨੇ।੬।

ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਆਰਾ ॥ ਪੂਰਬਿ ਲਿਖਿਆ ਸੋ ਫਲੁ ਪਾਇਆ, ਜਿਨਿ ਆਪੁ ਮਾਰਿ ਪਛਾਤਾ ਹੇ ॥੭॥ ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥ ਮਨਮੁਖ ਭਰਮਿ ਭੁਲੇ ਭੇਖਧਾਰੀ, ਅੰਤ ਕਾਲਿ ਪਛਤਾਤਾ ਹੇ ॥੮॥ ਹਰਿ ਕੈ ਭਾਣੈ ਹਰਿ ਗੁਣ ਗਾਏ ॥ ਸਭਿ ਕਿਲਬਿਖ ਕਾਟੇ ਦੂਖ ਸਬਾਏ ॥ ਹਰਿ ਨਿਰਮਲੁ ਨਿਰਮਲ ਹੈ ਬਾਣੀ, ਹਰਿ ਸੇਤੀ ਮਨੁ ਰਾਤਾ ਹੇ ॥੯॥ ਜਿਸ ਨੋ ਨਦਰਿ ਕਰੇ, ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥ ਗੁਣ ਅਵਗਣ ਕਾ ਏਕੋ ਦਾਤਾ, ਗੁਰਮੁਖਿ ਵਿਰਲੀ ਜਾਤਾ ਹੇ ॥੧੦॥ ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥ ਆਪੇ ਮੇਲੈ ਗੁਰ ਸਬਦਿ ਵੀਚਾਰਾ ॥ ਆਪੇ ਬਖਸੇ ਸਚੁ ਦ੍ਰਿੜਾਏ, ਮਨੁ ਤਨੁ ਸਾਚੈ ਰਾਤਾ ਹੇ ॥੧੧॥ (ਹੇ ਭਾਈ!) ਕੋਈ ਮਨੁੱਖ ਪਿਛਲੇ ਕੀਤੇ ਕਰਮਾਂ ਦੀ ਕਮਾਈ ਮੇਟਣ ਵਾਲਾ ਨਹੀਂ ਹੈ।ਗੁਰੂ ਦੇ ਸ਼ਬਦ ਦੁਆਰਾ ਮੁਕਤੀ ਦਾ ਦਰਵਾਜਾ (ਬ੍ਰਹਮ ਗਿਆਨ) ਪ੍ਰਾਪਤ ਹੁੰਦਾ ਹੈ।ਜਿਸ ਮਨੁੱਖ ਨੇ ਆਪਾ ਭਾਵ ਨੂੰ ਮਾਰ ਕੇ ਪ੍ਰਭੂ ਦੇ ਨਾਮ ਨੂੰ ਪਛਾਣਿਆ ਹੈ, (ਉਸ ਨੇ) ਪਹਿਲੇ ਜਨਮਾਂ ਦਾ ਜੋ ਕਰਮ ਮੱਥੇ ਉਤੇ ਲਿਖਿਆ ਹੋਇਆ ਸੀ, ਉਹ ਫਲ ਹੁਣ ਪਾ ਲਿਆ ਹੈ।੭।(ਹੇ ਭਾਈ!) ਮਾਇਆ ਦੇ ਮੋਹ ਕਰਕੇ (ਮਨੁੱਖ ਦਾ) ਚਿੱਤ ਹਰੀ ਨਾਲ ਨਹੀਂ ਲਗਦਾ।ਦ੍ਵੈਤ ਭਾਵ ਵਿਚ ਫਸ ਕੇ ਅੱਗੇ ਪ੍ਰਲੋਕ ਵਿਚ (ਜੀਵ ਨੂੰ) ਬਹੁਤ ਦੁਖ ਮਿਲਦਾ ਹੈ।ਭੇਖ ਧਾਰਨ ਵਾਲੇ ਮਨਮੁਖ ਭਰਮ ਵਿਚ ਭੁੱਲੇ ਫਿਰਦੇ ਹਨ, (ਉਹ) ਅੰਤ ਵੇਲੇ ਪਛਤਾਉਂਦੇ ਹਨ।੮।(ਹੇ ਭਾਈ! ਜਿਹੜਾ ਮਨੁੱਖ) ਹਰੀ ਦੇ ਭਾਣੇ ਵਿਚ ਰਹਿ ਕੇ ਹਰੀ ਦੇ ਗੁਣ ਗਾਉਂਦਾ ਹੈ।(ਪ੍ਰਭੂ ਉਸ ਦੇ) ਸਾਰੇ ਪਾਪ ਅਤੇ ਸਾਰੇ ਦੁਖ ਕੱਟ ਦੇਂਦਾ ਹੈ।ਹਰੀ ਪਵਿਤ੍ਰ ਹੈ ਅਤੇ (ਉਸ ਦੀ) ਬਾਣੀ ਵੀ ਪਵਿਤ੍ਰ ਹੈ, (ਉਸ ਦਾ) ਮਨ ਹਰੀ ਨਾਲ ਰੰਗਿਆ ਹੋਇਆ ਹੈ।੯।(ਹੇ ਭਾਈ!) ਜਿਸ ਮਨੁੱਖ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਪਾ ਲੈਂਦਾ ਹੈ।(ਫਿਰ ਉਹ ਅਪਣੇ ਅੰਦਰੋਂ) ਹਉਮੈ ਤੇ ਮਮਤਾ ਨੂੰ ਰੋਕ ਰਖਦਾ ਹੈ।ਗੁਣਾਂ ਤੇ ਔਗਣਾਂ ਦਾ ਇਕੋ ਦਾਤਾ ਪ੍ਰਭੂ ਹੈ, (ਪਰ ਇਸ ਗੱਲ ਨੂੰ ਕਿਸੇ) ਵਿਰਲੇ ਮਨੁੱਖਾਂ ਨੇ ਗੁਰੂ ਦੁਆਰਾ ਜਾਣਿਆ ਹੈ।੧੦।(ਹੇ ਭਾਈ!) ਮੇਰਾ ਪ੍ਰਭੂ ਪਵਿਤ੍ਰ ਅਤੇ ਬੜਾ ਬੇਅੰਤ ਹੈ। ਉਹ ਆਪ ਹੀ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਬਖਸ਼ ਕੇ (ਮਨੁੱਖ ਨੂੰ ਅਪਣੇ ਨਾਲ) ਮੇਲ ਲੈਂਦਾ ਹੈ।ਪ੍ਰਭੂ ਆਪ ਹੀ (ਜਿਸ ਮਨੁੱਖ ਦੇ ਔਗਣ) ਬਖਸ਼ ਕੇ ਸੱਚਾ ਨਾਮ ਦ੍ਰਿੜ ਕਰਾਉਂਦਾ ਹੈ, (ਉਸ ਦਾ) ਮਨ ਤੇ ਸਰੀਰ ਸੱਚੇ ਪ੍ਰਭੂ ਵਿਚ ਰੰਗਿਆ ਜਾਂਦਾ ਹੈ।੧੧।

ਪਦਾਰਥ = ਕਿਰਤੁ-ਕੀਤੇ ਕਰਮਾਂ ਤੋਂ ਸੰਸਕਾਰ ਪੱਕ ਕੇ ਬਣਿਆ ਸੁਭਾਵ।ਕੈ ਸਬਦੇ-ਦੇ ਸ਼ਬਦ ਦੁਆਰਾ।ਮੋਖ ਦੁਆਰਾ-ਮੁਕਤੀ ਦਾ ਦਰਵਾਜਾ।ਪੂਰਬਿ-ਪਹਿਲੇ ਜਨਮਾਂ ਦਾ।ਸੋ-ਉਹ।ਜਿਨਿ-ਜਿਸ ਨੇ।ਆਪੁ-ਆਪਾ ਭਾਵ (ਅਪਣੱਤ)।ਪਛਾਤਾ ਹੇ-ਪਛਾਣਿਆ ਹੈ।੭ ।ਮੋਹਿ-ਮੋਹ ਕਰਕੇ।ਸਿਉ-ਨਾਲ।ਦੂਜੈ ਭਾਇ-ਹਰੀ ਨੂੰ ਛਡ ਕੇ ਕਿਸੇ ਹੋਰ ਦਾ ਪਿਆਰ।ਮਨਮੁਖ-ਗੁਰੂ ਤੋਂ ਬੇਮੁਖ ਲੋਕ।ਘਣਾ-ਬਹੁਤ।ਆਗੈ-ਪ੍ਰਲੋਕ ਵਿਚ।ਅੰਤ ਕਾਲਿ-ਅੰਤ ਵੇਲੇ।ਪਛਤਾਤਾ-ਪਛਤਾਉਂਦੇ ਹਨ।੮।ਭਾਣੈ-ਭਾਣੈ ਵਿਚ।ਗਾਏ-ਗਾਉਂਦਾ ਹੈ। ਕਿਲਬਿਖ-ਪਾਪ।ਸਬਾਏ-ਸਾਰੇ।ਨਿਰਮਲੁ-ਪਵਿਤ੍ਰ।ਸੇਤੀ-ਨਾਲ।ਰਾਤਾ-ਰੰਗਿਆ ਹੋਇਆ ਹੈ।੯।ਜਿਸ ਨੋ-ਜਿਸ ਉਤੇ।ਨਦਰਿ ਕਰੇ-ਮੇਹਰ ਦੀ ਨਜਰ ਕਰਦਾ ਹੈ।ਗੁਣ ਨਿਧਿ-ਗੁਣਾਂ ਦਾ ਖਜਾਨਾ ਪ੍ਰਭੂ।ਮੇਰਾ-ਮੈਂ ਮੇਰੀ; ਮਮਤਾ।ਠਾਕਿ ਰਹਾਏ-ਰੋਕ ਰਖਦਾ ਹੈ। ਦਾਤਾ-ਦੇਣ ਵਾਲਾ।ਗੁਰਮੁਖਿ-ਗੁਰੂ ਰਾਹੀਂ।ਵਿਰਲੀ-ਵਿਰਲੇ ਮਨੁੱਖਾਂ ਨੇ।ਜਾਤਾ ਹੇ-ਜਾਣਿਆ ਹੈ।੧੦।ਅਤਿ ਅਪਾਰਾ-ਬੜਾ ਬੇਅੰਤ ਹੈ।ਸਬਦਿ-ਸ਼ਬਦ ਦੁਆਰਾ।ਸਚੁ-ਸੱਚਾ ਨਾਮ।ਦ੍ਰਿੜਾਏ-ਪੱਕਾ ਕਰਦਾ ਹੈ।ਤਨੁ-ਸਰੀਰ।ਸਾਚੈ-ਸੱਚੇ ਪ੍ਰਭੂ ਵਿਚ।੧੧।

ਅੰਗ ੧੦੫੩ = ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥ ਹਉਮੈ ਮਾਰਿ ਸਦਾ ਮਨੁ ਨਿਰਮਲੁ , ਰਸਨਾ ਸੇਵਿ ਸੁਖ ਦਾਤਾ ਹੇ ॥੧੨॥ ਗੜ ਕਾਇਆ ਅੰਦਰਿ, ਬਹੁ ਹਟ ਬਾਜਾਰਾ ॥ ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥ ਗੁਰ ਕੈ

ਸਬਦਿ ਸਦਾ ਦਰਿ ਸੋਹੈ, ਹਉਮੈ ਮਾਰਿ ਪਛਾਤਾ ਹੇ ॥੧੩॥ ਰਤਨੁ ਅਮੋਲਕੁ ਅਗਮ ਅਪਾਰਾ ॥ ਕੀਮਤਿ ਕਵਣੁ ਕਰੇ ਵੇਚਾਰਾ ॥ ਗੁਰ ਕੈ ਸਬਦੇ ਤੋਲਿ ਤੋਲਾਏ, ਅੰਤਰਿ ਸਬਦਿ ਪਛਾਤਾ ਹੇ ॥੧੪॥ ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥ ਮੂਰਖ ਪੜਹਿ ਸਬਦੁ ਨ ਬੂਝਹਿ, ਗੁਰਮੁਖਿ ਵਿਰਲੈ ਜਾਤਾ ਹੇ ॥੧੫॥ ਆਪੇ ਕਰਤਾ ਕਰੇ ਕਰਾਏ ॥ ਸਚੀ ਬਾਨੀ ਸਚੁ ਦ੍ਰਿੜਾਏ ॥ ਨਾਨਕ ਨਾਮੁ ਮਿਲੈ ਵਡਿਆਈ, ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥ (ਹੇ ਭਾਈ! ਵਿਸ਼ੇ ਵਿਕਾਰਾਂ ਦੇ ਕਾਰਣ ਭਾਵੇਂ ਮਨੁੱਖ ਦਾ) ਮਨ ਤੇ ਸਰੀਰ ਮੈਲਾ ਹੈ, (ਪਰ) ਇਸ ਵਿਚ ਬੇਅੰਤ ਪ੍ਰਭੂ ਦੀ ਜੋਤ ਵੀ ਮੌਜੂਦ ਹੈ। ਗੁਰੂ ਦੀ ਸਿੱਖਿਆ ਦੁਆਰਾ ਵਿਚਾਰ ਕਰਕੇ (ਮਨੁੱਖ ਪ੍ਰਭੂ ਦੀ ਜੋਤ ਨੂੰ) ਸਮਝ ਸਕਦਾ ਹੈ। (ਜੋ ਮਨੁੱਖ) ਹਉਮੈ ਨੂੰ ਮਾਰ ਦੇਂਦਾ ਹੈ, (ਉਸ ਦਾ) ਮਨ ਸਦਾ ਲਈ ਪਵਿਤ੍ਰ ਹੋ ਜਾਂਦਾ ਹੈ, (ਫਿਰ ਉਹ) ਜੀਭ ਨਾਲ ਸੁਖਾਂ ਦੇ ਦਾਤੇ ਦੀ ਸੇਵਾ ਭਗਤੀ ਕਰਦਾ ਹੈ।੧੨। (ਹੇ ਭਾਈ! ਇਸ) ਸਰੀਰ ਕਿਲ੍ਹੇ ਅੰਦਰ (ਮਨ ਤੇ ਗਿਆਨ ਇੰਦ੍ਰੇ ਆਦਿਕ) ਬਹੁਤ ਹੱਟਾਂ ਤੇ ਬਜਾਰ ਹਨ। ਉਸ ਸਰੀਰ ਵਿਚ ਬੇਅੰਤ ਪ੍ਰਭੂ ਦਾ ਬਹੁਤ ਕੀਮਤੀ ਨਾਮ ਵੀ ਹੈ। (ਜਿਸ ਮਨੁੱਖ ਨੇ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ ਪ੍ਰਭੂ ਨੂੰ ਪਛਾਣ ਲਿਆ ਹੈ, (ਉਹ) ਪ੍ਰਭੂ ਦੇ ਦਰ ਤੇ ਸਦਾ ਸੋਭਾ ਪਾਉਂਦਾ ਹੈ।੧੩। (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ ਦਾ ਨਾਮ ਅਮੋਲਕ ਰਤਨ ਹੈ। ਮਨੁਖ ਵਿਚਾਰਾ ਕੌਣ ਹੈ? (ਜੋ ਇਸ ਰਤਨ ਦੀ) ਕੀਮਤ ਕਰ ਸਕਦਾ ਹੈ? (ਕੋਈ ਨਹੀਂ ਕਰ ਸਕਦਾ। ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ (ਨਾਮ ਰਤਨ ਨੂੰ) ਪਰਖ ਕੇ ਖ਼੍ਰੀਦਦਾ ਹੈ (ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਅਪਣੇ ਹਿਰਦੇ ਅੰਦਰ (ਪ੍ਰਭੂ ਨੂੰ) ਪਛਾਣਿਆ ਹੈ।੧੪। (ਹੇ ਭਾਈ!) ਸਿਮ੍ਰਤੀਆਂ ਤੇ ਸ਼ਾਂਸਤ੍ਰਾਂ ਦੇ ਕਰਮ ਕਾਂਡ ਦਾ ਬਹੁਤ ਖਿਲਾਰਾ ਪਿਆ ਹੋਇਆ ਹੈ; ਸਿਮ੍ਰਤੀਆਂ ਤੇ ਸ਼ਾਸਤ੍ਰਾਂ ਦੇ ਟੀਕਿਆਂ ਦਾ ਬਹੁਤ ਵਿਸਥਾਰ ਕੀਤਾ ਗਿਆ ਹੈ। (ਇਨ੍ਹਾਂ ਸਾਰਿਆਂ ਵਿਚ) ਮਾਇਆ ਦੇ ਮੋਹ ਦਾ ਪਸਾਰਾ ਪਸਰਿਆ ਹੋਇਆ ਹੈ। ਮੂਰਖ ਲੋਕ (ਇਨ੍ਹਾਂ ਗ੍ਰੰਥਾਂ ਨੂੰ) ਪੜ੍ਹਦੇ ਤਾਂ ਹਨ, (ਪਰ ਉਹ ਗੁਰੂ ਦੇ) ਸ਼ਬਦ ਨੂੰ ਨਹੀਂ ਸਮਝਦੇ, ਕਿਸੇ ਵਿਰਲੇ ਗੁਰਮੁਖ ਨੇ ਹੀ (ਗੁਰੂ ਦੇ ਸ਼ਬਦ ਨੂੰ) ਜਾਣਿਆ ਹੈ।੧੫। (ਹੇ ਭਾਈ! ਜੀਵਾਂ ਦੇ ਵਸ ਵਿਚ ਕੀ ਹੈ?) ਕਰਤਾਰ ਆਪ ਹੀ ਸਭ ਕੁਛ ਕਰਦਾ ਹੈ ਅਤੇ (ਜੀਵਾਂ ਪਾਸੋਂ) ਕਰਾ ਰਿਹਾ ਹੈ। (ਪ੍ਰਭੂ ਆਪ ਹੀ ਮਿਹਰ ਕਰਕੇ ਗੁਰੂ ਦੀ) ਸੱਚੀ ਬਾਣੀ ਰਾਹੀਂ (ਮਨੁੱਖ ਦੇ ਅੰਦਰ) ਸੱਚਾ ਨਾਮ ਦ੍ਰਿੜ ਕਰਾ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਪ੍ਰਭੂ ਦਾ ਨਾਮ ਮਿਲਦਾ ਹੈ (ਉਹ ਲੋਕ ਪ੍ਰਲੋਕ ਵਿਚ) ਵਡਿਆਈ ਪ੍ਰਾਪਤ ਕਰਦਾ ਹੈ ਅਤੇ (ਉਸ ਨੇ) ਜਾਣਿਆ ਹੈ ਕਿ ਹਰੇਕ ਜੁਗ ਵਿਚ ਇਕੋ ਪ੍ਰਭੂ ਮੌਜੂਦ ਰਹਿੰਦਾ ਹੈ।੧੬।੯।

ਪਦਾਰਥ = ਤਨੁ–ਸਰੀਰ। ਵਿਚਿ–(ਸਰੀਰ) ਵਿਚ। ਜੋਤਿ ਅਪਾਰਾ–ਬੇਅੰਤ ਪ੍ਰਭੂ ਦੀ ਜੋਤ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਕਰਿ ਵੀਚਾਰਾ–ਵਿਚਾਰ ਕਰਕੇ। ਨਿਰਮਲੁ–ਪਵਿਤ੍ਰ। ਰਸਨਾ–ਜੀਭ ਨਾਲ। ਸੇਵਿ–ਸੇਵਾ ਭਗਤੀ ਕਰਦਾ ਹੈ।੧੨। ਗੜ ਕਾਇਆ–ਸਰੀਰ ਰੂਪ ਕਿਲ੍ਹਾ। ਬਹੁ–ਬਹੁਤ। ਹਟ–ਹੱਟਾਂ (ਦੁਕਾਨਾਂ)। ਤਿਸੁ ਵਿਚਿ–ਉਸ ਸਰੀਰ ਵਿਚ। ਅਤਿ–ਬਹੁਤ (ਕੀਮਤੀ)। ਅਪਾਰਾ–ਬੇਅੰਤ ਪ੍ਰਭੂ ਦਾ। ਕੈ ਸ਼ਬਦਿ–ਦੇ ਸ਼ਬਦ ਦੁਆਰਾ। ਦਰਿ–ਦਰ ਉਤੇ। ਸੋਹੈ–ਸੋਭਦਾ ਹੈ। ਪਛਾਤਾ–ਪਛਾਣ ਲਿਆ ਹੈ।੧੩। ਰਤਨੁ–ਨਾਮ ਰਤਨ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਕਵਣੁ–ਕੌਣ। ਵੇਚਾਰਾ–ਲਾਚਾਰ; ਬੇਵਸ; ਗਰੀਬ। ਸਬਦੇ–ਸ਼ਬਦ ਦੁਆਰਾ। ਤੋਲਿ–ਵਿਾਰ ਕੇ; ਪਰਖ ਕੇ। ਤੋਲਾਏ–ਖ਼੍ਰੀਦਦਾ ਹੈ। ਅੰਤਰਿ–ਹਿਰਦੇ ਅੰਦਰ।੧੪। ਸਿਮ੍ਰਿਤਿ–ਰਿਖੀਆਂ ਵੱਲੋਂ ਵੇਦ ਵਾਕ ਅਤੇ ਬਜੁਰਗਾਂ ਦੇ ਉਪਦੇਸ਼ਾਂ ਨੂੰ ਚੇਤੇ ਕਰਕੇ ਲਿਖੇ ਗ੍ਰੰਥ। ਸਾਸਤ੍ਰ–ਛੇ ਸ਼ਾਸਤ੍ਰ (ਹਿੰਦੂ ਫਲਸਫੇ ਦੇ ਗ੍ਰੰਥ, ਸਾਂਖ, ਪਤੰਜਲ, ਨਿਆਇ, ਵੈਸੇਸਿਕ, ਮੀਮਾਂਸਾ ਤੇ ਵੇਦਾਂਤ)। ਬਿਸਥਾਰਾ–ਖਿਲਾਰਾ। ਪੜਹਿ–ਪੜ੍ਹਦੇ ਹਨ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਵਿਰਲੈ–ਵਿਰਲੇ ਨੇ। ਜਾਤਾ ਹੇ–ਜਾਣਿਆ ਹੈ।੧੫। ਆਪੇ ਕਰਤਾ–ਕਰਤਾਰ ਆਪ ਹੀ। ਸਚੀ ਬਾਣੀ–ਗੁਰੂ ਦੀ ਸੱਚੀ ਬਾਣੀ ਦੁਆਰਾ। ਸਚੁ–ਸੱਚਾ ਨਾਮ। ਦ੍ਰਿੜਾਏ–(ਮਨ ਵਿਚ) ਪੱਕਾ ਕਰ ਦੇਂਦਾ ਹੈ। ਜੁਗਿ ਜੁਗਿ–ਹਰੇਕ ਜੁਗ ਵਿਚ। ਏਕੋ–ਇਕੋ ਪ੍ਰਭੂ।੧੬।੯।

ਮਾਰੂ ਮਹਲਾ ੩ ॥ ਸੋ ਸਚੁ ਸੇਵਿਹੁ ਸਿਰਜਣਹਾਰਾ ॥ ਸਬਦੇ ਦੂਖ ਨਿਵਾਰਣਹਾਰਾ ॥ ਅਗਮੁ ਅਗੋਚਰੁ ਕੀਮਤਿ ਨਹੀਂ ਪਾਈ, ਆਪੇ ਅਗਮ ਅਥਾਹਾ ਹੇ ॥੧॥ ਆਪੇ ਸਚਾ ਸਚੁ ਵਰਤਾਏ ॥ ਇਕਿ ਜਨ ਸਾਚੈ ਆਪੇ ਲਾਏ ॥ ਸਾਚੋ ਸੇਵਹਿ ਸਾਚੁ ਕਮਾਵਹਿ, ਨਾਮੇ ਸਚਿ ਸਮਾਹਾ ਹੇ ॥੨॥ ਧੁਰਿ ਭਗਤਾ ਮੇਲੇ ਆਪਿ ਮਿਲਾਏ ॥ ਸਚੀ ਭਗਤੀ ਆਪੇ ਲਾਏ ॥ ਸਾਚੀ ਬਾਣੀ ਸਦਾ ਗੁਣ ਗਾਵੈ, ਇਸੁ ਜਨਮੈ ਕਾ ਲਾਹਾ ਹੇ ॥੩॥ ਗੁਰਮੁਖਿ ਵਣਜੁ ਕਰਹਿ, ਪਰੁ ਆਪੁ ਪਛਾਣਹਿ ॥ ਏਕਸ ਬਿਨੁ ਕੋ ਅਵਰੁ ਨ ਜਾਣਹਿ ॥ ਸਚਾ ਸਾਹੁ ਸਚੇ ਵਣਜਾਰੇ, ਪੂੰਜੀ ਨਾਮੁ ਵਿਸਾਹਾ ਹੇ ॥੪॥ ਆਪੇ ਸਾਜੇ ਸ੍ਰਿਸਟਿ ਉਪਾਏ ॥ ਵਿਰਲੇ ਕਉ ਗੁਰ ਸਬਦੁ ਬੁਝਾਏ ॥ ਸਤਿਗੁਰ ਸੇਵਹਿ ਸੇ ਜਨ ਸਾਚੇ, ਕਾਟੇ ਜਮ ਕਾ ਫਾਹਾ ਹੇ ॥੫॥ ਭੰਨੈ ਘੜੇ ਸਵਾਰੇ ਸਾਜੇ ॥ ਮਾਇਆ ਮੋਹਿ ਦੂਜੈ ਜੰਤ ਪਾਜੇ ॥ ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ, ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥ (ਹੇ ਭਾਈ!) ਉਸ ਸੱਚੇ ਸਿਰਜਨਹਾਰ ਪ੍ਰਭੂ ਨੂੰ ਸਿਮਰਿਆ ਕਰੋ। (ਉਹ) ਗੁਰੂ ਦੇ ਸ਼ਬਦ ਵਿਚ ਜੋੜ ਕੇ (ਮਨੁੱਖਾਂ ਦੇ ਸਾਰੇ) ਦੁੱਖ ਦੂਰ ਕਰਨ ਵਾਲਾ ਹੈ। ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਜੋ ਪ੍ਰਭੂ ਹੈ, (ਉਸ ਦੀ) ਕੀਮਤ ਨਹੀਂ ਪਾਈ ਜਾ ਸਕਦੀ, (ਉਹ) ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਅਥਾਹ ਹੈ ਅਤੇ ਅਪਣੇ ਵਰਗਾ ਉਹ ਆਪ ਹੀ ਹੈ।੧। (ਹੇ ਭਾਈ!) ਪ੍ਰਭੂ ਆਪ ਸੱਚਾ ਹੈ ਅਤੇ ਉਹ (ਗੁਰੂ ਰੂਪ ਧਾਰ ਕੇ) ਸੱਚਾ ਨਾਮ ਵਰਤਾਉਂਦਾ

ਹੈ। ਸੱਚੇ ਪ੍ਰਭੂ ਨੇ ਕਈ ਭਗਤ ਜਨ ਆਪ ਹੀ ਨਾਮ ਜਪਣ ਵਿਚ ਲਾਏ ਹੋਏ ਹਨ। (ਉਹ) ਸੱਚੇ ਨਾਮ ਨੂੰ ਸਿਮਰਦੇ ਹਨ, ਸੱਚੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ ਅਤੇ ਨਾਮ ਸਿਮਰਨ ਰਾਹੀਂ ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ।੨। (ਹੇ ਭਾਈ! ਜਿਹੜੇ) ਭਗਤ ਪ੍ਰਭੂ ਨੇ ਧੁਰ ਤੋਂ ਹੀ ਅਪਣੇ ਨਾਲ ਮੇਲੇ ਹੋਏ ਹਨ, (ਉਹ ਪ੍ਰਭੂ ਨੇ) ਆਪ ਹੀ ਅਪਣੇ ਨਾਲ ਮਿਲਾਏ ਹਨ। (ਉਹ ਭਗਤ) ਪ੍ਰਭੂ ਨੇ ਆਪ ਹੀ ਸੱਚੀ ਭਗਤੀ ਕਰਨ ਲਾਏ ਹੋਏ ਹਨ। ਸੱਚੀ ਬਾਣੀ ਦੁਆਰਾ (ਜੋ ਮਨੁੱਖ) ਸਦਾ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਸ ਨੇ) ਇਸ ਮਨੁੱਖਾ ਜਨਮ ਦਾ ਲਾਭ ਖੱਟਿਆ ਹੈ।੩। (ਹੇ ਭਾਈ!) ਗੁਰਮੁਖ ਨਾਮ ਸਿਮਰਨ ਦਾ ਵਪਾਰ ਕਰਦੇ ਹਨ, ਪਰ (ਉਹ) ਅਪਣੇ ਆਪ ਨੂੰ ਵੀ ਪਛਾਣਦੇ ਹਨ। (ਉਹ) ਇਕ ਪ੍ਰਭੂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦੇ। (ਉਨ੍ਹਾਂ) ਸੱਚੇ ਵਪਾਰੀ ਸਿੱਖਾਂ ਦਾ ਸੱਚਾ ਗੁਰੂ ਰੂਪ ਸ਼ਾਹ ਹੈ (ਉਹ ਸ਼ਰਧਾ ਰੂਪ) ਪੂੰਜੀ ਨਾਲ (ਗੁਰੂ ਸ਼ਾਹ ਪਾਸੋਂ) ਨਾਮ ਰੂਪ ਸੌਦਾ ਖ੍ਰੀਦਦੇ ਹਨ।੪। (ਹੇ ਭਾਈ!) ਪ੍ਰਭੂ ਨੇ ਆਪ ਹੀ ਪੰਜ ਤੱਤ ਪੈਦਾ ਕੀਤੇ ਹਨ, (ਫਿਰ ਤੱਤਾਂ ਰਾਹੀਂ) ਸ੍ਰਿਸਟੀ ਪੈਦਾ ਕੀਤੀ ਹੈ। (ਸ੍ਰਿਸਟੀ ਵਿਚੋਂ ਉਹ) ਕਿਸੇ ਵਿਰਲੇ ਮਨੁੱਖ ਨੂੰ ਗੁਰੂ ਦਾ ਉਪਦੇਸ਼ ਸਮਝਾਉਂਦਾ ਹੈ। (ਸ੍ਰਿਸਟੀ ਵਿਚ) ਉਹ ਮਨੁੱਖ ਸੱਚੇ ਹਨ, (ਜਿਹੜੇ) ਸਤਿਗੁਰੂ ਦੀ ਸੇਵਾ ਕਰਦੇ ਹਨ, (ਪ੍ਰਭੂ ਉਨ੍ਹਾਂ ਦਾ) ਜਮ ਦਾ ਫਾਹਾ ਕੱਟ ਦਿੰਦਾ ਹੈ।੫। (ਹੇ ਭਾਈ! ਪ੍ਰਭੂ ਆਪ ਹੀ) ਜੀਵਾਂ ਦੇ ਸਰੀਰ ਰੂਪ ਭਾਂਡੇ ਘੜਦਾ ਹੈ, (ਫਿਰ ਆਪ ਹੀ ਉਨ੍ਹਾਂ ਨੂੰ) ਭੰਨਦਾ ਹੈ, (ਉਹ ਆਪ ਹੀ ਜੀਵਾਂ ਨੂੰ) ਪੈਦਾ ਕਰਦਾ ਹੈ ਅਤੇ (ਆਪ ਹੀ ਉਨ੍ਹਾਂ ਦੇ ਜੀਵਨ ਨੂੰ ਦੈਵੀ ਗੁਣਾਂ ਨਾਲ) ਸਵਾਰ ਦੇਂਦਾ ਹੈ। ਜੀਵ ਮਾਇਆ ਦੇ ਮੋਹ ਵਿਚ ਤੇ ਦ੍ਵੈਤ ਵਿਚ ਲੱਗੇ ਹੋਏ ਹਨ। ਮਨਮੁਖ ਸਦਾ ਅੰਨ੍ਹਿਆਂ ਵਾਲੇ ਕੰਮ ਕਰਦੇ ਫਿਰਦੇ ਹਨ, (ਇਸੇ ਕਰਕੇ ਉਨ੍ਹਾਂ ਦੇ) ਗਲ ਵਿਚ ਜਮ ਦਾ ਰੱਸਾ ਫਾਹਾ ਪਿਆ ਰਹਿੰਦਾ ਹੈ।੬।

ਪਦਾਰਥ = ਸੋ ਸਚੁ–ਉਸ ਸੱਚੇ ਪ੍ਰਭੂ ਨੂੰ। ਸੇਵਿਹੁ–ਸਿਮਰਿਆ ਕਰੋ। ਸਿਰਜਣਹਾਰਾ–ਪੈਦਾ ਕਰਨ ਵਾਲਾ ਪ੍ਰਭੂ। ਸਬਦੇ–ਸ਼ਬਦ ਵਿਚ ਜੋੜ ਕੇ। ਨਿਵਾਰਣਹਾਰਾ–ਦੂਰ ਕਰਨ ਵਾਲਾ। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਆਪੇ –ਆਪ ਹੀ। ਅਥਾਹ–ਬਹੁਤ ਡੰਘਾ।੧। ਸਚਾ–ਸੱਚਾ ਪ੍ਰਭੂ। ਇਕਿ ਜਨ–ਕਈ ਭਗਤ ਜਨ। ਸਾਚੈ–ਸੱਚੇ ਪ੍ਰਭੂ ਨੇ। ਸਾਚੋ ਸੇਵਹਿ–ਸੱਚੇ ਨਾਮ ਨੂੰ ਸਿਮਰਦੇ ਹਨ। ਸਾਚੁ ਕਮਾਵਹਿ–ਸੱਚੇ ਨਾਮ ਦੀ ਕਮਾਈ ਕਰਦੇ ਹਨ। ਨਾਮੇ–ਨਾਮ ਸਿਮਰਨ ਰਾਹੀਂ। ਸਚਿ–ਸੱਚੇ ਪ੍ਰਭੂ ਵਿਚ। ਸਮਾਹਾ ਹੇ–ਲੀਨ ਹੋ ਜਾਂਦੇ ਹਨ।੨। ਧੁਰਿ–ਧੁਰ ਪ੍ਰਭੂ ਦੀ ਦਰਗਾਹ ਤੋਂ। ਸਾਚੀ ਬਾਣੀ–ਗੁਰੂ ਦੀ ਸੱਚੀ ਬਾਣੀ ਦੁਆਰਾ। ਲਾਹਾ ਹੇ–ਲਾਭ ਹੈ।੩। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਵਣਜੁ ਕਰਹਿ–ਵਪਾਰ ਕਰਦੇ ਹਨ। ਪਰੁ–ਪ੍ਰੰਤੂ; ਭਲੀ ਪ੍ਰਕਾਰ। ਆਪੁ–ਅਪਣੇ ਆਪ ਨੂੰ। ਏਕਸੁ–ਇਕ ਪ੍ਰਭੂ। ਕੋ ਅਵਰੁ–ਕਿਸੇ ਹੋਰ ਨੂੰ। ਸਾਹੁ–ਸਿਖ ਵਪਾਰੀਆਂ ਨੂੰ ਪੂੰਜੀ ਦੇਣ ਵਾਲਾ ਗੁਰੂ ਸ਼ਾਹ। ਵਣਜਾਰੇ–ਵਪਾਰੀ। ਵਿਸਾਹਾ ਹੇ–ਖ੍ਰੀਦਦੇ ਹਨ।੪। ਸਾਜੇ–ਪੈਦਾ ਕੀਤੇ। ਉਪਾਏ–ਪੈਦਾ ਕੀਤੀ ਹੈ। ਕਉ–ਨੂੰ। ਸਬਦੁ–ਉਪਦੇਸ਼। ਬੁਝਾਏ–ਸਮਝਾਉਂਦਾ ਹੈ। ਸੇਵਹਿ–ਸੇਵਾ ਕਰਦੇ ਹਨ। ਸੇ ਜਨ–ਉਹ ਮਨੁੱਖ।੫। ਭੰਨੈ–ਭੰਨਦਾ (ਤੋੜਦਾ) ਹੈ। ਘੜੇ–ਘੜਦਾ ਹੈ। ਸਵਾਰੇ–ਸਵਾਰਦਾ ਹੈ। ਮੋਹਿ–ਮੋਹ ਵਿਚ। ਦੂਜੈ–ਦ੍ਵੈਤ ਵਿਚ। ਜੰਤ–ਜੀਵ। ਪਾਜੇ–ਮਗਨ ਹਨ; ਲਗੇ ਹੋਏ ਹਨ। ਮਨਮੁਖ–ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਅੰਧੁ ਕਮਾਵਹਿ–ਅੰਨ੍ਹਿਆਂ ਵਾਲੇ ਕੰਮ ਕਰਦੇ ਹਨ। ਜੇਵੜਾ–ਰੱਸਾ। ਗਲਿ–ਗਲ ਵਿਚ।੬।

ਆਪੇ ਬਖਸੇ ਗੁਰ ਸੇਵਾ ਲਾਏ ॥ ਗੁਰਮਤੀ ਨਾਮੁ ਮੰਨਿ ਵਸਾਏ ॥ ਅਨਦਿਨੁ ਨਾਮੁ ਧਿਆਏ ਸਾਚਾ, ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥ ਆਪੇ ਸਚਾ ਸਚੀ ਨਾਈ ॥ ਗੁਰਮੁਖਿ ਦੇਵੈ ਮੰਨਿ ਵਸਾਈ ॥ ਜਿਨ ਮਨਿ ਵਸਿਆ ਸੇ ਜਨ ਸੋਹਹਿ, ਤਿਨ ਸਿਰਿ ਚੂਕਾ ਕਾਹਾ ਹੇ ॥੮॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਸਦਾ ਸਬਦਿ ਸਾਲਾਹੀ ਗੁਣ ਦਾਤਾ, ਲੇਖਾ ਕੋਇ ਨ ਮੰਗੈ ਤਾਹਾ ਹੇ ॥੯॥ ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥ ਜਿਨ ਕਉ ਨਦਰਿ ਕਰਹਿ ਤੂ ਅਪਣੀ, ਗੁਰਮੁਖਿ ਅਲਖੁ ਲਖਾਹਾ ਹੇ ॥੧੦॥ ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥ ਨਾਮੁ ਜਪੀ ਤੈ ਨਾਮੁ ਧਿਆਈ, ਮਹਲੁ ਪਾਇ ਗੁਣ ਗਾਹਾ ਹੇ ॥੧੧॥ (ਹੇ ਭਾਈ!) ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ (ਮਨੁੱਖ ਨੂੰ) ਗੁਰੂ ਦੀ ਸੇਵਾ ਵਿਚ ਲਾਉਂਦਾ ਹੈ। ਗੁਰੂ ਦੀ ਸਿੱਖਿਆ ਦੁਆਰਾ (ਪ੍ਰਭੂ ਆਪ ਹੀ ਮਨੁੱਖ ਦੇ) ਮਨ ਵਿਚ ਨਾਮ ਵਸਾਉਂਦਾ ਹੈ। (ਜੋ ਮਨੁੱਖ) ਹਰ ਰੋਜ ਪ੍ਰਭੂ ਦਾ ਸੱਚਾ ਨਾਮ ਧਿਆਉਂਦਾ ਹੈ, (ਉਹ) ਇਸ ਜਗਤ ਵਿਚ ਨਾਮ ਦਾ ਲਾਹਾ ਖਟਦਾ ਹੈ।੭। (ਹੇ ਭਾਈ!) ਪ੍ਰਭੂ ਆਪ ਸੱਚਾ ਹੈ ਅਤੇ ਉਸ ਦੀ ਵਡਿਆਈ ਵੀ ਸੱਚੀ ਹੈ। (ਉਹ) ਗੁਰੂ ਦੁਆਰਾ ਮਨੁੱਖ ਦੇ ਮਨ ਵਿਚ (ਵਡਿਆਈ) ਵਸਾ ਦੇਂਦਾ ਹੈ। ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਵਸਿਆ ਹੈ, ਉਹ ਮਨੁੱਖ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦੇ ਹਨ, ਉਨ੍ਹਾਂ ਦੇ ਸਿਰ ਤੋਂ (ਜਮ ਦਾ) ਝਗੜਾ ਮੁੱਕ ਗਿਆ ਹੈ।੮। (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ। ਗੁਰੂ ਦੀ ਕ੍ਰਿਪਾ ਨਾਲ (ਪ੍ਰਭੂ ਦੀ ਵਡਿਆਈ) ਮਨ ਵਿਚ ਵਸਾਈ ਜਾ ਸਕਦੀ ਹੈ। (ਜੋ ਮਨੁੱਖ) ਗੁਰੂ ਦੇ ਸ਼ਬਦ ਰਾਹੀਂ ਗੁਣਾਂ ਦੇ ਦਾਤੇ ਪ੍ਰਭੂ ਨੂੰ ਸਦਾ ਸਲਾਹੁੰਦਾ ਹੈ, ਉਸ ਪਾਸੋਂ ਕੋਈ ਵੀ ਲੇਖਾ ਨਹੀਂ ਮੰਗਦਾ।੯। (ਹੇ ਭਾਈ!) ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਉਸ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ। (ਪਰ ਇਹ ਸਾਰੇ ਦੇਵਤੇ) ਲੱਖਤਾ ਅਤੇ ਭੇਤ ਰਹਿਤ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ। ਹੇ ਪ੍ਰਭੂ! ਜਿਨ੍ਹਾਂ ਪੁਰਖਾਂ ਉਤੇ ਤੂੰ ਅਪਣੀ ਮੇਹਰ ਦੀ ਨਜਰ ਕਰਦਾ ਹੈਂ, (ਉਨ੍ਹਾਂ ਨੂੰ) ਤੂੰ ਗੁਰੂ ਰਾਹੀਂ ਅਪਣਾ ਅਲੱਖ ਸਰੂਪ ਲਖਾ ਦੇਂਦਾ ਹੈਂ।੧੦। (ਹੇ

ਭਾਈ!) ਮੈਂ ਪੂਰੇ ਸਤਿਗੁਰੂ ਦੁਆਰਾ ਸੋਝੀ ਪ੍ਰਾਪਤ ਕੀਤੀ ਹੈ। ਮੈਂ ਮਨ ਵਿਚ ਇਕ ਪ੍ਰਭੂ ਦਾ ਨਾਮ ਵਸਾਈ ਰਖਦਾ ਹੈ। ਜੀਭ ਨਾਲ ਮੈਂ ਨਾਮ ਜਪਦਾ ਹਾਂ, ਮਨ ਕਰਕੇ ਨਾਮ ਨੂੰ ਧਿਆਉਂਦਾ ਹਾਂ ਅਤੇ ਪ੍ਰਭੂ ਦਾ ਮਹਲ ਪਾ ਕੇ (ਉਸ ਦੇ) ਗੁਣ ਗਾਉਂਦਾ ਹਾਂ।੧੧।

ਪਦਾਰਥ = ਆਪੇ–ਆਪ ਹੀ। ਬਖਸੇ–ਬਖਸ਼ਿਸ਼ ਕਰਦਾ ਹੈ। ਮੰਨਿ–ਮਨ ਵਿਚ। ਅਨਦਿਨੁ–ਹਰ ਰੋਜ। ਜਗ ਮਹਿ–ਜਗਤ ਵਿਚ। ਲਾਹਾ –ਲਾਭ।੭। ਨਾਈ–ਵਡਿਆਈ। ਗੁਰਮੁਖਿ–ਗੁਰੂ ਰਾਹੀਂ। ਜਿਨ ਮਨਿ–ਜਿਨ੍ਹਾਂ ਦੇ ਮਨ ਵਿਚ। ਸੇ ਜਨ–ਉਹ ਮਨੁੱਖ। ਸੋਹਹਿ–ਸੋਭਾ ਪਾਉਂਦੇ ਹਨ; ਸੋਹਣੇ ਲਗਦੇ ਹਨ। ਤਿਨ ਸਿਰਿ–ਉਨ੍ਹਾਂ ਦੇ ਸਿਰ ਤੋਂ। ਚੂਕਾ–ਮੁੱਕ ਗਿਆ। ਕਾਹਾ–ਝਗੜਾ।੮। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਸਬਦਿ–ਸ਼ਬਦ ਰਾਹੀਂ। ਸਾਲਾਹੀ–ਸਲਾਹੁੰਦਾ ਹੈ। ਤਾਹਾ–ਉਸ ਪਾਸੋਂ।੯। ਰੁਦ੍ਰ–ਸ਼ਿਵ ਜੀ। ਤਿਸ ਕੀ–ਉਸ ਪ੍ਰਭੂ ਦੀ। ਨ ਪਾਵਹਿ–ਪਾ ਨਹੀਂ ਸਕਦੇ। ਅਲਖ (ਅਲੱਖ ਪੜ੍ਹੋ)–ਜਿਸ ਦਾ ਸਹੀ ਸਰੂਪ ਕਥਨ ਨਾ ਕੀਤਾ ਜਾ ਸਕੇ। ਅਭੇਵਾ–ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਜਿਨ ਕਉ–ਜਿਨ੍ਹਾਂ ਉਤੇ। ਨਦਰਿ ਕਰਹਿ–ਮੇਹਰ ਦੀ ਨਜਰ ਕਰਦਾ ਹੈਂ। ਲਖਾਹਾ–ਸਮਝਾ ਦੇਂਦਾ ਹੈਂ।੧੦। ਪੂਰੈ ਸਤਿਗੁਰਿ–ਪੂਰੇ ਸਤਿਗੁਰੂ ਦੁਆਰਾ। ਸੋਝੀ–ਸਮਝ। ਪਾਈ–ਪ੍ਰਾਪਤ ਕੀਤੀ। ਜਪੀ–ਮੈਂ ਜਪਦਾ ਹਾਂ। ਮਹਲੁ–ਪ੍ਰਭੂ ਦਾ ਘਰ। ਪਾਇ–ਪ੍ਰਾਪਤ ਕਰਕੇ। ਗਾਹਾ–ਗਾਉਂਦਾ ਹਾਂ।੧੧

ਅੰਗ ੧੦੫੪ = ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥ ਮਨਮੁਖ ਹੁਕਮੁ ਨ ਜਾਣਹਿ ਸਾਰਾ ॥ ਹੁਕਮੇ ਮੰਨੇ ਹੁਕਮੇ ਵਡਿਆਈ, ਹੁਕਮੇ ਵੇਪਰਵਾਹਾ ਹੇ ॥੧੨॥ ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਨਾਮੇ ਰਾਤਾ ਸਦਾ ਬੈਰਾਗੀ, ਨਾਮੁ ਰਤਨੁ ਮਨਿ ਤਾਹਾ ਹੇ ॥੧੩॥ ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਸਬਦੁ ਸਲਾਹਹਿ ਸੇ ਜਨ ਨਿਰਮਲ, ਨਿਜ ਘਰਿ ਵਾਸਾ ਤਾਹਾ ਹੇ ॥੧੪॥ ਸਦਾ ਭਗਤ ਤੇਰੀ ਸਰਣਾਈ ॥ ਅਗਮ ਅਗੋਚਰ ਕੀਮਤਿ ਨਹੀ ਪਾਈ ॥ ਜਿਉ ਤੁਧੁ ਭਾਵਹਿ ਤਿਉ ਤੂ ਰਾਖਹਿ, ਗੁਰਮੁਖਿ ਨਾਮੁ ਧਿਆਹਾ ਹੇ ॥੧੫॥ ਸਦਾ ਸਦਾ ਤੇਰੇ ਗੁਣ ਗਾਵਾ ॥ ਸਚੇ ਸਾਹਿਬ ਤੇਰੈ ਮਨਿ ਭਾਵਾ ॥ ਨਾਨਕੁ ਸਾਚੁ ਕਹੈ ਬੇਨੰਤੀ, ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥ (ਹੇ ਭਾਈ! ਪ੍ਰਭੂ ਦੇ) ਸੇਵਕ ਬੇਅੰਤ ਪ੍ਰਭੂ ਦਾ ਹੁਕਮ ਮੰਨ ਕੇ (ਉਸ ਦੀ) ਸੇਵਾ ਭਗਤੀ ਕਰਦੇ ਹਨ। ਮਨਮੁਖ ਬੰਦੇ ਪ੍ਰਭੂ ਦੇ ਹੁਕਮ ਦੀ ਕਦਰ ਨਹੀਂ ਜਾਣਦੇ। (ਜਿਹੜਾ ਮਨੁੱਖ ਪ੍ਰਭੂ ਦਾ) ਹੁਕਮ ਮੰਨਦਾ ਹੈ, ਹੁਕਮ ਮੰਨਣ ਕਰਕੇ (ਉਸ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ, ਪ੍ਰਭੂ ਦਾ ਹੁਕਮ ਮੰਨਣ ਨਾਲ (ਉਹ) ਬੇਪ੍ਰਵਾਹ ਹੋ ਜਾਂਦਾ ਹੈ।੧੨। (ਹੇ ਭਾਈ! ਜਿਹੜਾ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ। (ਉਹ) ਦੌੜਦੇ ਚੰਚਲ ਮਨ ਨੂੰ ਟਿਕਾਈ ਰਖਦਾ ਹੈ ਅਤੇ (ਮਨ ਨੂੰ) ਏਕਤਾ ਦੇ ਘਰ ਵਿਚ ਲੈ ਆਉਂਦਾ ਹੈ। ਅਸਲ ਬੈਰਾਗੀ ਉਹ ਮਨੁੱਖ ਹੈ, ਜੋ ਪ੍ਰਭੂ ਦੇ ਨਾਮ ਵਿਚ ਸਦਾ ਰੰਗਿਆ ਹੋਇਆ ਹੈ ਅਤੇ ਉਸ ਦੇ ਮਨ ਵਿਚ ਨਾਮ ਰਤਨ ਵਸਿਆ ਰਹਿੰਦਾ ਹੈ।੧੩। (ਹੇ ਭਾਈ!) ਸਾਰੇ ਜਗਤ ਵਿਚ ਇਕ ਉਹ ਹੀ ਪ੍ਰਭੂ ਵਰਤ ਰਿਹਾ ਹੈ। (ਉਹ) ਗੁਰੂ ਦੀ ਕਿਰਪਾ ਨਾਲ (ਮਨੁੱਖ ਦੇ ਹਿਰਦੇ ਵਿਚ) ਪ੍ਰਗਟ ਹੁੰਦਾ ਹੈ। ਉਹ ਮਨੁੱਖ ਪਵਿਤ੍ਰ ਹਨ, ਜੋ ਕਰਤਾਰ ਨੂੰ ਸਲਾਹੁੰਦੇ ਹਨ, ਉਨ੍ਹਾਂ ਦਾ ਨਿਜ ਘਰ ਵਿਚ ਵਾਸਾ ਹੁੰਦਾ ਹੈ।੧੪। (ਹੇ ਪ੍ਰਭੂ!) ਭਗਤ ਸਦਾ ਤੇਰੀ ਸਰਣ ਵਿਚ ਰਹਿੰਦੇ ਹਨ। ਹੇ ਮਨ ਬਾਣੀ ਤੋਂ ਪਰੇ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ! ਤੇਰੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾ ਸਕਦੀ (ਕਿਸੇ ਕੀਮਤ ਨਾਲ ਤੂੰ ਨਹੀਂ ਮਿਲਦਾ)। ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਤੂੰ (ਜੀਵਾਂ ਨੂੰ) ਰੱਖਦਾ ਹੈਂ, (ਜਿਸ ਜੀਵ ਉਤੇ ਤੇਰੀ ਮੇਹਰ ਹੁੰਦੀ ਹੈ, ਉਹ) ਗੁਰੂ ਦੁਆਰਾ ਤੇਰਾ ਨਾਮ ਧਿਆਉਂਦਾ ਹੈ।੧੫। ਹੇ ਸੱਚੇ ਮਾਲਕ! (ਮੇਰੇ ਉਤੇ ਕ੍ਰਿਪਾ ਕਰ) ਮੈਂ ਸਦਾ ਸਦਾ ਤੇਰੇ ਗੁਣ ਗਾਉਂਦਾ ਰਹਾਂ, (ਜਿਸ ਕਰਕੇ) ਮੈਂ ਤੇਰੇ ਮਨ ਵਿਚ ਚੰਗਾ ਲਗਦਾ ਰਹਾਂ। ਨਾਨਕ ਤੇਰੇ ਅੱਗੇ ਸੱਚੀ ਬੇਨਤੀ ਆਖਦਾ ਹੈ ਕਿ ਮੈਨੂੰ ਸੱਚਾ ਨਾਮ ਦੇਵੋਂ, ਤਾਂ ਕਿ ਮੈਂ ਤੇਰੇ ਸੱਚੇ ਸਰੂਪ ਵਿਚ ਸਮਾ ਜਾਵਾਂ।੧੬।੧।੧੦।

ਪਦਾਰਥ = ਸੇਵਹਿ–ਸੇਵਾ ਭਗਤੀ ਕਰਦੇ ਹਨ। ਮੰਨਿ–ਮੰਨ ਕੇ। ਅਪਾਰਾ–ਬੇਅੰਤ ਪ੍ਰਭੂ ਦੇ। ਮਨਮੁਖ–ਮਨ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ। ਸਾਰਾ–ਕਦਰ। ਵੇਪਰਵਾਹ–ਭੈ ਰਹਿਤ; ਇੱਛਾ ਰਹਿਤ; ਨਿਸਚਿੰਤ।੧੨। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਧਾਵਤੁ –ਦੌੜਦੇ ਮਨ ਨੂੰ। ਇਕਤੁ ਘਰਿ–ਏਕਤਾ ਦੇ ਘਰ (ਟਿਕਾਉ) ਵਿਚ। ਆਣੈ–ਲੈ ਆਉਂਦਾ ਹੈ। ਨਾਮੇ ਰਾਤਾ–ਨਾਮ ਵਿਚ ਰੰਗਿਆ। ਬੈਰਾਗੀ–ਪ੍ਰੇਮੀ; ਪਦਾਰਥਾਂ ਦੇ ਮੋਹ ਦਾ ਤਿਆਗੀ। ਮਨਿ–ਮਨ ਵਿਚ। ਤਾਹਾ–ਉਸ ਦੇ।੧੩। ਸਭ ਜਗ ਮਹਿ–ਸਾਰੇ ਜਗਤ ਵਿਚ। ਏਕੋ ਸੋਈ–ਇਕ ਉਹ ਪ੍ਰਭੂ ਹੀ। ਵਰਤੈ–ਵਰਤ ਰਿਹਾ ਹੈ; ਵਸ ਰਿਹਾ ਹੈ। ਸਬਦੁ–ਕਰਤਾਰ। ਸਲਾਹਹਿ–ਸਲਾਹੁੰਦੇ ਹਨ। ਸੇ ਜਨ–ਉਹ ਪੁਰਖ। ਨਿਰਮਲ–ਪਵਿਤ੍ਰ। ਨਿਜ ਘਰਿ–ਅਪਣੇ ਅਸਲੀ ਘਰ ਵਿਚ; ਪ੍ਰਭੂ ਦੀ ਹਜੂਰੀ ਵਿਚ। ਤਾਹਾ–ਉਨ੍ਹਾਂ ਦਾ।੧੪। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਤੁਧੁ–ਤੈਨੂੰ। ਭਾਵਹਿ–ਚੰਗਾ ਲਗਦਾ ਹੈ। ਗੁਰਮੁਖਿ–ਗੁਰੂ ਰਾਹੀਂ। ਧਿਆਹਾ ਹੇ–ਧਿਆਉਂਦਾ ਹੈ।੧੫। ਗਾਵਾ–ਮੈਂ ਗਾਵਾਂ। ਸਚੇ ਸਾਹਿਬ–ਹੇ ਸੱਚੇ ਮਾਲਕ!। ਭਾਵਾ–ਮੈਂ ਚੰਗਾ ਲੱਗਾਂ। ਨਾਨਕੁ ਕਹੈ–ਨਾਨਕ ਕਹਿੰਦਾ ਹੈ। ਸਚੁ ਦੇਵਹੁ–ਸੱਚਾ ਨਾਮ ਦੇਵੋ। ਸਚਿ–ਸੱਚੇ ਸਰੂਪ ਵਿਚ। ਸਮਾਹਾ–ਮਿਲ ਜਾਵਾਂ।੧੬।੧।੧੦।

ਮਾਰੂ ਮਹਲਾ ੩ ॥ ਸਤਿਗੁਰੁ ਸੇਵਨਿ ਸੇ ਵਡਭਾਗੀ ॥ ਅਨਦਿਨੁ ਸਾਚਿ ਨਾਮਿ ਲਿਵ ਲਾਗੀ ॥ ਸਦਾ ਸੁਖ ਦਾਤਾ ਰਵਿਆ ਘਟ ਅੰਤਰਿ ,ਸਬਦਿ ਸਚੈ ਓਮਾਹਾ ਹੇ ॥੧॥ ਨਦਰਿ ਕਰੇ ਤਾ ਗੁਰੂ ਮਿਲਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਹਰਿ ਮਨਿ ਵਸਿਆ ਸਦਾ ਸੁਖ

ਦਾਤਾ, ਸਬਦੇ ਮਨਿ ਓਮਾਹਾ ਹੇ ॥੨॥ ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥ ਹਉਮੈ ਮਮਤਾ ਸਬਦਿ ਜਲਾਏ ॥ ਸਦਾ ਮੁਕਤੁ ਰਹੈ ਇਕ ਰੰਗੀ, ਨਾਹੀ ਕਿਸੈ ਨਾਲਿ ਕਾਹਾ ਹੇ ॥੩॥ ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥ ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥ ਜੋ ਸਬਦਿ ਰਾਤੇ ਮਹਾ ਬੈਰਾਗੀ, ਸੋ ਸਚੁ ਸਬਦੇ ਲਾਹਾ ਹੇ ॥੪॥ ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ ॥ ਦੂਜਾ ਭਾਉ ਆਪਿ ਵਰਤਾਇਆ ॥ ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ, ਮਨਮੁਖ ਕਾ ਕਿਆ ਵੇਸਾਹਾ ਹੇ ॥੫॥ ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥ ਭੈ ਬਿਨੁ ਕਿਉ ਨਿਰਭਉ ਸਚੁ ਪਾਈਐ, ਜਮੁ ਕਾਢਿ ਲਏਗਾ ਸਾਹਾ ਹੇ ॥੬॥ (ਹੇ ਭਾਈ! ਜੋ ਮਨੁੱਖ) ਸਤਿਗੁਰੂ ਦੀ ਸੇਵਾ ਭਗਤੀ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ। (ਕਿਉਂਕਿ ਉਨ੍ਹਾਂ ਦੀ) ਲਿਵ ਹਰ ਰੋਜ ਪ੍ਰਭੂ ਦੇ ਸੱਚੇ ਨਾਮ ਵਿਚ ਲੱਗੀ ਰਹਿੰਦੀ ਹੈ। ਸੁੱਖਾਂ ਦਾ ਦਾਤਾ ਪ੍ਰਭੂ ਸਦਾ (ਉਨ੍ਹਾਂ ਦੇ) ਹਿਰਦੇ ਅੰਦਰ ਰਮਿਆ ਰਹਿੰਦਾ ਹੈ ਅਤੇ ਸੱਚੇ ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ ਦੇ ਹਿਰਦੇ ਵਿਚ) ਉਤਸ਼ਾਹ ਬਣਿਆ ਰਹਿੰਦਾ ਹੈ।੧। (ਹੇ ਭਾਈ! ਜੇ) ਪ੍ਰਭੂ ਮੇਹਰ ਦੀ ਨਜਰ ਕਰੇ, ਤਾਂ (ਉਹ ਮਨੁੱਖ ਨੂੰ) ਗੁਰੂ ਨਾਲ ਮਿਲਾ ਦੇਂਦਾ ਹੈ। (ਫਿਰ ਉਹ ਮਨੁੱਖ ਗੁਰੂ ਦੀ ਕ੍ਰਿਪਾ ਨਾਲ) ਪ੍ਰਭੂ ਦਾ ਨਾਮ ਅਪਣੇ ਮਨ ਵਿਚ ਵਸਾਉਂਦਾ ਹੈ। (ਜਦੋਂ ਉਸ ਦੇ) ਮਨ ਵਿਚ ਸੁਖਾਂ ਦਾ ਦਾਤਾ ਸਦਾ ਲਈ ਵਸ ਗਿਆ, ਤਾਂ ਗੁਰੂ ਦੇ ਸ਼ਬਦ ਰਾਹੀਂ (ਉਸ ਦੇ) ਮਨ ਵਿਚ ਉਤਸ਼ਾਹ ਬਣਿਆ ਰਹਿੰਦਾ ਹੈ।੨। (ਹੇ ਭਾਈ! ਜੇ) ਪ੍ਰਭੂ ਕਿਰਪਾ ਕਰੇ ਤਾਂ (ਉਹ ਮਨੁੱਖ ਨੂੰ) ਗੁਰੂ ਦੇ ਮੇਲ (ਸਤਸੰਗਤ) ਵਿਚ ਮਿਲਾਉਂਦਾ ਹੈ। (ਫਿਰ ਉਹ ਮਨੁੱਖ) ਗੁਰੂ ਦੇ ਸ਼ਬਦ ਰਾਹੀਂ ਹਉਮੈ ਮਮਤਾ ਜਲਾ ਦੇਂਦਾ ਹੈ। (ਉਹ ਮਾਇਆ ਦੇ ਬੰਧਨਾਂ ਤੋਂ) ਸਦਾ ਮੁਕਤ ਰਹਿੰਦਾ ਹੈ ਤੇ ਇਕ ਆਤਮਕ ਅਨੰਦ ਵਿਚ ਰੰਗਿਆ ਜਾਂਦਾ ਹੈ, (ਉਸ ਦਾ) ਕਿਸੇ ਨਾਲ ਝਗੜਾ ਨਹੀਂ ਰਹਿੰਦਾ।੩। (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਜੀਵਨ ਵਿਚ) ਅਗਿਆਨਤਾ ਦਾ ਘੁੱਪ ਹਨ੍ਹੇਰਾ ਬਣਿਆ ਰਹਿੰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾ ਕੋਈ ਵੀ ਮਨੁੱਖ (ਘੁਪ ਹਨ੍ਹੇਰਾ ਦਾ) ਪਾਰਲਾ ਪਾਸਾ ਪ੍ਰਾਪਤ ਨਹੀਂ ਕਰ ਸਕਦਾ। ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਹਨ, ਉਹ ਵਡੇ ਬੈਰਾਗੀ ਹਨ, ਉਹ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦੇ ਸਚੇ ਨਾਮ ਸਿਮਰਨ ਦਾ ਲਾਭ ਖੱਟਦੇ ਹਨ।੪। (ਹੇ ਭਾਈ!) ਕਰਤਾਰ ਨੇ ਦੁਖ ਤੇ ਸੁਖ ਧੁਰ ਤੋਂ (ਜੀਵ ਦੇ ਭਾਗਾਂ ਵਿਚ) ਲਿਖ ਕੇ ਪਾ ਦਿਤਾ ਹੈ। (ਜਗਤ ਵਿਚ) ਦ੍ਵੈਤ ਭਾਵ ਵੀ ਉਸ ਨੇ ਆਪ ਹੀ ਵਰਤਾਇਆ ਹੈ। (ਜੋ ਮਨੁੱਖ) ਗੁਰਮੁਖ ਹੁੰਦਾ ਹੈ, ਉਹ (ਮੋਹ ਮਾਇਆ ਤੋਂ) ਨਿਰਲੇਪ ਹੋ ਕੇ ਵਰਤਦਾ ਹੈ, (ਪਰ) ਮਨਮੁਖ ਦਾ ਕੀ ਵਿਸਾਹ ਹੈ? (ਕੋਈ ਇਤਬਾਰ ਨਹੀਂ)।੫। (ਹੇ ਭਾਈ!) ਉਹ ਮਨਮੁਖ ਹਨ, ਜੋ ਗੁਰੂ ਦੇ ਉਪਦੇਸ਼ ਨੂੰ ਨਹੀਂ ਪਛਾਣਦੇ। ਅਤੇ ਗੁਰੂ ਦੇ ਭੈ ਦੀ ਕਦਰ ਨਹੀਂ ਜਾਣਦੇ। (ਗੁਰੂ ਦਾ) ਭੈ ਧਾਰਨ ਕੀਤੇ ਬਿਨਾ ਸੱਚਾ ਨਿਰਭਉ ਪ੍ਰਭੂ ਕਿਵੇਂ ਪਾਇਆ ਜਾ ਸਕਦਾ ਹੈ? (ਨਹੀਂ ਪਾਇਆ ਜਾ ਸਕਦਾ, ਫਿਰ ਜਦੋਂ) ਜਮ ਸਾਹ ਕੱਢ ਲਵੇਗਾ (ਤਾਂ ਕੁਛ ਨਹੀਂ ਕੀਤਾ ਜਾ ਸਕੇਗਾ)।੬।

ਪਦਾਰਥ =ਸੇਵਨਿ-ਸੇਵਾ ਕਰਦੇ ਹਨ। ਸੇ-ਉਹ। ਅਨਦਿਨੁ-ਹਰ ਰੋਜ। ਸਾਚਿ ਨਾਮਿ-ਸੱਚੇ ਨਾਮ ਵਿਚ। ਰਵਿਆ-ਰਮਿਆ (ਮੌਜੂਦ) ਰਹਿੰਦਾ ਹੈ। ਘਟ ਅੰਤਰਿ-ਹਿਰਦੇ ਅੰਦਰ। ਸਬਦਿ ਸਚੈ-ਸੱਚੇ ਗੁਰੂ ਦੇ ਸ਼ਬਦ ਰਾਹੀਂ। ਓਮਾਹਾ ਹੇ-ਉਤਸ਼ਾਹ ਹੈ।੧। ਨਦਰਿ-ਮੇਹਰ ਦੀ ਨਜਰ। ਤਾ-ਤਾਂ; ਤਦ। ਮੰਨਿ-ਮਨ ਵਿਚ। ਮਨਿ-ਮਨ ਵਿਚ। ਸਬਦੈ-ਗੁਰੂ ਦੇ ਸ਼ਬਦ ਰਾਹੀਂ।੨। ਮੇਲਿ ਮਿਲਾਏ-ਸਤਸੰਗਤ ਵਿਚ ਮਿਲਾਉਂਦਾ ਹੈ; ਗੁਰੂ ਨਾਲ ਮਿਲਾ ਕੇ ਪ੍ਰਭੂ ਅਪਣੇ ਨਾਲ ਮਿਲਾਉਂਦਾ ਹੈ। ਮਮਤਾ-ਮੈਂ ਮੇਰੀ ਦੀ ਭਾਵਨਾ। ਜਲਾਏ-ਜਲਾ ਦੇਂਦਾ ਹੈ। ਇਕ ਰੰਗੀ-ਇਕ ਆਤਮਕ ਅਨੰਦ ਵਿਚ ਰੰਗਿਆ ਹੈ; ਪ੍ਰਭੂ ਦੇ ਪ੍ਰੇਮ ਵਿਚ ਮਗਨ ਹੈ। ਕਾਹਾ-ਝਗੜਾ।੩। ਬਿਨੁ ਸੇਵੇ-ਸੇਵਾ ਕੀਤੇ ਬਿਨਾ। ਘੋਰ ਅੰਧਾਰਾ—ਘੁੱਪ ਹਨ੍ਹੇਰਾ। ਨ ਪਾਵੈ ਪਾਰਾ-ਪਾਰਲਾ ਪਾਸਾ ਪ੍ਰਾਪਤ ਨਹੀਂ ਕਰ ਸਕਦਾ। ਰਾਤੇ-ਰੰਗੇ ਹੋਏ ਹਨ। ਮਹਾ ਬੈਰਾਗੀ -ਵੱਡੇ ਤਿਆਗੀ ਹਨ। ਸੋ-ਉਹ। ਸਚੁ-ਸੱਚਾ ਨਾਮ ਦਾ। ਲਾਹਾ-ਲਾਭ।੪। ਕਰਤੈ-ਕਰਤਾਰ ਨੇ। ਧੁਰਿ-ਧੁਰ ਅਪਣੀ ਹਜੂਰੀ ਤੋਂ। ਲਿਖਿ -ਲਿਖ ਕੇ। ਦੂਜਾ ਭਾਉ-ਪ੍ਰਭੂ ਤੋਂ ਬਿਨਾ ਹੋਰ ਦਾ ਪਿਆਰ। ਆਪਿ-ਪ੍ਰਭੂ ਨੇ ਆਪ ਹੀ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਸੁ-ਉਹ। ਅਲਿਪਤੋ-ਨਿਰਲੇਪ। ਮਨਮੁਖ-ਮਨ ਦਾ ਮੁਰੀਦ ਮਨੁੱਖ। ਵਿਸਾਹਾ-ਭਰੋਸਾ।੫। ਭੈ-ਡਰ; ਅਦਬ ਸਤਿਕਾਰ। ਸਾਰ-ਕਦਰ। ਨਿਰਭਉ ਸਚੁ-ਭੈ ਰਹਿਤ ਸੱਚਾ ਪ੍ਰਭੂ। ਸਾਹਾ-ਸੁਆਸ।੬।

ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥ ਸਬਦੁ ਸੁਣੇ ਤਾ ਦੂਰਹੁ ਭਾਗੈ, ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ ਹਰਿ ਜੀਉ ਕੀ ਹੈ ਸਭ ਸਿਰਕਾਰਾ ॥ ਏਹੁ ਜਮੁ ਕਿਆ ਕਰੇ ਵਿਚਾਰਾ ॥ ਹੁਕਮੀ ਬੰਦਾ ਹੁਕਮੁ ਕਮਾਵੈ, ਹੁਕਮੇ ਕਢਦਾ ਸਾਹਾ ਹੇ ॥੮॥ ਗੁਰਮੁਖਿ ਸਾਚੈ ਕੀਆ ਅਕਾਰਾ ॥ ਗੁਰਮੁਖਿ ਪਸਰਿਆ ਸਭੁ ਪਾਸਾਰਾ ॥ ਗੁਰਮੁਖਿ ਹੋਵੈ ਸੋ ਸਚੁ ਬੂਝੈ, ਸਬਦਿ ਸਚੈ ਸੁਖੁ ਤਾਹਾ ਹੇ ॥੯॥ ਗੁਰਮੁਖਿ ਜਾਤਾ ਕਰਮਿ ਬਿਧਾਤਾ ॥ ਜੁਗ ਚਾਰੇ ਗੁਰ ਸਬਦਿ ਪਛਾਤਾ ॥ ਗੁਰਮੁਖਿ ਮਰੈ ਨ ਜਨਮੈ ਗੁਰਮੁਖਿ, ਗੁਰਮੁਖਿ ਸਬਦਿ ਸਮਾਹਾ ਹੇ ॥੧੦॥ (ਹੇ ਭਾਈ!) ਜਮ ਅਮੋੜ ਹੈ, (ਉਹ ਕਿਸੇ ਪਾਸੋਂ) ਮਾਰਿਆ ਨਹੀਂ ਜਾ ਸਕਦਾ। (ਪਰ) ਗੁਰੂ ਦੇ ਸ਼ਬਦ ਵਿਚ ਜੁੜਿਆਂ (ਜਮ) ਨੇੜੇ ਨਹੀਂ ਆ ਸਕਦਾ। (ਜਦੋਂ ਜਮ ਗੁਰਮੁਖ ਦੇ ਮੂਹੋਂ) ਗੁਰੂ ਦਾ ਸ਼ਬਦ ਸੁਣਦਾ ਹੈ, ਤਾਂ (ਉਹ ਡਰਦਾ) ਦੂਰੋਂ ਹੀ ਭੱਜ ਜਾਂਦਾ ਹੈ, ਮਤਾਂ ਵੇਪ੍ਰਵਾਹ ਹਰਿ ਜੀਉ ਮਾਰ ਦੇਵੇ।੭। (ਹੇ ਭਾਈ!) ਸਾਰੀ ਸ੍ਰਿਸਟੀ ਉਤੇ ਹਰਿ ਜੀਉ ਦੀ ਸਰਕਾਰ ਹੈ; ਸਾਰੀ ਪਰਜਾ ਹਰਿ ਜੀ ਦੀ ਅਪਣੀ ਹੈ। (ਪ੍ਰਭੂ ਦੇ ਹੁਕਮ ਤੋਂ ਬਿਨਾ) ਵਿਚਾਰਾ ਏਹ ਜਮ ਕੀ ਕਰ ਸਕਦਾ ਹੈ? (ਜਮ

ਪ੍ਰਭੂ ਦੇ) ਹੁਕਮ ਵਿਚ ਚੱਲਣ ਵਾਲਾ ਗੁਲਾਮ ਹੈ, (ਉਹ ਪ੍ਰਭੂ ਦਾ) ਹੁਕਮ ਕਮਾਉਂਦਾ ਹੈ ਅਤੇ (ਜਮ ਪ੍ਰਭੂ ਦੇ) ਹੁਕਮ ਨਾਲ ਹੀ (ਜੀਵਾਂ ਦੇ ਅੰਦਰੋਂ) ਸਾਹ ਕੱਢਦਾ ਹੈ।੮।(ਹੇ ਭਾਈ!) ਗੁਰਮੁਖ ਜਾਣਦਾ ਹੈ ਕਿ ਸੱਚੇ ਪ੍ਰਭੂ ਨੇ ਜਗਤ ਅਕਾਰ ਪੈਦਾ ਕੀਤਾ ਹੈ।ਗੁਰਮੁਖ ਜਾਣਦਾ ਹੈ ਕਿ ਸਾਰੇ ਜਗਤ ਪਸਾਰੇ ਵਿਚ ਪ੍ਰਭੂ ਪਸਰਿਆ ਹੋਇਆ ਹੈ।ਜੋ ਗੁਰਮੁਖ ਹੁੰਦਾ ਹੈ, ਉਹ ਸੱਚੇ ਪ੍ਰਭੂ ਨੂੰ ਸਮਝਦਾ ਹੈ, ਸੱਚੇ ਗੁਰੂ ਦੇ ਸ਼ਬਦ ਦੁਆਰਾ ਉਸ ਨੂੰ ਸੁਖ ਪ੍ਰਾਪਤ ਹੁੰਦਾ ਹੈ।੯।(ਹੇ ਭਾਈ!) ਗੁਰਮੁਖ ਨੇ ਜਾਣਿਆ ਹੈ ਕਿ ਪ੍ਰਭੂ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ।(ਗੁਰਮੁਖ) ਗੁਰੂ ਦੇ ਸ਼ਬਦ ਦੁਆਰਾ ਚਾਰੇ ਜੁਗਾਂ ਵਿਚ ਪ੍ਰਭੂ ਨੂੰ ਵਿਆਪਕ ਪਛਾਣਦਾ ਹੈ।ਗੁਰਮੁਖ ਨਾ ਮਰਦਾ ਹੈ, ਗੁਰਮੁਖ ਨਾ ਜੰਮਦਾ ਹੈ, ਗੁਰਮੁਖ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦਾ ਹੈ।੧੦।

ਅੰਗ ੧੦੫੫ = ਗੁਰਮੁਖਿ ਨਾਮਿ ਸਬਦਿ ਸਾਲਾਹੇ ॥ ਅਗਮ ਅਗੋਚਰ ਵੇਪਰਵਾਹੇ ॥ ਏਕ ਨਾਮਿ ਜੁਗ ਚਾਰਿ ਉਧਾਰੇ, ਸਬਦੇ ਨਾਮ ਵਿਸਾਹਾ ਹੇ ॥੧੧॥ ਗੁਰਮੁਖ ਨਾਮ ਵਿਚ ਜੁੜਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਅਗਮ ਅਗੋਚਰ ਬੇਪ੍ਰਵਾਹ ਪ੍ਰਭੂ ਨੂੰ ਸਲਾਹੁੰਦਾ ਹੈ।ਪ੍ਰਭੂ ਦੇ ਇਕ ਨਾਮ ਨੇ ਚਾਰੇ ਜੁਗਾਂ ਦੇ ਲੋਕ ਉਧਾਰ ਦਿਤੇ ਹਨ, ਪ੍ਰਭੂ ਦਾ ਨਾਮ ਗੁਰੂ ਦੇ ਸ਼ਬਦ ਰਾਹੀਂ ਖ੍ਰੀਦਿਆ ਜਾਂਦਾ ਹੈ।੧੧।

ਪਦਾਰਥ = ਅਫਰਿਓ–ਨਾ ਮੁੜਨ ਵਾਲਾ; ਨਾ ਟਲਣ ਵਾਲਾ।ਸਬਦੇ–ਸ਼ਬਦ ਵਿਚ ਜੁੜਿਆਂ।ਦੂਰਹੁ–ਦੂਰੋਂ ਹੀ।ਭਾਗੈ–ਭੱਜ ਜਾਂਦਾ ਹੈ।ਮਤੁ–ਮਤਾਂ; ਕਿਤੇ ਐਸਾ ਨਾ ਹੋਵੇ ਕਿ।ਮਾਰੇ–ਮਾਰ ਦੇਵੇ।੭।ਸਭ–ਸਾਰੀ ਸ੍ਰਿਸਟੀ।ਸਿਰਕਾਰਾ–ਸਰਕਾਰ; ਪਰਜਾ।ਹੁਕਮੀ ਬੰਦਾ–ਹੁਕਮ ਵਿਚ ਚੱਲਣ ਵਾਲਾ ਗੁਲਾਮ।ਹੁਕਮੁ ਕਮਾਵੈ–(ਪ੍ਰਭੂ ਦੇ) ਹੁਕਮ ਅਨੁਸਾਰ ਕੰਮ ਕਰਦਾ ਹੈ।ਹੁਕਮੇ–ਹੁਕਮ ਨਾਲ ਹੀ।ਸਾਹਾ–ਸੁਆਸ।੮।ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਸਾਚੈ–ਸੱਚੇ ਪ੍ਰਭੂ ਨੇ।ਅਕਾਰਾ–ਜਗਤ ਦਾ ਅਕਾਰ।ਸੋ–ਉਹ।ਸਚੁ–ਸੱਚੇ ਪ੍ਰਭੂ ਨੂੰ।ਸਬਦਿ ਸਚੈ–ਸੱਚੇ ਗੁਰੂ ਦੇ ਸ਼ਬਦ ਦੁਆਰਾ।ਤਾਹਾ–ਉਸ ਨੂੰ।੯।ਕਰਮਿ–ਕਰਮਾਂ ਅਨੁਸਾਰ।ਬਿਧਾਤਾ–ਫਲ ਦੇਣ ਵਾਲਾ ਪ੍ਰਭੂ।ਜੁਗ ਚਾਰੇ–ਚਾਰੇ ਜੁਗਾਂ ਵਿਚ।ਸਬਦਿ–ਸ਼ਬਦ ਵਿਚ।ਸਮਾਹਾ ਹੇ–ਲੀਨ ਰਹਿੰਦਾ ਹੈ।੧੦।ਨਾਮਿ–ਨਾਮ ਵਿਚ।ਸਾਲਾਹੇ–ਸਲਾਹੁੰਦਾ ਹੈ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਏਕ ਨਾਮਿ–ਇਕ ਨਾਮ ਨੇ।ਉਧਾਰੇ–ਮੁਕਤ ਕਰ ਦਿਤੇ ਹਨ।ਵਿਸਾਹਾ–ਖ੍ਰੀਦਿਆ ਜਾਂਦਾ ਹੈ; ਭਰੋਸਾ ਹੁੰਦਾ ਹੈ।੧੧।

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥ ਗੁਰਮੁਖਿ ਹਿਰਦੈ ਨਾਮੁ ਵਸਾਏ ॥ ਗੁਰਮੁਖਿ ਹੋਵੈ ਸੋ ਨਾਮੁ ਬੂਝੈ, ਕਾਟੇ ਦੁਰਮਤਿ ਫਾਹਾ ਹੇ ॥੧੨॥ ਗੁਰਮੁਖਿ ਉਪਜੈ ਸਾਚਿ ਸਮਾਵੈ ॥ ਨਾ ਮਰਿ ਜੰਮੈ ਨਾ ਜੂਨੀ ਪਾਵੈ ॥ ਗੁਰਮੁਖਿ ਸਦਾ ਰਹਹਿ ਰੰਗਿ ਰਾਤੇ, ਅਨਦਿਨੁ ਲੈਦੇ ਲਾਹਾ ਹੇ ॥੧੩॥ ਗੁਰਮੁਖਿ ਭਗਤ ਸੋਹਹਿ ਦਰਬਾਰੇ ॥ ਸਚੀ ਬਾਣੀ ਸਬਦਿ ਸਵਾਰੇ ॥ ਅਨਦਿਨੁ ਗੁਣ ਗਾਵੈ ਦਿਨੁ ਰਾਤੀ, ਸਹਜ ਸੇਤੀ ਘਰਿ ਜਾਹਾ ਹੇ ॥੧੪॥ ਸਤਿਗੁਰੁ ਪੂਰਾ ਸਬਦੁ ਸੁਣਾਏ ॥ ਅਨਦਿਨੁ ਭਗਤਿ ਕਰਹੁ ਲਿਵ ਲਾਏ ॥ ਹਰਿ ਗੁਣ ਗਾਵਹਿ ਸਦ ਹੀ ਨਿਰਮਲ, ਨਿਰਮਲ ਗੁਣ ਪਾਤਿਸਾਹਾ ਹੇ ॥੧੫॥ ਗੁਣ ਕਾ ਦਾਤਾ ਸਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਨਕ ਜਨੁ ਨਾਮੁ ਸਲਾਹੇ ਬਿਗਸੈ, ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥ (ਹੇ ਭਾਈ!) ਗੁਰਮੁਖ ਸਦਾ ਸ਼ਾਂਤੀ ਅਤੇ ਆਤਮਕ ਸੁਖ ਪ੍ਰਾਪਤ ਕਰਦਾ ਹੈ।ਗੁਰਮੁਖ ਅਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਈ ਰਖਦਾ ਹੈ।(ਜਿਹੜਾ) ਗੁਰਮੁਖ ਹੁੰਦਾ ਹੈ, ਉਹ ਨਾਮ ਨੂੰ ਸਮਝਦਾ ਹੈ, (ਇਉਂ ਉਹ) ਖੋਟੀ ਮੱਤ ਦੀ ਫਾਹੀ ਕੱਟ ਲੈਂਦਾ ਹੈ।੧੨।(ਹੇ ਭਾਈ!) ਜਿਸ ਪ੍ਰਭੂ ਤੋਂ ਗੁਰਮੁਖ ਪੈਦਾ ਹੁੰਦਾ ਹੈ, ਉਸੇ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।(ਉਹ ਮੁੜ ਕੇ) ਮਰਦਾ ਜੰਮਦਾ ਨਹੀਂ ਅਤੇ ਨਾ ਹੀ (ਉਸ ਨੂੰ ਕਿਸੇ) ਜੂਨ ਵਿਚ ਪਾਇਆ ਜਾਂਦਾ ਹੈ।ਗੁਰਮੁਖ ਸਦਾ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਹਰ ਰੋਜ (ਨਾਮ ਸਿਮਰਨ ਦਾ) ਲਾਹਾ ਲੈਂਦੇ ਹਨ।੧੩।(ਹੇ ਭਾਈ!) ਗੁਰਮੁਖ ਭਗਤ ਪ੍ਰਭੂ ਦੇ ਦਰਬਾਰ ਵਿਚ ਸੋਭਾ ਪਾਉਂਦੇ ਹਨ।(ਉਨ੍ਹਾਂ ਦੇ ਜੀਵਨ ਗੁਰੂ ਦੀ) ਸੱਚੀ ਬਾਣੀ ਅਤੇ ਗੁਰੂ ਦੇ ਸ਼ਬਦ ਰਾਹੀਂ ਸਵਾਰੇ ਜਾਂਦੇ ਹਨ। (ਗੁਰਮੁਖ) ਹਰ ਰੋਜ ਦਿਨ ਰਾਤ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਹ) ਪੂਰੇ ਅਨੰਦ ਨਾਲ ਪ੍ਰਭੂ ਦੇ ਘਰ ਵਿਚ ਪਹੁੰਚ ਜਾਂਦਾ ਹੈ।੧੪। (ਹੇ ਭਾਈ!) ਪੂਰਾ ਸਤਿਗੁਰੂ ਉਪਦੇਸ਼ ਸੁਣਾਉਂਦਾ ਹੈ।ਅਤੇ (ਗੁਰ ਸਿੱਖਾਂ ਨੂੰ ਆਖਦਾ ਹੈ ਕਿ) ਹਰ ਰੋਜ ਲਿਵ ਲਾ ਕੇ ਪ੍ਰਭੂ ਦੀ ਭਗਤੀ ਕਰਿਆ ਕਰੋ।(ਜਿਹੜੇ ਮਨੁੱਖ) ਹਰੀ ਦੇ ਗੁਣ ਗਾਉਂਦੇ ਹਨ, ਉਹ ਸਦਾ ਹੀ ਪਵਿਤ੍ਰ ਹਨ, (ਉਹ) ਪਵਿਤ੍ਰ ਗੁਣਾਂ ਵਾਲੇ ਪਾਤਸ਼ਾਹ ਦਾ ਰੂਪ ਹੋ ਜਾਂਦੇ ਹਨ।੧੫।(ਹੇ ਭਾਈ!) ਉਹ ਹੀ ਸੱਚਾ ਪ੍ਰਭੂ ਗੁਣਾਂ ਦਾ ਦਾਤਾ ਹੈ।(ਪਰ ਇਸ ਗੱਲ ਨੂੰ) ਕੋਈ ਵਿਰਲਾ ਗੁਰਮੁਖ ਹੀ ਸਮਝਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ) ਸੇਵਕ ਪ੍ਰਭੂ ਦੇ ਨਾਮ ਨੂੰ ਸਲਾਹੁੰਦਾ ਹੈ, ਉਹ ਖਿੜਿਆ ਰਹਿੰਦਾ ਹੈ ਅਤੇ ਉਹ ਪ੍ਰਭੂ ਦਾ ਨਾਮ ਜਪ ਕੇ ਬੇਪ੍ਰਵਾਹ ਹੋ ਜਾਂਦਾ ਹੈ।੧੬।੨।੧੧।

ਪਦਾਰਥ = ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਪਾਏ–ਪਾਉਂਦਾ ਹੈ।ਹਿਰਦੈ–ਹਿਰਦੇ ਵਿਚ।ਸੋ–ਉਹ।ਦੁਰਮਤਿ ਫਾਹਾ–ਖੋਟੀ ਮੱਤ ਦੀ ਫਾਹੀ।੧੨।ਉਪਜੈ–ਪੈਦਾ ਹੁੰਦਾ ਹੈ।ਸਾਚਿ–ਸੱਚੇ ਪ੍ਰਭੂ ਵਿਚ।ਸਮਾਵੈ–ਮਿਲ ਜਾਂਦਾ ਹੈ।ਨ ਮਰਿ ਜੰਮੈ–ਮਰਦਾ ਜੰਮਦਾ ਨਹੀਂ।ਰੰਗਿ–ਪ੍ਰੇਮ ਰੰਗ ਵਿਚ।ਰਹਹਿ ਰਾਤੇ–ਰੰਗੇ ਰਹਿੰਦੇ ਹਨ।ਅਨਦਿਨੁ–ਹਰ ਰੋਜ।ਲਾਹਾ–ਲਾਭ।੧੩।ਸੋਹਹਿ–ਸੋਭਾ ਪਾਉਂਦੇ ਹਨ।ਦਰਬਾਰੇ–ਪ੍ਰਭੂ ਦੇ ਦਰਬਾਰ ਵਿਚ।ਸਚੀ ਬਾਣੀ–ਗੁਰੂ ਦੀ ਸੱਚੀ ਬਾਣੀ ਨਾਲ।ਸਬਦਿ–ਗੁਰੂ ਦੇ ਸ਼ਬਦ ਰਾਹੀਂ।ਸਵਾਰੇ–ਸੁਧਾਰੇ ਜਾਂਦੇ ਹਨ।ਗਾਵੈ (ਇਕ ਵਚਨ)–ਗਾਉਂਦਾ ਹੈ।ਰਾਤੀ–ਰਾਤ।ਸਹਜ ਸੇਤੀ–ਪੂਰੇ ਅਨੰਦ ਨਾਲ (ਸ਼ਬਦਾਰਥ)।ਘਰਿ–ਪ੍ਰਭੂ ਦੇ ਘਰ ਵਿਚ।

ਜਾਹਾ ਹੇ–ਜਾਂਦਾ ਹੈ।੧੪।ਭਗਤਿ ਕਰਹੁ–ਭਗਤੀ ਕਰੋ।ਲਿਵ ਲਾਇ–ਸੁਰਤ ਜੋੜ ਕੇ।ਸਦ ਹੀ–ਸਦਾ ਹੀ।ਨਿਰਮਲ–ਪਵਿਤ੍ਰ।੧੫। ਸਚਾ ਸੋਈ–ਉਹ ਹੀ ਸੱਚਾ ਪ੍ਰਭੂ।ਜਨੁ–ਸੇਵਕ।ਸਲਾਹੇ–ਸਲਾਹੁੰਦਾ ਹੈ।ਬਿਗਸੈ–ਖਿੜਿਆ ਰਹਿੰਦਾ ਹੈ।ਸੋ–ਉਹ।੧੬।੨।੧੧।

ਮਾਰੂ ਮਹਲਾ ੩ ॥ ਹਰਿ ਜੀਉ ਸੇਵਿਹੁ ਅਗਮ ਅਪਾਰਾ ॥ ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥ ਗੁਰ ਪਰਸਾਦਿ ਰਵਿਆ ਘਟ ਅੰਤਰਿ, ਤਿਤੁ ਘਟਿ ਮਤਿ ਅਗਾਹਾ ਹੇ ॥੧॥ ਸਭ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ,ਦੇਦਾ ਰਿਜਕੁ ਸੰਬਾਹਾ ਹੇ ॥੨॥ ਪੂਰੈ ਸਤਿਗੁਰਿ ਬੂਝਿ ਬੁਝਾਇਆ ॥ ਹੁਕਮੇ ਹੀ ਸਭੁ ਜਗਤੁ ਉਪਾਇਆ ॥ ਹੁਕਮੁ ਮੰਨੇ ਸੋਈ ਸੁਖੁ ਪਾਏ, ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥ ਸਚਾ ਸਤਿਗੁਰੁ ਸਬਦੁ ਅਪਾਰਾ ॥ ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥ ਆਪੇ ਕਰਤਾ ਕਰਿ ਕਰਿ ਵੇਖੈ, ਦੇਦਾ ਸਾਸ ਗਿਰਾਹਾ ਹੇ ॥੪॥ ਕੋਟਿ ਮਧੇ ਕਿਸਹਿ ਬੁਝਾਏ ॥ ਗੁਰ ਕੈ ਸਬਦਿ ਰਤੇ ਰੰਗੁ ਲਾਏ ॥ ਹਰਿ ਸਾਲਾਹਹਿ ਸਦਾ ਸੁਖ ਦਾਤਾ, ਹਰਿ ਬਖਸੇ ਭਗਤਿ ਸਲਾਹਾ ਹੇ ॥੫॥ ਸਤਿਗੁਰੁ ਸੇਵਹਿ ਸੇ ਜਨ ਸਾਚੇ ॥ ਜੋ ਮਰਿ ਜੰਮਹਿ ਕਾਚਨਿ ਕਾਚੇ ॥ ਅਗਮ ਅਗੋਚਰ ਵੇਪਰਵਾਹਾ, ਭਗਤਿ ਵਛਲੁ ਅਥਾਹਾ ਹੇ ॥੬॥ (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹਰਿ ਜੀਉ ਦੀ ਸੇਵਾ ਭਗਤੀ ਕਰਿਆ ਕਰੋ।ਉਸ ਪ੍ਰਭੂ ਦੇ ਉਰਲਾ ਤੇ ਪਾਰਲਾ ਪਾਸੇ ਦਾ ਅੰਤ ਨਹੀਂ ਪਾਇਆ ਜਾ ਸਕਦਾ।ਗੁਰੂ ਦੀ ਕ੍ਰਿਪਾ ਨਾਲ ਪ੍ਰਭੂ (ਜਿਸ ਮਨੁੱਖ ਦੇ) ਹਿਰਦੇ ਅੰਦਰ ਵਸਿਆ ਹੈ, ਉਸ ਦੇ ਹਿਰਦੇ ਵਿਚ ਅਥਾਹ ਮੱਤ ਪ੍ਰਗਟ ਹੁੰਦੀ ਹੈ।੧।(ਹੇ ਭਾਈ!) ਸਾਰੇ ਜੀਵਾਂ ਵਿਚ ਇਕ ਉਹ ਪ੍ਰਭੂ ਹੀ ਵਰਤ ਰਿਹਾ ਹੈ।(ਪਰ ਉਹ) ਗੁਰੂ ਦੀ ਕ੍ਰਿਪਾ ਨਾਲ ਪਰਗਟ ਹੁੰਦਾ ਹੈ। ਜਗਤ ਦਾ ਜੀਵਨ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ ਅਤੇ (ਸਭ ਨੂੰ) ਰਿਜਕ ਪਹੁੰਚਾ ਦੇਂਦਾ ਹੈ।੨।(ਹੇ ਭਾਈ!) ਪੂਰੇ ਸਤਿਗੁਰੂ ਨੇ ਆਪ ਸਮਝ ਕੇ (ਜਗਤ ਨੂੰ) ਸਮਝਾਇਆ ਹੈ।ਕਿ ਪ੍ਰਭੂ ਨੇ ਅਪਣੇ ਹੁਕਮ ਨਾਲ ਹੀ ਸਾਰੇ ਜਗਤ ਨੂੰ ਪੈਦਾ ਕੀਤਾ ਹੈ।(ਜੋ ਮਨੁੱਖ) ਪ੍ਰਭੂ ਦਾ ਹੁਕਮ ਮੰਨਦਾ ਹੈ, ਉਹ ਹੀ ਸੁਖ ਪਾਉਂਦਾ ਹੈ, ਸ਼ਾਹਾਂ ਪਾਤਸ਼ਾਹਾ ਦੇ ਸਿਰ ਉਤੇ ਵੀ (ਉਸੇ ਦਾ) ਹੁਕਮ ਚਲ ਰਿਹਾ ਹੈ।੩। (ਹੇ ਭਾਈ!) ਸਤਿਗੁਰੂ ਸੱਚਾ ਹੈ ਅਤੇ ਉਸ ਦਾ ਸ਼ਬਦ ਬੇਅੰਤ ਹੈ।ਉਸ ਦੇ ਸ਼ਬਦ ਵਿਚ ਜੁੜ ਕੇ ਸਾਰਾ ਸੰਸਾਰ ਤਰ ਸਕਦਾ ਹੈ।(ਗੁਰੂ ਦਸਦਾ ਹੈ ਕਿ) ਕਰਤਾਰ ਆਪ ਹੀ ਜੀਵਾਂ ਨੂੰ ਪੈਦਾ ਕਰ ਕਰਕੇ ਦੇਖਦਾ (ਸੰਭਾਲਦਾ) ਹੈ, (ਉਹ ਸਭ ਨੂੰ) ਸੁਆਸ ਅਤੇ ਭੋਜਨ ਦੇਂਦਾ ਹੈ।੪।(ਹੇ ਭਾਈ!) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਮਨੁੱਖ ਨੂੰ ਪ੍ਰਭੂ ਸੂਝ ਬੂਝ ਬਖਸ਼ਦਾ ਹੈ।(ਜਿਹੜੇ ਮਨੁੱਖ) ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਹਨ, ਉਹ ਪ੍ਰਭੂ ਨਾਲ ਪ੍ਰੇਮ ਲਾਉਂਦੇ ਹਨ।(ਫਿਰ ਉਹ) ਸੁੱਖਾਂ ਦੇ ਦਾਤੇ ਪ੍ਰਭੂ ਨੂੰ ਸਦਾ ਸਲਾਹੁੰਦੇ ਰਹਿੰਦੇ ਹਨ, (ਉਨ੍ਹਾਂ ਨੂੰ) ਪ੍ਰਭੂ ਹੋਰ ਭਗਤੀ ਤੇ ਸਿਫਤ ਸਲਾਹ ਦੀ ਦਾਤ ਬਖਸ਼ ਦੇਂਦਾ ਹੈ।੫।(ਹੇ ਭਾਈ!) ਉਹ ਮਨੁੱਖ ਸੱਚੇ ਜੀਵਨ ਵਾਲੇ ਹਨ, (ਜਿਹੜੇ) ਸਤਿਗੁਰੂ ਦੀ ਸੇਵਾ ਕਰਦੇ ਹਨ।ਜੋ (ਮਨੁੱਖ ਸਤਿਗੁਰੂ ਦੀ ਸੇਵਾ ਨਹੀਂ ਕਰਦੇ, ਉਹ) ਕੱਚਿਆਂ ਤੋਂ ਵੀ ਕੱਚੇ ਹਨ ਅਤੇ ਮਰਦੇ ਜੰਮਦੇ ਰਹਿੰਦੇ ਹਨ।ਅਗਮ ਅਗੋਚਰ ਵੇਪ੍ਰਵਾਹ ਅਤੇ ਬੇਅੰਤ ਪ੍ਰਭੂ ਭਗਤੀ ਭਾਵ ਨਾਲ ਪਿਆਰ ਕਰਨ ਵਾਲਾ ਹੈ।੬।

ਪਦਾਰਥ = ਸੇਵਿਹੁ–ਸੇਵਾ ਭਗਤੀ ਕਰਿਆ ਕਰੋ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰਾ–ਬੇਅੰਤ।ਤਿਸ ਦਾ–ਉਸ ਦਾ। ਪਾਰਾਵਾਰਾ–ਉਰਲਾ ਤੇ ਪਾਰਲਾ ਪਾਸਾ।ਗੁਰ ਪਰਸਾਦਿ–ਗੁਰੂ ਦੀ ਕਿਰਪਾ ਨਾਲ।ਰਵਿਆ–ਵਸਿਆ ਹੈ।ਘਟ ਅੰਤਰਿ–ਹਿਰਦੇ ਅੰਦਰ ।ਤਿਤੁ ਘਟ–ਉਸ ਹਿਰਦੇ ਵਿਚ।ਮਤਿ–ਅਕਲ; ਗਿਆਨ।ਅਗਾਹਾ–ਅਥਾਹ।੧।ਸਭ ਮਹਿ–ਸਾਰੇ ਜੀਵਾਂ ਵਿਚ।ਵਰਤੈ–ਵਸਦਾ ਹੈ; ਵਿਆਪਕ ਹੈ।ਏਕੋ–ਇਕ ਪ੍ਰਭੂ।ਸੋਈ–ਉਹ ਹੀ।ਸਭਨਾ–ਸਾਰੇ ਜੀਵਾਂ ਦੀ।ਪ੍ਰਤਿਪਾਲ ਕਰੇ–ਪਾਲਣਾ ਕਰਦਾ ਹੈ।ਜਗਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ।ਸੰਬਾਹਾ ਹੇ–ਪਹੁੰਚਾਉਂਦਾ ਹੈ।੨।ਪੂਰੈ ਸਤਿਗੁਰਿ–ਪੂਰੇ ਸਤਿਗੁਰੂ ਨੇ।ਬੂਝਿ–ਸਮਝ ਕੇ।ਬੁਝਾਇਆ–ਸਮਝਾਇਆ ਹੈ।ਹੁਕਮੇ ਹੀ–ਹੁਕਮ ਨਾਲ ਹੀ।ਉਪਾਇਆ–ਪੈਦਾ ਕੀਤਾ ਹੈ।ਸਿਰਿ–ਸਿਰ ਉਤੇ।ਸਾਹਾ–ਸ਼ਾਹੂਕਾਰ।ਪਾਤਿਸਾਹਾ–ਬਾਦਸ਼ਾਹ।੩।ਸਬਦੁ–ਉਪਦੇਸ਼।ਤਿਸ ਦੇ–ਉਸ (ਗੁਰੂ) ਦੇ।ਸਬਦਿ–ਸ਼ਬਦ ਵਿਚ ਜੁੜ ਕੇ।ਨਿਸਤਰੈ–ਤਰ ਸਕਦਾ ਹੈ।ਕਰਤਾ–ਕਰਤਾਰ।ਕਰਿ ਕਰਿ–ਪੈਦਾ ਕਰ ਕਰਕੇ।ਵੇਖੈ–ਸੰਭਾਲਦਾ ਹੈ।ਸਾਸ–ਸੁਆਸ।ਗਿਰਾਹਾ–ਭੋਜਨ।੪।ਕੋਟਿ ਮਧੇ–ਕ੍ਰੋੜਾਂ ਵਿਚੋਂ। ਕਿਸਹਿ–ਕਿਸੇ ਵਿਰਲੇ ਨੂੰ।ਬੁਝਾਏ–ਸੂਝ ਬੂਝ ਬਖਸ਼ਦਾ ਹੈ।ਰਤੇ–ਰੰਗੇ ਹੋਏ ਹਨ।ਰੰਗੁ ਲਾਏ–ਪ੍ਰੇਮ ਲਾਉਂਦੇ ਹਨ।ਸਾਲਾਹਹਿ–ਸਲਾਹੁੰਦੇ ਹਨ।ਸਲਾਹਾ–ਸਿਫਤ ਸਲਾਹ।੫।ਸੇਵਹਿ–ਸੇਵਾ ਕਰਦੇ ਹਨ।ਸੇ ਜਨ–ਉਹ ਮਨੁੱਖ।ਸਾਚੇ–ਸੱਚੇ ਜੀਵਨ ਵਾਲੇ।ਮਰਿ ਜੰਮਹਿ–ਮਰਦੇ ਜੰਮਦੇ ਹਨ।ਕਾਚਨਿ ਕਾਚੇ–ਅਤਿਅੰਤ ਸ਼ਧਾ ਹੀਣ; ਪ੍ਰਮਾਰਥ ਵਿਚ ਲਗ ਕੇ ਛੇਤੀ ਟੁੱਟ ਜਾਣ ਵਾਲੇ ਮਨੁੱਖ।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਭੂ।ਅਥਾਹਾ–ਬਹੁਤ ਡੂੰਘਾ।੬।

ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥ ਸਚੈ ਸਬਦਿ ਸਦਾ ਗੁਣ ਗਾਏ ॥ ਗੁਣ ਦਾਤਾ ਵਰਤੈ ਸਭ ਅੰਤਰਿ, ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥ ਸਦਾ ਹਦੂਰਿ ਗੁਰਮੁਖਿ ਜਾਪੈ ॥ ਸਬਦੇ ਸੇਵੈ ਸੋ ਜਨੁ ਧ੍ਰਾਪੈ ॥ ਅਨਦਿਨੁ ਸੇਵਹਿ ਸਚੀ ਬਾਣੀ, ਸਬਦਿ ਸਚੈ ਓਮਾਹਾ ਹੇ ॥੮॥ ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥ ਮਨਹਠਿ ਕਰਮ ਫਿਰਿ ਜੋਨੀ ਪਾਏ ॥ ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ, ਦੁਰਮਤਿ ਕਾ ਦੋਰਾਹਾ ਹੇ ॥੯॥ (ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ) ਪੂਰਾ ਸਤਿਗੁਰੂ ਸੱਚਾ ਨਾਮ ਦ੍ਰਿੜ ਕਰਾਉਂਦਾ ਹੈ।(ਉਹ ਮਨੁੱਖ) ਸੱਚੇ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦੇ ਸਦਾ ਗੁਣ ਗਾਉਂਦਾ ਹੈ।(ਫਿਰ ਉਹ ਜਾਣ ਲੈਂਦਾ ਹੈ ਕਿ) ਗੁਣਾਂ ਦਾ ਦਾਤਾ ਪ੍ਰਭੂ ਸਾਰੇ ਜੀਵਾਂ

ਦੇ ਅੰਦਰ ਵਸਦਾ ਹੈ ਅਤੇ ਹਰੇਕ ਜੀਵ ਦੇ ਸਿਰ ਉਤੇ (ਜਿੰਦ ਵਹੁਟੀ ਦੇ ਪ੍ਰਲੋਕ ਰੂਪ ਸਹੁਰੇ ਘਰ ਨੂੰ ਜਾਣ ਦਾ) ਮਹੂਰਤ ਲਿਖਦਾ ਹੈ; ਹਰੇਕ ਜੀਵ ਦੇ ਸੁਆਸ ਲਿਖਦਾ ਹੈ (ਕਿ ਇਸ ਨੇ ਸਾਰੇ ਜੀਵਨ ਵਿਚ ਕਿੰਨੇ ਸਾਹ ਲੈਣੇ ਹਨ)।੭।(ਹੇ ਭਾਈ!) ਗੁਰਮੁਖ ਨੂੰ ਪ੍ਰਭੂ ਸਦਾ ਅੰਗ ਸੰਗ ਵਸਦਾ ਪ੍ਰਤੀਤ ਹੁੰਦਾ ਹੈ।ਉਹ ਮਨੁੱਖ ਚੰਗੀ ਤਰ੍ਹਾਂ ਰੱਜ ਜਾਂਦਾ ਹੈ, (ਜਿਹੜਾ) ਹਰ ਰੋਜ ਪ੍ਰਭੂ ਦੀ ਸੇਵਾ ਭਗਤੀ ਕਰਦਾ ਹੈ।(ਜਿਹੜੇ ਮਨੁੱਖ) ਹਰ ਰੋਜ ਸੱਚੀ ਬਾਣੀ ਦੁਆਰਾ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ, (ਉਨ੍ਹਾਂ ਦੇ ਅੰਦਰ) ਸੱਚੇ ਗੁਰੂ ਦੇ ਸ਼ਬਦ ਦੁਆਰਾ ਅਨੰਦ ਬਣਿਆ ਰਹਿੰਦਾ ਹੈ।੮।(ਹੇ ਭਾਈ!) ਬੇਸਮਝ ਅੰਨ੍ਹਾ ਮਨੁੱਖ (ਹਰੀ ਦਾ ਨਾਮ ਭੁਲਾ ਕੇ ਸ਼ਾਸਤ੍ਰਾਂ ਦੇ ਮਿਥੇ ਹੋਏ) ਬਹੁਤ ਕਰਮ ਦ੍ਰਿੜ ਕਰਾਉਂਦਾ ਹੈ।ਮਨ ਦੇ ਹੱਠ ਨਾਲ ਕੀਤੇ ਕਰਮਾਂ ਨਾਲ (ਉਹ) ਮੁੜ ਮੁੜ ਜੋਨੀਆਂ ਵਿਚ ਪੈਂਦਾ ਹੈ।(ਅਜੇਹੇ ਮਨੁੱਖ) ਮਾਇਆ ਵਾਸਤੇ ਲੋਭ ਲਾਲਚ ਕਰਦੇ ਹਨ, (ਇਹ) ਖੋਟੀ ਮੱਤ ਦਾ ਦੁਚਿੱਤਾਪਣ ਹੈ।੯।

ਅੰਗ ੧੦੫੬ = ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥ ਮਨਿ ਤਨਿ ਹਰਿ ਰਵਿਆ ਘਟ ਅੰਤਰਿ, ਮਨਿ ਭੀਨੈ ਭਗਤਿ ਸਲਾਹਾ ਹੇ ॥੧੦॥ ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ ॥ ਗੁਰ ਕੈ ਸਬਦਿ ਭਗਤਿ ਨਿਸਤਾਰਣੁ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ, ਸਿਰਿ ਸਾਹਾ ਪਾਤਿਸਾਹਾ ਹੇ ॥੧੧॥(ਹੇ ਭਾਈ! ਜਿਸ ਮਨੁੱਖ ਨੂੰ) ਪੂਰਾ ਸਤਿਗੁਰੂ ਭਗਤੀ ਦ੍ਰਿੜ ਕਰਾਉਂਦਾ ਹੈ।(ਉਹ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦੇ ਨਾਮ ਵਿਚ ਅਪਣਾ ਚਿੱਤ ਲਾਉਂਦਾ ਹੈ।(ਉਸ ਦੇ) ਮਨ ਵਿਚ, ਸਰੀਰ ਵਿਚ ਤੇ ਹਿਰਦੇ ਵਿਚ ਪ੍ਰਭੂ ਰਮਿਆ ਹੋਇਆ ਹੈ, (ਉਹ) ਭਿੱਜੇ ਮਨ ਨਾਲ ਪ੍ਰਭੂ ਦੀ ਭਗਤੀ ਤੇ ਸਿਫਤ ਸਲਾਹ ਕਰਦਾ ਰਹਿੰਦਾ ਹੈ।੧੦।(ਹੇ ਭਾਈ!) ਮੇਰਾ ਸੱਚਾ ਪ੍ਰਭੂ ਕਾਮਾਦਿਕ ਦੈਂਤਾਂ ਨੂੰ ਮਾਰਨ ਵਾਲਾ ਹੈ।ਗੁਰੂ ਦੇ ਸ਼ਬਦ ਦੁਆਰਾ ਭਗਤੀ ਵਿਚ ਜੋੜ ਕੇ (ਸੰਸਾਰ ਸਮੁੰਦਰ ਤੋਂ) ਤਾਰਨ ਵਾਲਾ ਹੈ।ਮੇਰਾ ਪ੍ਰਭੂ ਸੱਚਾ ਹੈ, ਸਦਾ ਹੀ ਸੱਚਾ ਹੈ ਅਤੇ ਸ਼ਾਹਾ ਅਤੇ ਪਾਤਸ਼ਾਹਾਂ ਦੇ ਸਿਰ ਉਤੇ (ਉਸੇ ਦਾ ਹੀ) ਹੁਕਮ ਹੈ।੧੧।

ਪਦਾਰਥ = ਸਾਚੁ–ਸੱਚਾ ਨਾਮ।ਦ੍ਰਿੜਾਏ–ਹਿਰਦੇ ਵਿਚ ਪੱਕਾ ਕਰਦਾ ਹੈ।ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਦੁਆਰਾ।ਗਾਏ–ਗਾਉਂਦਾ ਹੈ।ਵਰਤੈ–ਵਸਦਾ ਹੈ।ਸਭ ਅੰਤਰਿ–ਸਾਰੇ ਜੀਵਾਂ ਦੇ ਅੰਦਰ।ਸਿਰਿ ਸਿਰਿ–ਹਰੇਕ ਜੀਵ ਦੇ ਸਿਰ ਉਤੇ।ਸਾਹਾ–ਮਹੂਰਤ (ਤਰੀਕ ਤੇ ਸਮਾਂ); ਸੁਆਸ।੭।ਹਦੂਰਿ–ਅੰਗ ਸੰਗ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਜਾਪੈ–ਪ੍ਰਤੀਤ ਹੁੰਦਾ ਹੈ।ਸਬਦੇ–ਸ਼ਬਦ ਦੁਆਰਾ।ਸੇਵੈ–ਸੇਵਾ ਭਗਤੀ ਕਰਦਾ ਹੈ।ਸੋ ਜਨੁ–ਉਹ ਮਨੁੱਖ।ਧ੍ਰਾਪੈ–ਰੱਜ ਜਾਂਦਾ ਹੈ।ਅਨਦਿਨੁ–ਹਰ ਰੋਜ।ਸੇਵਹਿ–ਸੇਵਾ ਭਗਤੀ ਕਰਦੇ ਹਨ।ਸਚੀ ਬਾਣੀ–ਸੱਚੀ ਬਾਣੀ ਦੁਆਰਾ।ਓਮਾਹਾ–ਅਨੰਦ; ਉਤਸ਼ਾਹ।੮।ਅਗਿਆਨੀ–ਗਿਆਨ ਹੀਨ ਮਨੁੱਖ।ਅੰਧਾ–(ਲੋਭ ਵਿਚ) ਅੰਨ੍ਹਾ ਮਨੁੱਖ ।ਬਹੁ ਕਰਮ–(ਸ਼ਾਸਤ੍ਰਾਂ ਦੇ ਮਿਥੇ ਹੋਏ) ਬਹੁਤ ਧਾਰਮਕ ਕਰਮ।ਦ੍ਰਿੜਾਏ–ਦ੍ਰਿੜ ਕਰਾਉਂਦਾ ਹੈ।ਮਨ ਹਠਿ–ਮਨ ਦੇ ਹਠ ਨਾਲ।ਫਿਰਿ–ਮੁੜ ਮੁੜ।ਬਿਖਿਆ ਕਾਰਣਿ–ਮਾਇਆ ਵਾਸਤੇ।ਕਮਾਵਹਿ–ਕਰਦੇ ਹਨ।ਦੁਰਮਤਿ ਕਾ–ਖੋਟੀ ਮੱਤ ਦਾ।ਦੋਰਾਹਾ–ਦੁਚਿੱਤਾਪਣ; ਦੋ ਰਸਤੇ।੯।ਕੈ ਸਬਦਿ–ਦੇ ਸ਼ਬਦ ਦੁਆਰਾ।ਨਾਮਿ–ਨਾਮ ਵਿਚ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਰਵਿਆ–ਰਮਿਆ ਹੈ।ਘਟ ਅੰਤਰਿ–ਹਿਰਦੇ ਅੰਦਰ।ਮਨਿ ਭੀਨੈ–ਭਿੱਜੇ ਮਨ ਨਾਲ।ਸਲਾਹਾ ਹੇ–ਸਿਫਤ ਸਲਾਹ ਕਰਦਾ ਹੈ।੧੦।ਅਸੁਰ–ਕਾਮਾਦਿਕ ਦੈਂਤ। ਸੰਘਾਰਣੁ–ਮਾਰਨ ਵਾਲਾ।ਸਿਰਿ–ਸਿਰ ਉਤੇ।ਸਾਹਾ–ਸ਼ਾਹੂਕਾਰ।੧੧।

ਸੇ ਭਗਤ ਸਚੇ ਤੇਰੈ ਮਨਿ ਭਾਏ ॥ ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ ॥ ਸਾਚੀ ਬਾਣੀ ਅਨਦਿਨੁ ਗਾਵਹਿ, ਨਿਰਧਨ ਕਾ ਨਾਮੁ ਵੇਸਾਹਾ ਹੇ ॥੧੨॥ ਜਿਨ ਆਪੇ ਮੇਲਿ ਵਿਛੋੜਹਿ ਨਾਹੀ ॥ ਗੁਰ ਕੈ ਸਬਦਿ ਸਦਾ ਸਾਲਾਹੀ ॥ ਸਭਨਾ ਸਿਰਿ ਤੂ ਏਕੋ ਸਾਹਿਬੁ ,ਸਬਦੇ ਨਾਮੁ ਸਲਾਹਾ ਹੇ ॥੧੩॥ ਬਿਨੁ ਸਬਦੈ ਤੁਧੁ ਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥ ਆਪੇ ਸਬਦੁ ਸਦਾ ਗੁਰੁ ਦਾਤਾ, ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥ ਤੂ ਆਪੇ ਕਰਤਾ ਸਿਰਜਣਹਾਰਾ ॥ ਤੇਰਾ ਲਿਖਿਆ ਕੋਇ ਨ ਮੇਟਣਹਾਰਾ ॥ ਗੁਰਮੁਖਿ ਨਾਮੁ ਦੇਵਹਿ ਤੂ ਆਪੇ, ਸਹਸਾ ਗਣਤ ਨ ਤਾਹਾ ਹੇ ॥੧੫॥ ਭਗਤ ਸਚੇ ਤੇਰੈ ਦਰਵਾਰੇ ॥ ਸਬਦੇ ਸੇਵਨਿ ਭਾਇ ਪਿਆਰੇ ॥ ਨਾਨਕ ਨਾਮਿ ਰਤੇ ਬੈਰਾਗੀ, ਨਾਮੇ ਕਾਰਜੁ ਸੋਹਾ ਹੇ ॥੧੬॥੩॥੧੨॥(ਹੇ ਪ੍ਰਭੂ!) ਉਹ ਭਗਤ ਸੱਚੇ ਹਨ, ਜੋ ਤੇਰੇ ਮਨ ਵਿਚ ਚੰਗੇ ਲਗਦੇ ਹਨ।(ਉਹ) ਗੁਰੂ ਦੇ ਸ਼ਬਦ ਦੁਆਰਾ ਤੇਰੇ ਦਰ ਤੇ ਕੀਰਤਨ ਕਰਦੇ ਸੋਹਣੇ ਲਗਦੇ ਹਨ।(ਉਹ) ਹਰ ਰੋਜ ਸੱਚੀ ਬਾਣੀ ਗਾਉਂਦੇ ਹਨ, (ਹੇ ਭਾਈ!) ਪ੍ਰਭੂ ਦਾ ਨਾਮ ਹੀ ਨਿਰਧਨ ਪੁਰਖਾਂ ਦਾ ਧਨ ਹੈ।੧੨।(ਹੇ ਪ੍ਰਭੂ!) ਜਿਨ੍ਹਾਂ ਪੁਰਖਾਂ ਨੂੰ ਤੂੰ ਆਪ ਅਪਣੇ ਨਾਲ ਮੇਲ ਕੇ ਵਿਛੋੜਦਾ ਨਹੀਂ।(ਉਹ) ਗੁਰੂ ਦੇ ਸ਼ਬਦ ਦੁਆਰਾ ਤੈਨੂੰ ਸਦਾ ਸਲਾਹੁੰਦੇ ਰਹਿੰਦੇ ਹਨ।ਸਾਰੇ ਜੀਵਾਂ ਦੇ ਸਿਰ ਉਤੇ ਤੂੰ ਇਕੋ ਮਾਲਕ ਹੈਂ, (ਪਰ ਇਹ ਗੱਲ ਉਨ੍ਹਾਂ ਨੇ ਜਾਣੀ ਹੈ, ਜਿਹੜੇ ਪੁਰਖ) ਗੁਰੂ ਦੇ ਸ਼ਬਦ ਦੁਆਰਾ ਤੇਰਾ ਨਾਮ ਸਲਾਹੁੰਦੇ ਹਨ।੧੩। (ਹੇ ਪ੍ਰਭੂ!) ਗੁਰੂ ਦੇ ਸ਼ਬਦ ਤੋਂ ਬਿਨਾ ਕੋਈ ਵੀ ਮਨੁੱਖ ਤੈਨੂੰ ਜਾਣ ਨਹੀਂ ਸਕਦਾ।ਤੂੰ ਆਪ ਹੀ (ਗੁਰੂ ਰੂਪ ਹੋ ਕੇ ਅਪਣੀ) ਅਕੱਥ ਕਥਾ ਕਥਨ ਕਰਦਾ ਹੈਂ।ਤੂੰ ਆਪ ਹੀ ਗੁਰੂ ਰੂਪ ਹੋ ਕੇ (ਜੀਵਾਂ ਨੂੰ) ਸਦਾ ਉਪਦੇਸ਼ ਦੇਣ ਵਾਲਾ ਹੈਂ, ਹੇ ਹਰੀ! ਤੂੰ ਆਪ ਹੀ ਗੁਰੂ ਰੂਪ ਹੋ ਕੇ ਨਾਮ ਜਪ ਕੇ (ਜੀਵਾਂ ਨੂੰ ਨਾਮ ਦੀ ਦਾਤ) ਪਹੁੰਚਾ ਰਿਹਾ ਹੈ।੧੪।(ਹੇ ਪ੍ਰਭੂ!) ਤੂੰ ਆਪ ਹੀ ਜਗਤ ਨੂੰ ਪੈਦਾ ਕਰਨ ਵਾਲਾ ਕਰਤਾ ਪੁਰਖ ਹੈਂ।ਤੇਰਾ ਲਿਖਿਆ ਲੇਖ ਕੋਈ ਜੀਵ ਮੇਟਣ ਵਾਲਾ ਨਹੀਂ ਹੈ।(ਜਿਨ੍ਹਾਂ ਪੁਰਖਾਂ ਨੂੰ) ਗੁਰੂ ਰਾਹੀਂ ਤੂੰ ਆਪ ਹੀ ਨਾਮ ਦੇਂਦਾ ਹੈਂ, ਉਨ੍ਹਾਂ ਨੂੰ ਕੋਈ ਭਰਮ ਤੇ ਕਰਮਾਂ ਦੀ ਗਿਣਤੀ ਦਾ ਲੇਖਾ ਨਹੀਂ ਰਹਿੰਦਾ।੧੫।(ਹੇ ਪ੍ਰਭੂ!) ਸੱਚੇ ਭਗਤ ਤੇਰੇ ਦਰਬਾਰ ਵਿਚ

ਰਹਿੰਦੇ ਹਨ। (ਉਹ) ਪਿਆਰ ਭਾਵਨਾ ਨਾਲ ਗੁਰੂ ਦੇ ਸ਼ਬਦ ਦੁਆਰਾ ਤੇਰੀ ਸੇਵਾ ਭਗਤੀ ਕਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਜੋ ਬੈਰਾਗੀ ਹਨ, (ਉਨ੍ਹਾਂ ਦਾ ਹਰੇਕ) ਕੰਮ ਨਾਮ ਜਪਣ ਨਾਲ ਸਫਲ ਹੋ ਜਾਂਦਾ ਹੈ।੧੬।੩।੧੨।

ਪਦਾਰਥ = ਸੇ–ਉਹ। ਮਨਿ–ਮਨ ਵਿਚ। ਭਾਏ–ਚੰਗੇ ਲਗਦੇ ਹਨ। ਦਰਿ–ਦਰ ਉਤੇ। ਕਰਹਿ–ਕਰਦੇ ਹਨ। ਸਬਦਿ–ਸ਼ਬਦ ਦੁਆਰਾ। ਸੁਹਾਏ–ਸੋਹਣੇ ਲਗਦੇ ਹਨ। ਅਨਦਿਨੁ–ਹਰ ਰੋਜ। ਨਿਰਧਨ–ਧਨ ਹੀਣ (ਕੰਗਾਲ)। ਵੇਸਾਹਾ–ਧਨ; ਪੂੰਜੀ।੧੨। ਜਿਨ–ਜਿਨ੍ਹਾਂ ਨੂੰ। ਮੇਲਿ–ਮਿਲਾ ਕੇ। ਸਾਲਾਹੀ–ਸਲਾਹੁੰਦੇ ਹਨ। ਸਭਨਾ ਸਿਰਿ–ਸਾਰੇ ਜੀਵਾਂ ਦੇ ਸਿਰ ਉਤੇ। ਸਾਹਿਬੁ–ਮਾਲਕ। ਸਬਦੇ–ਸ਼ਬਦ ਦੁਆਰਾ। ੧੩। ਤੁਧੁ ਨੋ–ਤੈਨੂੰ। ਨ ਜਾਣੀ–ਜਾਣ ਨਹੀਂ ਸਕਦਾ। ਕਥੀ–ਕਥਨ ਕਰਦਾ ਹੈਂ। ਅਕਥ–ਜਿਸ ਦਾ ਸਹੀ ਸਰੂਪ ਬਿਆਨ ਨਾ ਹੋ ਸਕੇ। ਕਹਾਣੀ–ਕਥਾ। ਜਪਿ–ਜਪ ਕੇ। ਸੰਬਾਹਾ–ਪਹੁੰਚਾ ਰਿਹਾ ਹੈ।੧੪। ਕਰਤਾ–ਕਰਤਾਰ। ਸਿਰਜਣਹਾਰਾ–ਪੈਦਾ ਕਰਨ ਵਾਲਾ। ਗੁਰਮੁਖਿ–ਗੁਰੂ ਰਾਹੀਂ। ਦੇਵਹਿ–ਤੂੰ ਦੇਂਦਾ ਹੈਂ। ਸਹਸਾ–ਭਰਮ। ਗਣਤ–ਕਰਮਾਂ ਦੀ ਗਿਣਤੀ। ਤਾਹਾ–ਉਸ ਨੂੰ।੧੫। ਦਰਵਾਰੇ–ਦਰਬਾਰ ਵਿਚ। ਸੇਵਨਿ–ਸੇਵਾ ਭਗਤੀ ਕਰਦੇ ਹਨ। ਭਾਇ ਪਿਆਰੇ–ਪਿਆਰ ਭਾਵਨਾ ਨਾਲ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਬੈਰਾਗੀ–ਪ੍ਰੇਮੀ ਜਨ; ਤਿਆਗੀ। ਨਾਮੇ–ਨਾਮ ਜਪਣ ਨਾਲ। ਸੋਹਾ ਹੇ–ਸੋਹਣਾ ਹੋ ਜਾਂਦਾ ਹੈ; ਸਫਲ ਹੋ ਜਾਂਦਾ ਹੈ।੧੬।੩।੧੨।

ਮਾਰੂ ਮਹਲਾ ੩ ॥ ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ,ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ, ਗਿਆਨ ਰਤਨੁ ਸਬਦੁ ਤਾਹਾ ਹੇ ॥੨॥ ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ ਗੁਰ ਪਰਸਾਦੀ ਆਪੁ ਪਛਾਣੈ, ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮਖਿ ਬੂਝੈ, ਸਾਚੀ ਸਿਫਤਿ ਸਲਾਹਾ ਹੇ ॥੪॥ ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥ ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ, ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ, ਬਾਹਰਿ ਕਾਹੇ ਜਾਹਾ ਹੇ ॥੬॥(ਹੇ ਭਾਈ!) ਮੇਰੇ ਸੱਚੇ ਪ੍ਰਭੂ ਨੇ (ਸੰਸਾਰ ਰੂਪ) ਇਕ ਖੇਲ ਪੈਦਾ ਕੀਤਾ ਹੈ। (ਇਸ ਵਿਚ ਉਸ ਨੇ) ਕੋਈ ਵੀ ਜੀਵ ਕਿਸੇ ਦੂਜੇ ਵਰਗਾ ਪੈਦਾ ਨਹੀਂ ਕੀਤਾ। ਆਪ ਹੀ ਪ੍ਰਭੂ (ਜੀਵਾਂ ਦੀਆਂ ਸ਼ਕਲਾਂ ਵਿਚ) ਫਰਕ ਕਰਕੇ (ਉਨ੍ਹਾਂ ਨੂੰ) ਦੇਖ ਕੇ ਖੁਸ਼ ਹੁੰਦਾ ਹੈ, (ਉਸ ਨੇ ਜੀਵਾਂ ਦੀ) ਦੇਹ ਵਿਚ ਸਾਰੇ ਰਸ ਪਾ ਰਖੇ ਹਨ (ਨਾਮ ਰਸ ਵੀ ਹੈ ਤੇ ਮਾਇਕ ਰਸ ਵੀ ਹੈ, ਜੀਵ ਦੋਹਾਂ ਵਿਚੋਂ ਜਿਹੜਾ ਮਰਜੀ ਚੁਣ ਲਵੇ)।੧। (ਹੇ ਪ੍ਰਭੂ! ਤੇਰੀ ਕਲਾ ਨਾਲ ਹੀ ਜੀਵਾਂ ਅੰਦਰ) ਪ੍ਰਾਣ ਰੂਪ ਵਾਜਾ ਵੱਜ ਰਿਹਾ ਹੈ, (ਪ੍ਰਾਣ ਚਲ ਰਿਹਾ ਹੈ, ਇਹ ਵਾਜਾ) ਤੂੰ ਆਪ ਹੀ ਵਜਾ ਰਿਹਾ ਹੈਂ। (ਤੂੰ ਹੀ ਜੀਵ ਦੇ) ਸਰੀਰ ਅੰਦਰ ਆਤਮਾ ਤੇ ਮਾਇਆ ਦੋਵੇਂ ਪਾਏ ਹਨ। (ਹੇ ਭਾਈ!) ਗੁਰੂ ਦੀ ਕਿਰਪਾ ਨਾਲ (ਜਿਸ ਜੀਵ ਦੀ ਬਿਰਤੀ ਮਾਇਆ ਵੱਲੋਂ) ਉਲਟੀ ਹੁੰਦੀ ਹੈ, ਉਸ ਨੂੰ ਪ੍ਰਭੂ ਦਾ ਗਿਆਨ ਅਤੇ ਨਾਮ ਰੂਪ ਰਤਨ ਪ੍ਰਾਪਤ ਹੋ ਜਾਂਦਾ ਹੈ।੨। (ਹੇ ਭਾਈ!) ਅਗਿਆਨਤਾ ਦਾ ਹਨ੍ਹੇਰਾ ਤੇ ਗਿਆਨ ਦਾ ਚਾਨਣ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ। (ਸਭ ਜਗ੍ਹਾ) ਇਕੋ ਪ੍ਰਭੂ ਵਰਤ ਰਿਹਾ ਹੈ, (ਉਸ ਤੋਂ ਬਿਨਾ) ਦੂਜਾ ਹੋਰ ਕੋਈ ਨਹੀਂ ਹੈ। ਗੁਰੂ ਦੀ ਕ੍ਰਿਪਾ ਨਾਲ (ਜਿਹੜਾ ਮਨੁੱਖ) ਅਪਣੇ ਆਪ ਨੂੰ ਪਛਾਣਦਾ ਹੈ, ਉਸ ਦਾ ਹਿਰਦਾ ਕਮਲ ਖਿੜ ਜਾਂਦਾ ਹੈ ਅਤੇ ਉਸ ਨੂੰ ਸ੍ਰੇਸਟ ਬੁੱਧੀ ਪ੍ਰਾਪਤ ਹੋ ਜਾਂਦੀ ਹੈ।੩। (ਹੇ ਭਾਈ!) ਪ੍ਰਭੂ ਅਪਣੀ ਅਥਾਹ ਗਤੀ ਨੂੰ ਆਪ ਹੀ ਜਾਣਦਾ ਹੈ। ਹੋਰ ਸਾਰਾ ਜਗਤ (ਇਕ ਦੂਜੇ ਤੋਂ) ਸੁਣ ਸੁਣ ਕੇ (ਜਾਂ ਪੁਸਤਕਾਂ ਪੜ੍ਹ ਕੇ) ਆਖ ਕੇ ਬਿਆਨ ਕਰਦਾ ਹੈ। (ਜਿਹੜਾ ਪੁਰਖ) ਗਿਆਨਵਾਨ ਹੁੰਦਾ ਹੈ, ਉਹ ਗੁਰੂ ਦੁਆਰਾ (ਪ੍ਰਭੂ ਦੀ ਗਹਣ ਗਤਿ ਨੂੰ) ਸਮਝਦਾ ਹੈ ਅਤੇ ਪ੍ਰਭੂ ਦੀ ਸੱਚੀ ਸਿਫਤ ਸਲਾਹ ਕਰਦਾ ਰਹਿੰਦਾ ਹੈ।੪। (ਹੇ ਭਾਈ! ਮਨੁੱਖ ਦੇ) ਸਰੀਰ ਅੰਦਰ ਬੇਅੰਤ ਪ੍ਰਭੂ ਦਾ ਨਾਮ ਪਦਾਰਥ ਹੈ। ਪ੍ਰਭੂ ਆਪ ਹੀ (ਮਨੁੱਖ ਦੇ ਅੰਦਰੋਂ) ਭਰਮ ਦੇ ਤਖਤੇ ਖੋਲ੍ਹਣ ਵਾਲਾ ਹੈ। ਗੁਰਮੁਖ ਸਹਜੇ ਹੀ ਅੰਮ੍ਰਿਤ ਰੂਪ ਨਾਮ ਜਲ ਪੀਂਦਾ ਹੈ, (ਜਿਸ ਨਾਲ ਉਹ) ਤ੍ਰਿਸ਼ਨਾ ਦੀ ਅੱਗ ਬੁਝਾ ਲੈਂਦਾ ਹੈ।੫। (ਹੇ ਭਾਈ! ਪ੍ਰਭੂ ਨੇ) ਸਾਰੇ ਰਸ ਮਨੁੱਖ ਦੇ ਸਰੀਰ ਅੰਦਰ ਪਾਏ ਹੋਏ ਹਨ। (ਪਰ ਕਿਸੇ) ਵਿਰਲੇ ਮਨੁੱਖ ਨੂੰ ਗੁਰੂ ਅਪਣਾ ਉਪਦੇਸ਼ ਸਮਝਾਉਂਦਾ ਹੈ। (ਜੋ ਮਨੁੱਖ ਅਪਣਾ) ਹਿਰਦਾ ਖੋਜਦਾ ਹੈ ਅਤੇ ਗੁਰੂ ਦੇ ਸ਼ਬਦ ਨੂੰ ਸਲਾਹੁੰਦਾ ਹੈ, (ਉਹ ਫਿਰ) ਬਾਹਰ ਕਿਉਂ ਜਾਵੇਗਾ? ਭਾਵ ਉਸ ਨੂੰ ਬਾਹਰ ਜਾ ਕੇ ਖੋਜਣ ਦੀ ਜਰੂਰਤ ਨਹੀਂ।੬।

ਪਦਾਰਥ = ਪ੍ਰਭਿ ਸਾਚੈ–ਸੱਚੇ ਪ੍ਰਭੂ ਨੇ। ਖੇਲੁ–ਸੰਸਾਰ ਰਚਨਾ ਦਾ ਖੇਲ। ਰਚਾਇਆ–ਪੈਦਾ ਕੀਤਾ ਹੈ। ਕਿਸਹੀ ਜੇਹਾ–ਕਿਸੇ ਦੂਜੇ ਵਰਗਾ। ਉਪਾਇਆ–ਪੈਦਾ ਕੀਤਾ। ਆਪੇ–ਆਪ ਹੀ। ਵੇਖਿ ਵਿਗਸੈ–ਦੇਖ ਕੇ ਖੁਸ਼ ਹੁੰਦਾ ਹੈ। ਦੇਹੀ ਮਾਹਾ–ਸਰੀਰ ਵਿਚ।੧। ਵਾਜੈ ਪਉਣੁ–ਪ੍ਰਾਣ ਰੂਪ ਵਾਜਾ ਵੱਜ ਰਿਹਾ ਹੈ। ਤੈ–ਤੂੰ। ਸਿਵ–ਜੀਵਾਤਮਾ। ਸਕਤੀ–ਮਾਇਆ। ਦੇਹੀ ਮਹਿ–ਸਰੀਰ ਵਿਚ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਉਲਟੀ ਹੋਵੈ–ਮੁੜ ਗਈ ਹੋਵੇ। ਰਤਨੁ ਸਬਦੁ–ਨਾਮ ਰਤਨ। ਤਾਹਾ–ਉਸ ਨੂੰ।੨। ਅੰਧੇਰਾ–ਅਗਿਆਨਤਾ ਦਾ ਹਨ੍ਹੇਰਾ। ਚਾਨਣੁ–ਗਿਆਨ ਦਾ ਚਾਨਣ। ਕੀਆ–ਪੈਦਾ ਕੀਤਾ ਹੈ। ਏਕੋ ਵਰਤੈ–ਇਕੋ ਪ੍ਰਭੂ ਵਿਆਪਕ ਹੈ। ਅਵਰੁ–ਹੋਰ। ਬੀਆ–ਦੂਜਾ। ਆਪੁ–ਅਪਣੇ ਆਪ ਨੂੰ। ਕਮਲੁ–ਹਿਰਦਾ ਕਮਲ। ਬਿਗਸੈ–ਖਿੜ ਜਾਂਦਾ ਹੈ।੩। ਗਹਣ ਗਤਿ–ਅਥਾਹ ਗਤੀ; ਗੂੜ੍ਹ ਗਿਆਨ ਵਾਲੀ

ਅਵਸਥਾ; ਗਹਿਰਾਈ ਦੀ ਹਾਲਤ। ਲੋਕੁ-ਜਗਤ। ਸੁਣਿ-ਸੁਣ ਕੇ। ਆਖਿ-ਆਖ ਕੇ। ਵਖਾਣਹਿ-ਬਿਆਨ ਕਰਦੇ ਹਨ। ਸੁ-ਉਹ। ਗੁਰਮੁਖਿ-ਗੁਰੂ ਰਾਹੀਂ। ਬੂਝੈ-ਸਮਝਦਾ ਹੈ।੪। ਦੇਹੀ-ਸਰੀਰ। ਵਸਤੁ ਅਪਾਰਾ-ਬੇਅੰਤ ਪ੍ਰਭੂ ਦਾ ਨਾਮ ਪਦਾਰਥ। ਕਪਟ-ਤਖਤੇ। ਖੁਲਾਵਣਹਾਰਾ-ਖੋਲ੍ਹਣ ਵਾਲਾ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਸਹਜੇ-ਸੁਭਾਵਕ ਹੀ। ਬੁਝਾਹਾ ਹੇ-ਬੁਝਾ ਲੈਂਦਾ ਹੈ।੫। ਸਭ ਰਸ-ਸਾਰੇ ਰਸਾਂ ਦੇ ਸੁਆਦ। ਕਉ-ਨੂੰ। ਬੁਝਾਏ-ਸਮਝ ਬਖਸ਼ਦਾ ਹੈ। ਅੰਦਰੁ-ਹਿਰਦਾ। ਕਾਹੇ ਜਾਹਾ-ਕਿਉਂ ਜਾਵੇਗਾ।੬।

ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥ ਅੰਮ੍ਰਿਤੁ ਪੀ ਅਮਰਾ ਪਦੁ ਹੋਏ, ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ, ਮਾਇਆ ਮੋਹੁ ਚੁਕਾਹਾ ਹੇ ॥੮॥(ਹੇ ਭਾਈ! ਪ੍ਰਭੂ ਦਾ ਨਾਮ ਰਸ) ਚੱਖੇ ਭਾਵ ਜਪੇ ਬਿਨਾ ਕਿਸੇ ਨੂੰ ਸੁਆਦ ਨਹੀਂ ਆਇਆ। (ਜਿਨ੍ਹਾਂ ਪੁਰਖਾਂ ਨੂੰ ਪ੍ਰਭੂ ਨੇ) ਗੁਰੂ ਦੇ ਸ਼ਬਦ ਦੁਆਰਾ ਨਾਮ ਅੰਮ੍ਰਿਤ ਪਿਆਇਆ ਹੈ। ਉਨ੍ਹਾਂ ਨੂੰ ਗੁਰੂ ਦੇ ਸ਼ਬਦ ਦੁਆਰਾ ਸੁਆਦ ਆਇਆ ਹੈ, (ਉਹ) ਨਾਮ ਅੰਮ੍ਰਿਤ ਪੀ ਕੇ ਅਮਰ ਪਦਵੀ ਨੂੰ ਪ੍ਰਾਪਤ ਹੋਏ ਹਨ।੭। (ਜੋ ਮਨੁੱਖ) ਅਪਣੇ ਆਪ ਨੂੰ ਪਛਾਣਦਾ ਹੈ, ਉਹ ਸਾਰੇ ਚੰਗੇ ਗੁਣ ਜਾਣ ਲੈਂਦਾ ਹੈ। (ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦਾ ਨਾਮ ਉਚਾਰਦਾ ਰਹਿੰਦਾ ਹੈ। (ਉਹ) ਹਰ ਰੋਜ ਦਿਨ ਰਾਤ ਪ੍ਰਭੂ ਦੇ ਨਾਮ ਵਿਚ ਰੰਗਿਆ ਰਹਿੰਦਾ ਹੈ, (ਇਉਂ ਉਹ ਮਨ ਵਿਚੋਂ) ਮਾਇਆ ਦਾ ਮੋਹ ਦੂਰ ਕਰ ਲੈਂਦਾ ਹੈ।੮।

ਅੰਗ ੧੦੫੭ = ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥ ਆਪੇ ਕ੍ਰਿਪਾ ਕਰੇ ਸੁਖ ਦਾਤਾ, ਗੁਰ ਕੈ ਸਬਦੇ ਸੋਹਾ ਹੇ ॥੯॥ ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥ ਹਰਿ ਹਰਿ ਸਚਾ ਵਸੈ ਘਟ ਅੰਤਰਿ, ਸੋ ਘਟੁ ਨਿਰਮਲੁ ਤਾਹਾ ਹੇ ॥੧੦॥ ਸੇਵਕ ਸੇਵਹਿ ਸਬਦਿ ਸਲਾਹਹਿ ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥ ਆਪੇ ਬਖਸੇ ਸਬਦਿ ਮਿਲਾਏ, ਪਰਮਲ ਵਾਸੁ ਮਨਿ ਤਾਹਾ ਹੇ ॥੧੧॥ (ਹੇ ਭਾਈ! ਮਨੁੱਖ) ਗੁਰੂ ਦੀ ਸੇਵਾ ਤੋਂ ਸਭ ਕੁਛ ਪ੍ਰਾਪਤ ਕਰ ਲੈਂਦਾ ਹੈ। (ਸੇਵਾ ਦੀ ਬਰਕਤ ਨਾਲ ਉਹ) ਹਉਮੈ ਮਮਤਾ ਤੇ ਆਪਾ ਪਣ ਵੀ ਦੂਰ ਕਰ ਲੈਂਦਾ ਹੈ। (ਜਿਸ ਮਨੁੱਖ ਉਤੇ) ਸੁੱਖਾਂ ਦਾ ਦਾਤਾ ਆਪ ਹੀ ਕਿਰਪਾ ਕਰਦਾ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਸੋਭਾ ਵਾਲਾ ਹੋ ਜਾਂਦਾ ਹੈ।੯। (ਹੇ ਭਾਈ!) ਗੁਰੂ ਦਾ ਸ਼ਬਦ ਅੰਮ੍ਰਿਤ ਰੂਪ ਬਾਣੀ ਹੈ। (ਇਸ ਬਾਣੀ ਵਿਚ ਜੁੜ ਕੇ) ਹਰ ਰੋਜ ਹਰੀ ਦਾ ਨਾਮ ਜਪਿਆ ਕਰ। ਜਿਸ ਮਨੁੱਖ ਦੇ ਹਿਰਦੇ ਅੰਦਰ ਸੱਚਾ ਹਰੀ ਆ ਵਸਦਾ ਹੈ, ਉਸ ਦਾ ਉਹ ਹਿਰਦਾ ਪਵਿਤ੍ਰ ਹੋ ਜਾਂਦਾ ਹੈ।੧੦। (ਹੇ ਭਾਈ! ਜੋ) ਸੇਵਕ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ ਅਤੇ ਪ੍ਰਭੂ ਨੂੰ ਸਲਾਹੁੰਦੇ ਹਨ। ਉਹ ਪ੍ਰੇਮ ਵਿਚ ਰੰਗੇ ਹੋਏ ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ। (ਜਿਸ ਸੇਵਕ ਨੂੰ) ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ ਗੁਰੂ ਦੇ ਸ਼ਬਦ ਵਿਚ ਮਿਲਾਉਂਦਾ ਹੈ, ਉਸ ਦੇ ਮਨ ਵਿਚ ਚੰਦਨ ਦੀ ਸੁਗੰਧੀ ਪੈਦਾ ਹੋ ਜਾਂਦੀ ਹੈ।੧੧।

ਪਦਾਰਥ = ਵਿਣੁ ਚਾਖੇ-ਖਾਧੇ ਬਿਨਾ। ਸਾਦੁ-ਸੁਆਦ। ਕਿਸੈ-ਕਿਸੇ ਨੂੰ। ਕੈ ਸਬਦਿ-ਦੇ ਸ਼ਬਦ ਦੁਆਰਾ। ਪੀਆਇਆ-ਪਿਲਾਇਆ ਹੈ। ਪੀ-ਪੀ ਕੇ। ਅਮਰਾ ਪਦੁ-ਮੌਤ ਰਹਿਤ ਪਦਵੀ। ਰਸੁ-ਸੁਆਦ। ਤਾਹਾ-ਉਨ੍ਹਾਂ ਨੂੰ।੭। ਆਪੁ-ਅਪਣੇ ਆਪ ਨੂੰ। ਸੋ-ਉਹ। ਵਖਾਣੈ -ਉਚਾਰਦਾ ਹੈ। ਅਨਦਿਨੁ-ਹਰ ਰੋਜ। ਨਾਮਿ-ਨਾਮ ਵਿਚ। ਰਤਾ-ਰੰਗਿਆ ਰਹਿੰਦਾ ਹੈ। ਰਾਤੀ-ਰਾਤ। ਚੁਕਾਹਾ ਹੇ-ਦੂਰ ਕਰ ਲੈਂਦਾ ਹੈ ।੮। ਤੇ-ਤੋਂ। ਸਭੁ ਕਿਛੁ-ਸਾਰੇ ਪਦਾਰਥ। ਮੇਰਾ-ਮਮਤਾ। ਆਪੁ-ਆਪਾ ਪਣ। ਗਵਾਏ-ਦੂਰ ਕਰ ਲੈਂਦਾ ਹੈ। ਆਪੇ-ਆਪ ਹੀ। ਸਬਦੇ -ਸ਼ਬਦ ਦੁਆਰਾ। ਸੋਹਾ-ਸੋਭਨੀਕ; ਸੋਹਣਾ।੯। ਵਖਾਣੀ-ਜਪਿਆ ਕਰ। ਘਟ ਅੰਤਰਿ-ਹਿਰਦੇ ਅੰਦਰ। ਸੋ ਘਟੁ-ਉਹ ਹਿਰਦਾ। ਤਾਹਾ-ਉਸ ਦਾ। ਨਿਰਮਲੁ-ਪਵਿਤ੍ਰ।੧੦। ਸੇਵਹਿ-ਸੇਵਾ ਭਗਤੀ ਕਰਦੇ ਹਨ। ਸਲਾਹਹਿ-ਸਲਾਹੁੰਦੇ ਹਨ। ਰੰਗਿ ਰਾਤੇ-ਪ੍ਰੇਮ ਵਿਚ ਰੰਗੇ ਹੋਏ। ਬਖਸੇ-ਬਖਸ਼ਿਸ਼ ਕਰਦਾ ਹੈ। ਪਰਮਲ ਵਾਸੁ-ਚੰਦਨ ਦੀ ਸੁਗੰਧੀ। ਮਨਿ-ਮਨ ਵਿਚ।੧੧।

ਸਬਦੇ ਅਕਥੁ ਕਥੇ ਸਾਲਾਹੇ ॥ ਮੇਰੇ ਪ੍ਰਭ ਸਾਚੇ ਵੇਪਰਵਾਹੇ ॥ ਆਪੇ ਗੁਣ ਦਾਤਾ ਸਬਦਿ ਮਿਲਾਏ, ਸਬਦੈ ਕਾ ਰਸੁ ਤਾਹਾ ਹੇ ॥੧੨॥ ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥ ਬਿਖਿਆ ਰਾਤੇ ਬਿਖਿਆ ਖੋਜੈ, ਮਰਿ ਜਨਮੈ ਦੁਖੁ ਤਾਹਾ ਹੇ ॥੧੩॥ ਆਪੇ ਆਪਿ ਆਪਿ ਸਾਲਾਹੇ ॥ ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥ ਤੂ ਆਪਿ ਸਚਾ ਤੇਰੀ ਬਾਣੀ ਸਚੀ, ਆਪੇ ਅਲਖੁ ਅਥਾਹਾ ਹੇ ॥੧੪॥ ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥ ਗੁਰ ਕਿਰਪਾ ਤੇ ਘਟ ਅੰਤਰਿ ਵਸਿਆ, ਸਬਦੇ ਸਚੁ ਸਾਲਾਹਾ ਹੇ ॥੧੫॥ ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥ ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ, ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥ (ਹੇ ਭਾਈ! ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਅਕੱਥ ਪ੍ਰਭੂ ਨੂੰ ਬਿਆਨ ਕਰਦਾ ਹੈ ਅਤੇ ਮੇਰੇ ਸੱਚੇ ਵੇਪ੍ਰਵਾਹ ਪ੍ਰਭੂ ਨੂੰ ਸਲਾਹੁੰਦਾ ਹੈ। ਗੁਣਾਂ ਦਾ ਦਾਤਾ ਪ੍ਰਭੂ ਆਪ ਹੀ (ਜਿਸ ਮਨੁੱਖ ਨੂੰ) ਗੁਰੂ ਦੇ ਸ਼ਬਦ ਨਾਲ ਮਿਲਾਈ ਰਖਦਾ ਹੈ, ਉਸੇ ਨੂੰ ਗੁਰੂ ਦੇ ਸ਼ਬਦ ਦਾ ਅਨੰਦ ਆਉਂਦਾ ਹੈ।੧੨। (ਹੇ ਭਾਈ!) ਪ੍ਰਭੂ ਤੋਂ ਭੁੱਲਿਆ ਹੋਇਆ ਮਨਮੁਖ ਕਿਧਰੇ ਕੋਈ ਟਿਕਾਣਾ ਨਹੀਂ ਪਾ ਸਕਦਾ। (ਉਸ ਦੇ ਮੱਥੇ ਤੇ) ਜੋ ਧੁਰ ਤੋਂ ਲੇਖ ਲਿਖਿਆ ਹੋਇਆ ਹੈ, ਉਹ (ਉਸ ਅਨੁਸਾਰ ਹੀ) ਕਰਮ ਕਰਦਾ ਹੈ। (ਉਹ) ਮਾਇਆ ਦੇ ਰੰਗ ਵਿਚ ਰੰਗਿਆ ਹੋਇਆ ਮਾਇਆ ਹੀ ਲਭਦਾ ਫਿਰਦਾ ਹੈ, (ਜਿਸ ਕਰਕੇ ਉਹ) ਮਰਦਾ ਜੰਮਦਾ ਰਹਿੰਦਾ ਹੈ, ਇਹ ਦੁਖ ਉਸ ਨੂੰ ਲੱਗਾ ਰਹਿੰਦਾ ਹੈ।੧੩। (ਹੇ ਭਾਈ!) ਪ੍ਰਭੂ ਆਪ ਹੀ ਸੰਤ ਰੂਪ ਹੋ ਕੇ ਅਪਣੇ ਆਪ

ਨੂੰ ਸਲਾਹੁੰਦਾ ਹੈ। ਹੇ ਪ੍ਰਭੂ ! ਤੇਰੇ ਗੁਣ ਕੇਵਲ ਤੇਰੇ ਵਿਚ ਹੀ ਹਨ (ਅਜੇਹੇ ਗੁਣ ਹੋਰ ਕਿਸੇ ਵਿਚ ਨਹੀਂ ਹਨ)। ਤੂੰ ਆਪ ਸੱਚਾ ਹੈਂ ਅਤੇ ਤੇਰੀ ਬਾਣੀ ਵੀ ਸੱਚੀ ਹੈ, ਤੂੰ ਆਪ ਲੱਖਤਾ ਤੋਂ ਰਹਿਤ ਅਤੇ ਥਾਹ ਰਹਿਤ ਹੈਂ।੧੪। (ਹੇ ਭਾਈ ! ਕੋਈ ਮਨੁੱਖ) ਜੇ ਲੱਖਾਂ ਕ੍ਰੋੜਾਂ ਧਾਰਮਕ ਕਰਮ ਕਰਦਾ ਰਹੇ। (ਪਰ) ਗੁਰੂ ਦਾਤੇ ਤੋਂ ਬਿਨਾ ਕੋਈ ਵੀ ਮਨੁੱਖ ਪ੍ਰਭੂ ਦਾ ਨਾਮ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਦੀ ਕ੍ਰਿਪਾ ਨਾਲ (ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਆ ਵਸਿਆ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਸੱਚੇ ਪ੍ਰਭੂ ਨੂੰ ਸਲਾਹੁੰਦਾ ਰਹਿੰਦਾ ਹੈ।੧੫। (ਹੇ ਭਾਈ !) ਉਹ ਮਨੁੱਖ ਪ੍ਰਭੂ ਨੂੰ ਮਿਲੇ ਹਨ, (ਜਿਹੜੇ) ਧੁਰ ਤੋਂ ਪ੍ਰਭੂ ਨੇ ਆਪ ਹੀ ਮਿਲਾਏ ਹਨ। (ਉਹ) ਸੱਚੀ ਬਾਣੀ ਦੇ ਸ਼ਬਦ ਦੁਆਰਾ ਸੋਭਨੀਕ ਹੋ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਪ੍ਰਭੂ ਦੇ ਗੁਣ ਗਾਉਂਦਾ ਹਾਂ, (ਜਿਹੜਾ) ਸੇਵਕ ਸਦਾ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਹ) ਗੁਣਾਂ ਵਾਲੇ ਪ੍ਰਭੂ ਵਿਚ ਸਮਾ ਜਾਂਦਾ ਹੈ।੧੬।੪।੧੩।

ਪਦਾਰਥ = ਸਬਦੇ–ਸ਼ਬਦ ਦੁਆਰਾ। ਅਕਥੁ (ਅਕੱਥ ਪੜ੍ਹੋ)–ਜਿਸ ਪ੍ਰਭੂ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ। ਕਥੇ–ਬਿਆਨ ਕਰਦਾ ਹੈ। ਸਬਦਿ–ਸ਼ਬਦ ਦੁਆਰਾ। ਰਸੁ–ਅਨੰਦ। ਤਾਹਾ–ਉਸ ਨੂੰ।੧੨। ਮਨਮੁਖੁ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਠਉਰ–ਟਿਕਾਣਾ। ਧੁਰਿ–ਧੁਰ ਤੋਂ। ਸੁ–ਉਹ। ਕਰਮ ਕਮਾਏ–ਕਰਮ ਕਰਦਾ ਹੈ। ਬਿਖਿਆ–ਮਾਇਆ। ਰਾਤੇ–ਰੰਗਿਆ ਹੋਇਆ। ਮਰਿ ਜਨਮੈ–ਮਰਦਾ ਜੰਮਦਾ ਹੈ।੧੩। ਆਪੇ–ਆਪ ਹੀ। ਆਪਿ ਆਪਿ–ਅਪਣੇ ਆਪ ਨੂੰ। ਸਾਲਾਹੇ–ਸਲਾਹੁੰਦਾ ਹੈ। ਮਾਹੇ–ਵਿਚ। ਅਲਖੁ–ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ। ਅਥਾਹ–ਜਿਸ ਦਾ ਹੇਠਲਾ ਥੱਲਾ ਨਾ ਲੱਭੇ (ਬਹੁਤ ਡੂੰਘਾ); ਸਮਝ ਤੋਂ ਪਰੇ।੧੪। ਨ ਪਾਏ–ਪ੍ਰਾਪਤ ਨਹੀਂ ਕਰ ਸਕਦਾ। ਲਖ ਕੋਟੀ–ਲੱਖਾਂ ਕ੍ਰੋੜਾਂ। ਤੇ–ਤੋਂ; ਨਾਲ। ਘਟ ਅੰਤਰਿ–ਹਿਰਦੇ ਅੰਦਰ। ਸਬਦੇ–ਸ਼ਬਦ ਦੁਆਰਾ। ਸਚੁ–ਸੱਚੇ ਪ੍ਰਭੂ ਨੂੰ।੧੫। ਸੇ ਜਨ–ਉਹ ਮਨੁੱਖ। ਧੁਰਿ–ਧੁਰ ਤੋਂ। ਸੁਹਾਏ–ਸੋਭਨੀਕ ਹੋ ਗਏ। ਜਨੁ–ਸੇਵਕ। ਨਿਤ–ਸਦਾ। ਸਾਚੇ–ਸੱਚੇ ਪ੍ਰਭੂ ਦੇ। ਗਾਵਹ–ਮੈਂ ਗਾਉਂਦਾ ਹਾਂ। ਗੁਣੀ–ਗੁਣਾਂ ਵਾਲੇ ਪ੍ਰਭੂ ਵਿਚ। ਸਮਾਹਾ ਹੇ–ਸਮਾ ਜਾਂਦਾ ਹੈ।੧੬।੪।੧੩।

ਮਾਰੂ ਮਹਲਾ ੩ ॥ ਨਿਹਚਲੁ ਏਕੁ ਸਦਾ ਸਚੁ ਸੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਹਰਿ ਰਸਿ ਭੀਨੇ ਸਦਾ ਧਿਆਇਨਿ, ਗੁਰਮਤਿ ਸੀਲੁ ਸੰਨਾਹਾ ਹੇ ॥੧॥ ਅੰਦਰਿ ਰੰਗੁ ਸਦਾ ਸਚਿਆਰਾ ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥ ਨਉ ਨਿਧਿ ਨਾਮੁ ਵਸਿਆ ਘਟ ਅੰਤਰਿ, ਛੋਡਿਆ ਮਾਇਆ ਕਾ ਲਾਹਾ ਹੇ ॥੨॥ ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥ ਏਕੁ ਧਿਆਇਨਿ ਸਦਾ ਸੁਖੁ ਪਾਇਨਿ, ਨਿਹਚਲੁ ਰਾਜੁ ਤਿਨਾਹਾ ਹੇ ॥੩॥ ਆਵਣੁ ਜਾਣਾ ਰਖੈ ਨ ਕੋਈ ॥ ਜੰਮਣੁ ਮਰਣੁ ਤਿਸੈ ਤੇ ਹੋਈ ॥ ਗੁਰਮੁਖਿ ਸਾਚਾ ਸਦਾ ਧਿਆਵਹੁ ,ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥ ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਈਐ, ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥ ਹਉਮੈ ਮੋਹੁ ਉਪਜੈ ਸੰਸਾਰਾ ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥ ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ, ਨਾਮੁ ਸਚਾ ਜਗਿ ਲਾਹਾ ਹੇ ॥੬॥ (ਹੇ ਭਾਈ !) ਉਹ ਇਕ ਸੱਚਾ ਪ੍ਰਭੂ ਹੀ ਸਦਾ ਅਚੱਲ ਰਹਿਣ ਵਾਲਾ ਹੈ। (ਪਰ ਇਹ) ਸੋਝੀ ਪੂਰੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ। (ਜਿਹੜੇ ਮਨੁੱਖ) ਪ੍ਰਭੂ ਦੇ ਨਾਮ ਰਸ ਵਿਚ ਭਿੱਜੇ ਹੋਏ ਹਨ (ਨਾਮ ਸਿਮਰਨ ਦਾ ਸੁਆਦ ਜਿਨ੍ਹਾਂ ਨੂੰ ਲੱਗਾ ਹੈ, ਉਹ) ਪ੍ਰਭੂ ਨੂੰ ਸਦਾ ਧਿਆਉਂਦੇ ਹਨ ਅਤੇ (ਉਨ੍ਹਾਂ ਨੇ) ਗੁਰੂ ਦੀ ਮੱਤ ਦੁਆਰਾ ਸੀਲ ਸੁਭਾਵ ਦੀ ਸੰਜੋਅ ਪਹਿਨੀ ਹੋਈ ਹੈ (ਜਿਸ ਕਰਕੇ ਵਿਕਾਰਾਂ ਦੇ ਹਮਲਿਆਂ ਦਾ ਅਸਰ ਨਹੀਂ ਹੁੰਦਾ)।੧। (ਹੇ ਭਾਈ ! ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਦਾ ਪ੍ਰੇਮ ਹੈ, ਉਹ ਸਚਿਆਰ ਪੁਰਖ ਹੈ। (ਉਸ ਦਾ) ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਨਾਮ ਵਿਚ ਪਿਆਰ ਹੈ। (ਉਸ ਦੇ) ਹਿਰਦੇ ਅੰਦਰ ਨੌਂ ਨਿਧੀਆਂ ਦਾ ਖਜਾਨਾ ਪ੍ਰਭੂ ਦਾ ਨਾਮ ਵਸ ਗਿਆ ਹੈ ਅਤੇ (ਉਸ ਨੇ) ਮਾਇਆ ਦਾ ਲਾਹਾ ਖੱਟਣਾ ਛਡ ਦਿਤਾ ਹੈ।੨। (ਹੇ ਭਾਈ !) ਪਰਜਾ ਤੇ ਰਾਜੇ ਖੋਟੀ ਮੱਤ ਹੋਣ ਦੇ ਕਾਰਣ ਦ੍ਵੈਤ ਵਿਚ ਫਸੇ ਹੋਏ ਹਨ। ਸਤਿਗੁਰੂ ਦੀ ਸੇਵਾ ਕੀਤੇ ਬਿਨਾ ਇਕਾਗ੍ਰਤਾ ਪ੍ਰਾਪਤ ਨਹੀਂ ਹੁੰਦੀ (ਦ੍ਵੈਤ ਦੂਰ ਨਹੀਂ ਹੁੰਦੀ। ਜਿਹੜੇ ਮਨੁੱਖ) ਇਕ ਪ੍ਰਭੂ ਨੂੰ ਸਿਮਰਦੇ ਹਨ, ਉਹ ਸਦਾ ਸੁਖ ਪਾਉਂਦੇ ਹਨ, ਉਨ੍ਹਾਂ ਦਾ ਰਾਜ ਨਿਹਚਲ ਰਹਿੰਦਾ ਹੈ।੩। (ਹੇ ਭਾਈ ! ਪ੍ਰਭੂ ਤੋਂ ਬਿਨਾ ਸੰਸਾਰ ਵਿਚ ਜੀਵਾਂ ਦਾ) ਆਉਣ ਜਾਣਾ ਕੋਈ ਵੀ ਬਚਾ ਨਹੀਂ ਕਰ ਸਕਦਾ। (ਜੀਵਾਂ ਦਾ) ਜੰਮਣਾ ਤੇ ਮਰਨਾ ਉਸ ਪ੍ਰਭੂ ਦੇ ਹੁਕਮ ਤੋਂ ਹੀ ਹੁੰਦਾ ਹੈ। ਗੁਰੂ ਰਾਹੀਂ ਸਦਾ ਸੱਚੇ ਪ੍ਰਭੂ ਨੂੰ ਸਿਮਰਦੇ ਰਹੋ, ਮੁਕਤੀ ਦੀ ਰੀਤ ਉਸੇ ਪ੍ਰਭੂ ਤੋਂ ਪ੍ਰਾਪਤ ਹੁੰਦੀ ਹੈ।੪। (ਹੇ ਭਾਈ !) ਸੱਚਾ ਜੀਵਨ ਅਤੇ ਇੰਦ੍ਰੀਆਂ ਨੂੰ ਵਸ ਕਰਨ ਦਾ ਜਤਨ ਸਤਿਗੁਰੂ ਦੇ ਦੁਆਰ ਤੋਂ ਮਿਲਦੇ ਹਨ। (ਮਨੁੱਖ ਦੇ ਅੰਦਰੋਂ) ਹਉਮੈ ਤੇ ਕ੍ਰੋਧ ਗੁਰੂ ਦੇ ਸ਼ਬਦ ਦੁਆਰਾ ਦੂਰ ਹੁੰਦੇ ਹਨ। ਸਤਿਗੁਰੂ ਦੀ ਸੇਵਾ ਕਰਕੇ ਸਦਾ ਸੁਖ ਪਾਈਦਾ ਹੈ, ਚੰਗਾ ਸੁਭਾਵ, ਸੰਤੋਖ ਅਤੇ ਸਭ ਕੁਛ ਉਸ ਗੁਰੂ ਦੀ ਸੇਵਾ ਕਰਨ ਨਾਲ ਪ੍ਰਾਪਤ ਹੁੰਦੇ ਹਨ।੫। (ਹੇ ਭਾਈ !) ਸਰੀਰ ਦੀ ਹਉਮੈ ਅਤੇ ਮਾਇਆ ਦੇ ਮੋਹ ਕਰਕੇ ਜੀਵ ਸੰਸਾਰ ਵਿਚ ਪੈਦਾ ਹੁੰਦਾ ਰਹਿੰਦਾ ਹੈ। (ਹਉਮੈ ਤੇ ਮੋਹ ਦੇ ਕਾਰਣ) ਪ੍ਰਭੂ ਦੇ ਨਾਮ ਨੂੰ ਭੁਲਾ ਕੇ ਸਾਰਾ ਜਗਤ ਨਾਸ਼ ਹੋ ਰਿਹਾ ਹੈ। ਸਤਿਗੁਰੂ ਦੀ ਸੇਵਾ ਕੀਤੇ ਬਿਨਾ ਪ੍ਰਭੂ ਦਾ ਨਾਮ ਪ੍ਰਾਪਤ ਨਹੀਂ ਹੋ ਸਕਦਾ, ਜਗਤ ਵਿਚ ਪ੍ਰਭੂ ਦਾ ਨਾਮ ਹੀ ਸੱਚਾ ਲਾਭ ਹੈ।੬।

ਪਦਾਰਥ = ਨਿਹਚਲੁ–ਅਚੱਲ (ਸਦਾ ਕਾਇਮ ਰਹਿਣ ਵਾਲਾ)। ਏਕੁ ਸਚਾ–ਇਕੋ ਸੱਚਾ ਪ੍ਰਭੂ। ਸੋਈ–ਉਹ ਹੀ। ਤੇ–ਤੋਂ। ਸੋਝੀ–ਸਮਝ। ਰਸਿ–ਨਾਮ ਰਸ ਵਿਚ। ਭੀਨੇ–ਭਿੱਜੇ ਹੋਏ। ਧਿਆਇਨਿ–ਸਿਮਰਦੇ ਹਨ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਸੀਲੁ–ਚੰਗਾ ਸੁਭਾਵ

।ਸੰਨਾਹਾ–ਸੰਜੋਅ (ਲੋਹੇ ਦੀ ਜਾਲੀ ਦਾ ਕੁੜਤਾ)।੧।ਅੰਦਰਿ–ਹਿਰਦੇ ਅੰਦਰ।ਰੰਗੁ–ਪ੍ਰੇਮ।ਸਚਿਆਰਾ–ਸੱਚਾ ਪੁਰਖ।ਸਬਦਿ–ਸ਼ਬਦ ਦੁਆਰਾ।ਨਾਮਿ–ਨਾਮ ਵਿਚ।ਨਉ ਨਿਧਿ–ਨੌਂ ਖਜਾਨੇ।ਘਟ ਅੰਤਰਿ–ਹਿਰਦੇ ਅੰਦਰ।ਲਾਹਾ–ਲਾਭ।੨।ਰਈਅਤਿ–ਪਰਜਾ।ਦੁਰਮਤਿ –ਖੋਟੀ ਮੱਤ।ਦੋਈ–ਦ੍ਵੈਤ ਭਾਵ ਵਿਚ; ਦੁਬਿਧਾ ਵਿਚ।ਬਿਨੁ ਸੇਵੇ–ਸੇਵਾ ਕੀਤੇ ਬਿਨਾ।ਪਾਇਨਿ–ਪਾਉਂਦੇ ਹਨ।ਤਿਨਾਹਾ–ਉਨ੍ਹਾਂ ਦਾ।੩ ।ਆਵਣੁ ਜਾਣਾ–ਜੰਮਣ ਮਰਨ ਦਾ ਗੇੜ।ਰਖੇ ਨ–ਬਚਾ ਨਹੀਂ ਸਕਦਾ।ਤਿਸੈ ਤੇ–ਉਸ ਪ੍ਰਭੂ ਤੋਂ।ਗੁਰਮੁਖਿ–ਗੁਰੂ ਰਾਹੀਂ।ਸਾਚਾ–ਸੱਚੇ ਪ੍ਰਭੂ ਨੂੰ।ਧਿਆਵਹੁ–ਸਿਮਰੋ।ਗਤਿ ਮੁਕਤਿ–ਮੁਕਤੀ ਦੀ ਰੀਤ; ਉਚੀ ਆਤਮਕ ਅਵਸਥਾ ਤੇ ਮੁਕਤੀ।ਪਾਹਾ–ਪ੍ਰਾਪਤ ਹੁੰਦੀ ਹੈ।੪। ਸਚੁ–ਸੱਚਾ ਜੀਵਨ; ਸੱਚ ਬੋਲਣਾ।ਸੰਜਮ–ਇੰਦ੍ਰੀਆਂ ਨੂੰ ਵਸ ਵਿਚ ਕਰਨ ਦਾ ਜਤਨ।ਸਤਿਗੁਰੂ ਦੁਆਰੈ–ਸਤਿਗੁਰੂ ਦੇ ਦਰ ਤੋਂ। ਨਿਵਾਰੈ–ਦੂਰ ਹੁੰਦੇ ਹਨ।ਸੇਵਿ–ਸੇਵਾ ਕਰਕੇ।ਪਾਈਐ–ਪਾਈਦਾ ਹੈ।ਤਾਹਾ–ਉਸ ਦੀ; ਤਹਾਂ (ਉਥੇ)।੫।ਉਪਜੈ–ਪੈਦਾ ਹੁੰਦਾ ਹੈ। ਸੰਸਾਰਾ–ਸੰਸਾਰ ਵਿਚ।ਜਗੁ–ਜਗਤ।ਬਿਨਸੈ–ਨਾਸ਼ ਹੋ ਰਿਹਾ ਹੈ।ਵਿਸਾਰਾ–ਭੁਲਾ ਕੇ।ਜਗਿ–ਜਗਤ ਵਿਚ।੬।

ਸਚਾ ਅਮਰੁ ਸਬਦਿ ਸੁਹਾਇਆ ॥ ਪੰਚ ਸਬਦ ਮਿਲਿ ਵਾਜਾ ਵਾਇਆ ॥ ਸਦਾ ਕਾਰਜੁ ਸਚਿ ਨਾਮਿ ਸੁਹੇਲਾ, ਬਿਨੁ ਸਬਦੈ ਕਾਰਜੁ ਕੇਹਾ ਹੇ ॥੭॥ (ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦਾ ਸੱਚਾ ਹੁਕਮ ਸੋਹਣਾ ਲਗਦਾ ਹੈ।ਪੰਜ ਕਿਸਮ ਦੇ ਸ਼ਬਦਾਂ ਨਾਲ ਮਿਲ ਕੇ (ਉਹ) ਨਾਮ ਸਿਮਰਨ ਦਾ ਵਾਜਾ ਵਜਾਉਂਦਾ ਹੈ (ਉਸ ਨੂੰ ਨਾਮ ਸਿਮਰਨ ਦਾ ਅਨੰਦ ਆਉਣ ਲਗ ਪੈਂਦਾ ਹੈ) ।ਸੱਚੇ ਨਾਮ ਵਿਚ ਜੁੜਿਆਂ (ਉਸ ਦਾ ਜੀਵਨ ਸਫਲ ਹੋਣ ਦਾ) ਕੰਮ ਸਦਾ ਸੌਖਾ ਹੋ ਜਾਂਦਾ ਹੈ, ਗੁਰੂ ਦੇ ਸ਼ਬਦ ਤੋਂ ਬਿਨਾ (ਜੀਵਨ ਦਾ) ਕੰਮ ਸਫਲ ਕਿਵੇਂ ਹੋ ਸਕਦਾ ਹੈ? ਭਾਵ ਜੀਵਨ ਸਫਲ ਨਹੀਂ ਹੋ ਸਕਦਾ।੭।

ਅੰਗ ੧੦੫੮ = ਖਿਨ ਮਹਿ ਹਸੈ ਖਿਨ ਮਹਿ ਰੋਵੈ ॥ ਦੂਜੀ ਦੁਰਮਤਿ ਕਾਰਜੁ ਨ ਹੋਵੈ ॥ ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ, ਕਿਰਤੁ ਨ ਚਲੈ ਚਲਾਹਾ ਹੇ ॥੮॥ ਜੀਵਨ ਮੁਕਤਿ ਗੁਰ ਸਬਦੁ ਕਮਾਏ ॥ ਹਰਿ ਸਿਉ ਸਦ ਹੀ ਰਹੈ ਸਮਾਏ ॥ ਗੁਰ ਕਿਰਪਾ ਤੇ ਮਿਲੈ ਵਡਿਆਈ, ਹਉਮੈ ਰੋਗੁ ਨ ਤਾਹਾ ਹੇ ॥੯॥ ਰਸ ਕਸ ਖਾਏ ਪਿੰਡੁ ਵਧਾਏ ॥ ਭੇਖ ਕਰੈ ਗੁਰ ਸਬਦੁ ਨ ਕਮਾਏ ॥ ਅੰਤਰਿ ਰੋਗੁ ਮਹਾ ਦੁਖੁ ਭਾਰੀ, ਬਿਸਟਾ ਮਾਹਿ ਸਮਾਹਾ ਹੇ ॥੧੦॥ ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ,ਤਿਸੁ ਸਬਦਿ ਨ ਪਛਾਣਹਿ ॥ ਗੁਰਮੁਖਿ ਹੋਵੈ ਸੁ ਤਤੁ ਬਿਲੋਵੈ, ਰਸਨਾ ਹਰਿ ਰਸੁ ਤਾਹਾ ਹੇ ॥੧੧॥(ਹੇ ਭਾਈ! ਮਨੁੱਖ ਨੂੰ ਜਦ ਲਾਭ ਹੁੰਦਾ ਹੈ ਤਾਂ ਉਹ) ਇਕ ਖਿਨ ਵਿਚ ਹਸਦਾ (ਖੁਸ਼ ਹੁੰਦਾ) ਹੈ, (ਜਦ ਘਾਟਾ ਪੈਂਦਾ ਹੈ, ਤਾਂ) ਇਕ ਖਿਨ ਵਿਚ ਰੋਣ ਲਗ ਪੈਂਦਾ ਹੈ।ਦ੍ਵੈਤ ਵਾਲੀ ਖੋਟੀ ਮੱਤ ਕਰਕੇ (ਮਨੁੱਖ ਦਾ ਕੋਈ) ਕੰਮ ਪੂਰ ਨਹੀਂ ਹੁੰਦਾ।ਪਦਾਰਥਾਂ ਦਾ ਮਿਲਾਪ ਤੇ ਪਦਾਰਥਾਂ ਦਾ ਵਿਛੋੜਾ (ਦੋਵੇਂ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ) ਕਰਤਾਰ ਨੇ (ਮਨੁੱਖ ਦੇ ਮੱਥੇ ਉਤੇ) ਲਿਖ ਕੇ ਪਾਏ ਹੋਏ ਹਨ, (ਇਸ ਲਈ) ਪਹਿਲੇ ਜਨਮਾਂ ਦੀ ਕਿਰਤ ਵਾਲਾ ਲੇਖ (ਕਿਸੇ ਤੋਂ) ਮਿਟਾਇਆਂ ਮਿਟ ਨਹੀਂ ਸਕਦਾ।੮।(ਹੇ ਭਾਈ! ਜੋ ਮਨੁੱਖ) ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ, ਉਹ ਜੀਵਨ ਮੁਕਤ ਹੈ।ਉਹ ਸਦਾ ਹੀ ਹਰੀ ਦੇ ਨਾਮ ਨਾਲ ਲੀਨ ਰਹਿੰਦਾ ਹੈ।(ਉਸ ਨੂੰ) ਗੁਰੂ ਦੀ ਕਿਰਪਾ ਨਾਲ (ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ ਅਤੇ ਉਸ ਨੂੰ ਹਉਮੈ ਦਾ ਰੋਗ ਨਹੀਂ ਲਗ ਸਕਦਾ।੯।(ਹੇ ਭਾਈ! ਜੋ ਮਨੁੱਖ) ਰਸ ਕਸ ਖਾ ਕੇ ਅਪਣਾ ਸਰੀਰ ਵਧਾ (ਮੋਟਾ ਕਰ) ਲੈਂਦਾ ਹੈ।ਅਤੇ ਭੇਖ ਧਾਰਨ ਕਰਦਾ ਹੈ, (ਪਰ) ਗੁਰੂ ਦੇ ਸ਼ਬਦ ਨੂੰ ਨਹੀਂ ਕਮਾਉਂਦਾ।(ਉਸ ਦੇ) ਅੰਦਰ ਅਗਿਆਨਤਾ ਦਾ ਵੱਡਾ ਰੋਗ ਹੈ, (ਜਿਸ ਕਰਕੇ ਉਹ) ਭਾਰੀ ਦੁਖ ਪਾਉਂਦਾ ਹੈ, (ਅੰਤ ਨੂੰ) ਗੰਦਗੀ ਵਿਚ ਮਿਲ ਜਾਂਦਾ ਹੈ; ਵਿਸ਼ਿਆਂ ਦੇ ਗੰਦ ਵਿਚ ਮਗਨ ਰਹਿੰਦਾ ਹੈ।੧੦।(ਹੇ ਭਾਈ! ਪੰਡਤ ਲੋਕ) ਬੇਦ ਪੜ੍ਹਦੇ ਹਨ, ਪੜ੍ਹ ਕੇ ਝਗੜੇ ਵਾਲਾ ਹੀ ਵਖਿਆਨ ਕਰਦੇ ਹਨ।ਬ੍ਰਹਮ ਜੋ ਹਿਰਦੇ ਵਿਚ ਵਸਦਾ ਹੈ, ਉਸ ਨੂੰ (ਗੁਰੂ ਦੇ) ਸ਼ਬਦ ਦੁਆਰਾ ਨਹੀਂ ਪਛਾਣਦੇ।ਜੋ ਗੁਰਮੁਖ ਹੁੰਦਾ ਹੈ, ਉਹ ਮੱਖਣ ਰਿੜਕਦਾ (ਅਸਲੀਅਤ ਨੂੰ ਵਿਚਾਰਦਾ) ਹੈ ਅਤੇ ਉਸ ਦੀ ਜੀਭ ਹਰੀ ਦੇ ਨਾਮ ਦਾ ਰਸ ਮਾਣਦੀ ਹੈ।੧੧।

ਪੰਚ ਸਬਦ = ੧. ਪੰਚ ਜਨਾਂ ਨਾਲ ਮਿਲ ਕੇ (ਉਸ ਨੇ) ਸ਼ਬਦ (ਨਾਮ ਸਿਮਰਨ) ਦਾ ਵਾਜਾ ਵੱਜਾਇਆ ਹੈ।

੨. (ਉਸ ਦੇ ਅੰਦਰ) ਪੰਚ ਕਿਸਮਾਂ ਦੇ ਇਕੱਠੇ ਸ਼ਬਦਾਂ ਦਾ ਮਿਲ ਕੇ ਵਾਜਾ (ਆਤਮ ਸੰਗੀਤ) ਵੱਜਣ ਲਗ ਪਿਆ ਹੈ।

ਪਦਾਰਥ = ਸਚੁ ਅਮਰੁ–ਸੱਚਾ ਹੁਕਮ।ਸਬਦਿ–ਸ਼ਬਦ ਦੁਆਰਾ।ਸੁਹਾਇਆ–ਸੋਹਣਾ ਲਗਦਾ ਹੈ।ਪੰਚ ਸਬਦ–ਪੰਜ ਕਿਸਮਾਂ ਦੇ ਸ਼ਬਦ।ਮਿਲਿ–ਮਿਲ ਕੇ।ਵਾਇਆ–ਵਜਾਇਆ।ਕਾਰਜੁ–ਜੀਵਨ ਸਫਲ ਹੋਣ ਦਾ ਕੰਮ।ਸਚਿ ਨਾਮਿ–ਸੱਚੇ ਨਾਮ ਵਿਚ ਜੁੜਿਆਂ। ਸੁਹੇਲਾ–ਸੌਖਾ; ਸੁਖੀ।ਕੇਹਾ–ਕਿਵੇਂ।੭।ਖਿਨ ਮਹਿ–ਇਕ ਖਿਨ ਵਿਚ।ਦੂਜੀ ਦੁਰਮਤਿ–ਦ੍ਵੈਤ ਵਾਲੀ ਖੋਟੀ ਅਕਲ।ਸੰਜੋਗੁ–ਮਿਲਾਪ। ਵਿਜੋਗੁ–ਵਿਛੋੜਾ।ਕਰਤੈ–ਕਰਤਾਰ ਨੇ।ਲਿਖਿ ਪਾਏ–ਲਿਖ ਕੇ ਪਾਏ ਹਨ।ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਕਮਾਈ।ਨ ਚਲੈ–ਮਿਟਦੀ ਨਹੀਂ।ਚਲਾਹਾ–ਮਿਟਾਇਆਂ।੮।ਕਮਾਏ–ਕਮਾਉਂਦਾ ਹੈ।ਜੀਵਨ ਮੁਕਤਿ–ਜਿਉਂਦਾ ਹੀ ਮੁਕਤ ਹੈ।ਸਿਉ–ਨਾਲ।ਸਦ ਹੀ–ਸਦਾ ਹੈ।ਰਹੈ ਸਮਾਏ–ਲੀਨ ਰਹਿੰਦਾ ਹੈ।ਤੇ–ਤੋਂ; ਨਾਲ।ਤਾਹਾ–ਉਸ ਨੂੰ।੯।ਰਸ ਕਸ–ਖੱਟੇ ਮਿੱਠੇ ਕਸੈਲੇ ਸੁਆਦਲੇ ਪਦਾਰਥ। ਪਿੰਡੁ–ਸਰੀਰ।ਭੇਖ ਕਰੈ–ਧਾਰਮਕ ਪਹਿਰਾਵਾ ਧਾਰਨ ਕਰਦਾ ਹੈ।ਅੰਤਰਿ–ਮਨ ਅੰਦਰ।ਬਿਸਟਾ ਮਾਹਿ–ਗੰਦਗੀ ਵਿਚ।ਸਮਾਹਾ ਹੇ– ਮਿਲ ਜਾਂਦਾ ਹੈ।੧੦।ਪੜਹਿ–ਪੜ੍ਹਦੇ ਹਨ।ਪੜਿ–ਪੜ੍ਹ ਕੇ।ਬਾਦੁ–ਝਗੜਾ; ਬਹਿਸ।ਵਖਣਹਿ–ਬਿਆਨ ਕਰਦੇ ਹਨ।ਘਟ ਮਹਿ–

ਹਿਰਦੇ ਵਿਚ। ਬ੍ਰਹਮੁ-ਪ੍ਰਮਾਤਮਾ। ਤਿਸੁ-ਉਸ (ਪ੍ਰਭੂ) ਨੂੰ। ਨ ਪਛਾਣਹਿ-ਨਹੀਂ ਪਛਾਣਦੇ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਤਤੁ-ਮੱਖਣ; ਅਸਲੀਅਤ। ਬਿਲੋਵੈ-ਰਿੜਕਦਾ (ਵਿਚਾਰਦਾ) ਹੈ। ਰਸਨਾ-ਜੀਭ। ਰਸੁ-ਸੁਆਦ। ਤਾਹਾ-ਉਸ ਦੀ।੧੧।

ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥ ਅਨ ਰਸ ਰਾਤੀ ਰਸਨਾ ਫੀਕੀ ਬੋਲੇ, ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥ ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ, ਸੁਪਨੈ ਸੁਖੁ ਨ ਤਾਹਾ ਹੇ ॥੧੩॥ ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ, ਭਾਣਾ ਬੁਝਿ ਸਮਾਹਾ ਹੇ ॥੧੪॥ ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥ ਆਪੇ ਬਖਸੇ ਸਬਦਿ ਮਿਲਾਏ, ਤਿਸ ਦਾ ਸਬਦੁ ਅਥਾਹਾ ਹੇ ॥੧੫॥ ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ ਸਚਾ ਸਾਹਿਬੁ ਠਾਕੁਰੁ ਮੇਰਾ ॥ ਨਾਨਕ ਗੁਰਬਾਣੀ ਹਰਿ ਪਾਇਆ, ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥(ਹੇ ਭਾਈ!) ਮਨਮੁਖ ਬੰਦੇ ਹਿਰਦੇ ਵਿਚ ਪਈ ਨਾਮ ਵਸਤੂ ਛਡ ਦੇਂਦੇ ਹਨ ਅਤੇ ਬਾਹਰ ਭਟਕਦੇ ਫਿਰਦੇ ਹਨ। ਮਨਮੁਖ ਅੰਨ੍ਹੇ (ਨਾਮ ਦਾ) ਸੁਆਦ ਪ੍ਰਾਪਤ ਨਹੀਂ ਕਰ ਸਕਦੇ। (ਉਨ੍ਹਾਂ ਦੀ) ਜੀਭ ਹੋਰ ਰਸਾਂ ਵਿਚ ਮਗਨ ਹੋਈ ਫਿੱਕੇ ਬੋਲ ਬੋਲਦੀ ਹੈ, ਉਸ ਦੀ ਜੀਭ ਨੂੰ ਰਹੀ ਦਾ ਨਾਮ ਰਸ ਬਿਲਕੁਲ ਹੀ ਨਹੀਂ ਮਿਲਦਾ।੧੨। ਮਨਮੁਖ ਦੇ ਸਰੀਰ ਦਾ ਭਰਮ ਹੀ ਮਾਲਕ ਬਣਿਆ ਹੋਇਆ ਹੈ (ਉਹ ਭਰਮ ਦੇ ਅਸਰ ਹੇਠ ਸਾਰੇ ਕੰਮ ਕਰਦਾ ਹੈ। ਉਹ) ਹਰ ਰੋਜ ਖੁਆਰ ਹੁੰਦਾ ਹੈ ਅਤੇ ਖੋਟੀ ਅਕਲ ਹੋਣ ਕਰਕੇ ਨਿਸ਼ਫਲ ਹੀ ਮਰ ਜਾਂਦਾ ਹੈ। (ਉਸ ਨੇ ਅਪਣਾ) ਮਨ ਕਾਮ, ਕ੍ਰੋਧ ਤੇ ਦ੍ਵੈਤ ਵਿਚ ਲਾਇਆ ਹੋਇਆ ਹੈ, (ਜਿਸ ਕਰਕੇ) ਉਸ ਨੂੰ ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ।੧੩। ਗੁਰਮੁਖ ਦੀ ਸੋਨੇ ਵਰਗੀ ਅਮੋਲਕ ਦੇਹ ਦਾ ਮਾਲਕ ਗੁਰ ਦਾ ਸ਼ਬਦ ਹੈ। ਹਰੀ ਨਾਲ ਪਿਆਰ ਹੋਣ ਕਰਕੇ (ਉਹ) ਹਰ ਰੋਜ ਮਾਲਕ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦਾ ਹੈ। (ਉਸ ਨੇ ਅਪਣੇ) ਸਰੀਰ ਘਰ ਅੰਦਰ ਹੀ ਘਰ ਰਹਿਤ ਪ੍ਰਭੂ ਨੂੰ ਪਾ ਲਿਆ ਅਤੇ (ਉਸ ਦਾ) ਭਾਣਾ ਬੁੱਝ ਕੇ (ਉਸ ਵਿਚ) ਲੀਨ ਹੋ ਗਿਆ ਹੈ।੧੪। (ਹੇ ਭਾਈ!) ਦੇਣ ਵਾਲਾ ਪ੍ਰਭੂ ਆਪ ਹੀ ਦਾਤਾਂ ਦੇਂਦਾ ਰਹਿੰਦਾ ਹੈ। ਉਸ ਅੱਗੇ ਕਿਸੇ ਦਾ ਜੋਰ ਨਹੀਂ ਚੱਲ ਸਕਦਾ। ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ ਗੁਰੂ ਦੇ ਸ਼ਬਦ ਵਿਚ ਮਿਲਾਉਂਦਾ ਹੈ, ਉਸ ਪ੍ਰਭੂ ਦਾ ਹੁਕਮ ਅਥਾਹ ਹੈ।੧੫। ਜਿੰਦ ਅਤੇ ਸਰੀਰ ਸਭ ਕੁਛ ਉਸ ਮਾਲਕ ਦਾ ਦਿਤਾ ਹੋਇਆ ਹੈ। ਉਹ ਸੱਚਾ ਸਾਹਿਬ ਮੇਰਾ ਮਾਲਕ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰਮੁਖਾਂ ਨੇ) ਗੁਰੂ ਦੀ ਬਾਣੀ ਦੁਆਰਾ ਹਰੀ ਨੂੰ ਪਾਇਆ ਹੈ, ਹਰੀ ਨਾਮ ਦਾ ਜਾਪ ਜਪ ਕੇ (ਉਹ ਹਰੀ ਵਿਚ) ਸਮਾਇਆ ਹੈ।੧੬।੫।੧੪।

ਪਦਾਰਥ = ਘਰਿ-ਹਿਰਦੇ ਵਿਚ। ਵਥੁ-ਨਾਮ ਵਸਤੂ। ਛੋਡਹਿ-ਛਡ ਦੇਂਦੇ ਹਨ। ਧਾਵਹਿ-ਭਟਕਦੇ ਹਨ। ਅੰਧੇ-ਅਨ੍ਹੇ (ਅਗਿਆਨੀ)। ਮਨਮੁਖ-ਮਨ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ। ਸਾਦੁ-ਸੁਆਦ। ਨ ਪਾਵਹਿ-ਪ੍ਰਾਪਤ ਨਹੀਂ ਕਰਦੇ। ਅਨ ਰਸ-ਹੋਰ ਰਸਾਂ ਵਿਚ। ਰਾਤੀ-ਮਗਨ ਹੋਈ। ਮੂਲਿ-ਬਿਲਕੁਲ ਹੀ। ਤਾਹਾ-ਉਸ ਦੀ।੧੨। ਦੇਹੀ-ਸਰੀਰ। ਭਤਾਰੋ-ਮਾਲਕ। ਦੁਰਮਤਿ-ਖੋਟੀ ਅਕਲ। ਨਿਤ-ਹਰ ਰੋਜ। ਹੋਇ ਖੁਆਰੋ-ਖੁਆਰ ਹੁੰਦਾ ਹੈ। ਕਾਮਿ-ਕਾਮ ਵਾਸ਼ਨਾ ਵਿਚ। ਕ੍ਰੋਧਿ-ਕ੍ਰੋਧ ਵਿਚ। ਦੂਜੈ-ਦੂਜੇ ਪਾਸੇ; ਦ੍ਵੈਤ ਵਿਚ। ਸੁਪਨੈ-ਸੁਪਨੇ ਵਿਚ ਵੀ।੧੩। ਕੰਚਨ ਦੇਹੀ-ਸੋਨੇ ਵਰਗਾ ਅਮੋਲਕ ਸਰੀਰ। ਅਨਦਿਨੁ-ਹਰ ਰੋਜ। ਭੋਗ ਭੋਗੇ-ਅਨੰਦ ਮਾਣਦਾ ਹੈ। ਸਿਉ-ਨਾਲ। ਮਹਲਾ ਅੰਦਰਿ-ਸਰੀਰ ਘਰ ਅੰਦਰ। ਗੈਰ ਮਹਲੁ-ਘਰ ਰਹਿਤ ਪ੍ਰਭੂ ਨੂੰ। ਪਾਏ-ਪਾਇਆ ਹੈ। ਬੁਝਿ-ਬੁੱਝ ਕੇ। ਸਮਾਹਾ ਹੇ-ਲੀਨ ਹੋ ਗਿਆ ਹੈ।੧੪। ਆਪੇ-ਆਪ ਹੀ। ਦੇਵਣਹਾਰਾ-ਦੇਣ ਵਾਲਾ। ਚਾਰਾ-ਜੋਰ। ਸਬਦਿ-ਸ਼ਬਦ ਵਿਚ। ਸਬਦੁ-ਹੁਕਮ। ਅਥਾਹਾ ਹੇ-ਬਹੁਤ ਡੂੰਘਾ ਹੈ।੧੫। ਜੀਉ-ਜਿੰਦ। ਪਿੰਡੁ-ਸਰੀਰ। ਕੇਰਾ-ਦਾ। ਠਾਕੁਰੁ-ਮਾਲਕ। ਜਾਪਿ-ਜਪ ਕੇ।੧੬।੫।੧੪।

ਮਾਰੂ ਮਹਲਾ ੩ ॥ ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥ ਗੁਰਮੁਖਿ ਕਾਰ ਕਰੇ ਪ੍ਰਭ ਭਾਵੈ, ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥ ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ, ਨਿਜ ਘਰਿ ਵਾਸਾ ਪਾਇਦਾ ॥੨॥ ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥ ਸਦਾ ਸਚਿ ਰੰਗਿ ਰਾਤਾ ਮਨੁ ਮੇਰਾ, ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ, ਸਚੀ ਭਗਤਿ ਦ੍ਰਿੜਾਇਦਾ ॥੪॥ ਗੁਰਮੁਖਿ ਸਚੁ ਬੈਣੀ, ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ, ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥ ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ, ਗੁਰਮੁਖਿ ਸਬਦੁ ਸੁਣਾਇਦਾ ॥੬॥ (ਹੇ ਭਾਈ!) ਵਾਹਿਗੁਰੂ ਦਾ ਸਿਮਰਨ ਹੀ ਗੁਰਮੁਖ ਲਈ ਜੋਗੀਆਂ ਦਾ ਨਾਦ ਵਜਾਉਣਾ ਅਤੇ ਬੇਦਾਂ ਦੀ ਵਿਚਾਰ ਹੈ; ਨਾਮ ਸਿਮਰਨ ਦਾ ਸਦਕਾ ਗੁਰਮੁਖ ਦੇ ਅੰਦਰ ਜੋਗੀਆ ਦਾ ਨਾਦ ਤੇ ਬੇਦਾਂ ਦੀ ਵਿਚਾਰ ਪੈਦਾ ਹੋ ਜਾਂਦੀ ਹੈ। ਗੁਰਮੁਖ ਲਈ ਵਾਹਿਗੁਰੂ ਦਾ ਸਿਮਰਨ ਹੀ ਗਿਆਨ ਤੇ ਧਿਆਨ ਹੈ। ਗੁਰਮੁਖ ਉਹ ਕੰਮ ਕਰਦਾ ਹੈ, ਜੋ ਪ੍ਰਭੂ ਨੂੰ ਚੰਗਾ ਲਗਦਾ ਹੈ, (ਇਸ ਤਰ੍ਹਾਂ) ਗੁਰਮੁਖ ਪੂਰਨ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।੧। ਗੁਰਮੁਖ ਅਪਣੇ ਮਨ ਨੂੰ ਮਾਇਆ ਵੱਲੋਂ ਉਲਟਾ ਕੇ ਰੋਕ ਰਖਦਾ ਹੈ {ਬਾਹਰਿ ਜਾਤਉ ਉਲਟਿ ਪਰਾਵੈ ੪੧੪}। ਗੁਰਮੁਖ ਗੁਰੂ ਦੀ ਬਾਣੀ ਦਾ ਹੀ ਨਾਦ ਵਜਾਉਂਦਾ ਹੈ ਭਾਵ ਗੁਰਬਾਣੀ ਦਾ ਕੀਰਤਨ ਕਰਦਾ ਹੈ। ਗੁਰਮੁਖ ਸੱਚੇ ਨਾਮ ਵਿਚ ਰੰਗੇ ਹੋਏ ਬੈਰਾਗੀ (ਨਿਰਲੇਪ) ਹਨ, (ਇਉਂ ਉਹ) ਅਪਣੇ ਅਸਲੀ ਘਰ ਵਿਚ

ਵਾਸਾ ਪਾਉਂਦੇ ਹਨ।੨।(ਹੇ ਭਾਈ!) ਗੁਰੂ ਦੀ ਉਚਾਰੀ ਹੋਈ ਸਿੱਖਿਆ ਅੰਮ੍ਰਿਤ ਰੂਪ ਹੈ।(ਇਸ ਸਿੱਖਿਆ ਵਿਚ) ਸੱਚੇ ਗੁਰੂ ਨੇ ਸ਼ਬਦ ਦੁਆਰਾ ਸੱਚੇ ਪ੍ਰਭੂ ਨੂੰ ਚੰਗੀ ਤਰ੍ਹਾਂ ਉਚਾਰਨ ਕੀਤਾ ਹੋਇਆ ਹੈ।ਮੇਰਾ ਮਨ ਸੱਚੇ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ ਅਤੇ ਸੱਚੇ ਨਾਮ ਨੂੰ ਜਪ ਕੇ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।੩।(ਹੇ ਭਾਈ!) ਗੁਰਮੁਖ ਸਤਸੰਗਤ ਰੂਪ ਸਰੋਵਰ ਵਿਚ ਨ੍ਹਾਉਂਦਾ ਹੈ, (ਇਸ ਲਈ ਉਸ ਦਾ) ਮਨ ਪਵਿਤ੍ਰ ਹੁੰਦਾ ਹੈ।(ਉਸ ਨੂੰ ਵਿਕਾਰਾਂ ਦੀ) ਮੈਲ ਨਹੀਂ ਲਗਦੀ, (ਕਿਉਕਿ ਉਹ) ਸੱਚੇ ਨਾਮ ਵਿਚ ਲੀਨ ਰਹਿੰਦਾ ਹੈ।(ਉਹ) ਸਦਾ ਹੀ ਨਿਰੋਲ ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ ਅਤੇ (ਅਪਣੇ ਸੰਗੀ ਸਾਥੀਆਂ ਨੂੰ) ਸੱਚੀ ਭਗਤੀ ਦ੍ਰਿੜ ਕਰਾਉਂਦਾ ਹੈ।੪।(ਹੇ ਭਾਈ!) ਗੁਰਮੁਖ ਦੇ ਬਚਨਾਂ ਵਿਚ ਸੱਚਾ ਪ੍ਰਭੂ ਵਸਦਾ ਹੈ ਅਤੇ ਗੁਰਮੁਖ ਦੀਆਂ ਅੱਖਾਂ ਵਿਚ ਵੀ ਸੱਚਾ ਪ੍ਰਭੂ ਵਸਦਾ ਹੈ ਭਾਵ ਉਹ ਸੱਚ ਬੋਲਦਾ ਹੈ ਤੇ ਸੱਚ ਹੀ ਦੇਖਦਾ ਹੈ।ਗੁਰਮੁਖ ਸੱਚੀ ਕਰਨੀ ਕਰਦਾ ਹੈ।(ਉਹ) ਦਿਨ ਰਾਤ ਸਦਾ ਹੀ ਸੱਚ ਬੋਲਦਾ ਹੈ ਅਤੇ ਹੋਰਨਾਂ ਤੋਂ ਵੀ ਸਚ ਕਹਾਉਂਦਾ (ਸੱਚ ਬੋਲਣ ਦੀ ਪ੍ਰੇਰਨਾ ਦੇਂਦਾ) ਹੈ।੫।(ਹੇ ਭਾਈ!) ਗੁਰਮੁਖ ਦੀ ਬੋਲ ਬਾਣੀ ਸੱਚੀ ਤੇ ਉਤਮ ਹੁੰਦੀ ਹੈ।ਗੁਰਮੁਖ ਨਿਰੋਲ ਸੱਚੇ ਨਾਮ ਨੂੰ ਉਚਾਰਦਾ ਹੈ।ਗੁਰਮੁਖ ਸਦਾ ਕੇਵਲ ਸੱਚੇ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ, (ਹੇ ਭਾਈ!) ਗੁਰਮੁਖਿ ਹੋਰਨਾਂ ਨੂੰ ਵੀ ਗੁਰੂ ਦਾ ਉਪਦੇਸ਼ ਸੁਣਾਉਂਦਾ ਹੈ।੬।

ਗੁਰਮੁਖ ਨਾਦ = ਗੁਰਮੁਖਾਂ ਦਾ ਉਪਦੇਸ਼ ਹੀ ਬੇਦਾਂ ਦੀ ਵਿਚਾਰ ਹੈ।ਗੁਰਮੁਖਾਂ ਦਾ ਗਿਆਨ ਬੇਅੰਤ ਹੈ ਤੇ ਧਿਆਨ ਵੀ ਬੇਅੰਤ ਹੈ।

ਪਦਾਰਥ = ਗੁਰਮੁਖ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਨਾਦ–ਜੋਗੀ ਦਾ ਸਿੰਙੀ ਵਜਾਉਣਾ।ਬੇਦ ਬੀਚਾਰੁ–ਬੇਦਾਂ ਦੀ ਵਿਚਾਰ। ਅਪਾਰੁ–ਬੇਅੰਤ ਪ੍ਰਭੂ।ਕਾਰ ਕਰੇ–ਕੰਮ ਕਰਦਾ ਹੈ।ਭਾਵੈ–ਚੰਗਾ ਲਗਦਾ ਹੈ।ਪੂਰਾ ਪਾਇਦਾ–ਪੂਰਨ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।੧ ।ਉਲਟਿ–ਉਲਟਾ (ਮੋੜ) ਕੇ।ਮਨੂਆ ਪਰਾਵੈ–ਮਨ ਨੂੰ ਰੋਕ ਰਖਦਾ ਹੈ; ਦੌੜਦੇ ਮਨ ਨੂੰ।ਬਾਣੀ–ਗੁਰਬਾਣੀ।ਵਜਾਵੈ–ਵਜਾਉਂਦਾ ਹੈ। ਸਚਿ–ਸੱਚੇ ਨਾਮ ਵਿਚ।ਰਤੇ–ਰੰਗੇ ਹੋਏ।ਬੈਰਾਗੀ–ਨਿਰਲੇਪ; ਉਦਾਸ।ਨਿਜ ਘਰਿ–ਅਪਣੇ ਅਸਲੀ ਘਰ ਵਿਚ।੨।ਸਾਖੀ–ਸਿੱਖਿਆ ।ਭਾਖੀ–ਉਚਾਰੀ ਹੋਈ।ਸਚੈ–ਸੱਚੇ ਗੁਰੂ ਨੇ।ਸਬਦੇ–ਸ਼ਬਦ ਦੁਆਰਾ।ਸਚੁ–ਸੱਚੇ ਪ੍ਰਭੂ ਨੂੰ।ਸੁਭਾਖੀ–ਚੰਗੀ ਤਰ੍ਹਾਂ ਉਚਾਰਨ ਕੀਤਾ ਹੈ ।ਸਚਿ ਰੰਗਿ–ਸੱਚੇ ਨਾਮ ਰੰਗ ਵਿਚ।ਰਾਤਾ–ਰੰਗਿਆ ਹੈ।ਸਚੇ–ਸੱਚੇ ਨਾਮ ਨੂੰ ਜਪ ਕੇ।ਸਚਿ–ਸੱਚੇ ਪ੍ਰਭੂ ਵਿਚ।ਸਮਾਇਦਾ–ਲੀਨ ਰਹਿੰਦਾ ਹੈ।੩।ਨਿਰਮਲੁ–ਪਵਿਤ੍ਰ।ਸਤ ਸਰਿ–ਸਤਸੰਗਤ ਰੂਪ ਸਰੋਵਰ ਵਿਚ।ਨਾਵੈ–ਨ੍ਹਾਉਂਦਾ ਹੈ।ਸਮਾਵੈ–ਲੀਨ ਰਹਿੰਦਾ ਹੈ।ਸਚੋ ਸਚੁ–ਨਿਰੋਲ ਨਾਮ ਸਿਮਰਨ ਦੀ।ਕਮਾਵੈ–ਕਮਾਈ ਕਰਦਾ ਹੈ।ਸਦ ਹੀ–ਸਦਾ ਹੀ।ਦ੍ਰਿੜਾਇਦਾ–ਦ੍ਰਿੜ ਕਰਾਉਂਦਾ ਹੈ।੪।ਬੈਣੀ–ਬਚਨਾਂ ਵਿਚ।ਨੈਣੀ–ਅੱਖਾਂ ਵਿਚ।ਕਮਾਵੈ ਕਰਣੀ–ਕਰਨ ਯੋਗ ਕਰਮ ਕਰਦਾ ਹੈ।ਰਾਤੀ–ਰਾਤ।ਅਵਰਾ–ਹੋਰਨਾਂ ਤੋਂ।੫।ਸਚੀ ਬਾਣੀ –ਬੋਲ ਬਾਣੀ ਸੱਚੀ ਹੈ।ਵਖਾਣੀ–ਉਚਾਰਦਾ ਹੈ।ਸੇਵਹਿ–ਸੇਵਾ ਭਗਤੀ ਕਰਦੇ ਹਨ।ਸਬਦੁ–ਉਪਦੇਸ਼।੬।

ਅੰਗ ੧੦੫੯ = ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥ ਗੁਰ ਕੀ ਪਉੜੀ ਊਤਮ ਊਚੀ, ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ, ਆਪੁ ਗਵਾਇ ਸਮਾਇਦਾ ॥੮॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ, ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗ ਰਾਤਾ, ਭਾਣੈ ਮੰਨਿ ਵਸਾਇਦਾ ॥੧੦॥ ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥ ਬਿਖਿਆ ਰਾਤੇ ਦੁਖੁ ਕਮਾਵਹਿ, ਦੁਖੇ ਦੁਖਿ ਸਮਾਇਦਾ ॥੧੧॥(ਹੇ ਭਾਈ! ਜਿਹੜਾ) ਗੁਰਮੁਖ ਹੁੰਦਾ ਹੈ, ਉਹ ਆਤਮਕ ਜੀਵਨ ਦੀ ਸੋਝੀ ਪ੍ਰਾਪਤ ਕਰਦਾ ਹੈ।(ਉਹ ਅਪਣੇ ਅੰਦਰੋਂ) ਮਾਇਆ ਦੀ ਹਉਮੈ ਅਤੇ ਭਰਮ ਨੂੰ ਦੂਰ ਕਰਦਾ ਹੈ।(ਉਹ) ਸੱਚੇ ਗੁਰੂ ਦੇ ਦਰਬਾਰ ਵਿਚ ਹਰੀ ਦੇ ਗੁਣ ਗਾਉਂਦਾ ਹੈ, (ਇਹੋ ਹੀ) ਗੁਰੂ ਦੇ ਉਪਦੇਸ਼ ਦੀ ਉਤਮ ਤੇ ਉਚੀ ਪੌੜੀ ਹੈ (ਜਿਸ ਰਾਹੀਂ ਉਹ ਉਚੀ ਆਤਮਕ ਅਵਸਥਾ ਵਿਚ ਜਾ ਚੜ੍ਹਦਾ ਹੈ)।੭।(ਹੇ ਭਾਈ!) ਗੁਰਮੁਖ ਦੇ ਜਿਉਣ ਦਾ ਤਰੀਕਾ ਸੱਚਾ ਹੈ ਅਤੇ (ਉਸ ਦਾ ਨਾਮ ਜਪਣ ਦਾ) ਕਰਮ ਸ੍ਰੇਸ਼ਟ ਹੈ।ਗੁਰਮੁਖ ਮੁਕਤੀ ਦਾ ਦੁਆਰ (ਗਿਆਨ) ਪ੍ਰਾਪਤ ਕਰ ਲੈਂਦਾ ਹੈ।(ਉਹ) ਪ੍ਰੇਮਾ ਭਗਤੀ ਦੇ ਕਾਰਣ ਸਦਾ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ ਆਪਾ ਭਾਵ ਦੂਰ ਕਰਕੇ ਪ੍ਰਭੂ ਵਿਚ ਸਮਾ ਜਾਂਦਾ ਹੈ।੮।(ਹੇ ਭਾਈ! ਜਿਹੜਾ) ਗੁਰਮੁਖ ਹੁੰਦਾ ਹੈ, (ਉਹ ਅਪਣੇ) ਮਨ ਨੂੰ ਖੋਜ ਕੇ (ਮਨ ਨੂੰ ਵਸ ਕਰਨ ਦਾ ਸਾਧਨ ਹੋਰਨਾਂ ਨੂੰ) ਸੁਣਾਉਂਦਾ ਹੈ।(ਉਹ) ਸਦਾ ਸੱਚੇ ਪ੍ਰਭੂ ਦੇ ਨਾਮ ਵਿਚ ਸੁਰਤ ਜੋੜਦਾ ਹੈ। (ਗੁਰਮੁਖ ਜਾਣ ਲੈਂਦਾ ਹੈ ਕਿ) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਉਹ ਹੀ ਕਰੇਗਾ, (ਹੁਣ ਵਰਤਮਾਨ ਸਮੇਂ ਵਿਚ ਵੀ ਉਹ ਹੀ ਕੁਝ ਕਰਦਾ ਹੈ) ਜੋ ਸਚੇ ਪ੍ਰਭੂ ਦੇ ਮਨ ਨੂੰ ਚੰਗਾ ਲਗਦਾ ਹੈ।੯।ਜਦੋਂ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਤਾਂ (ਉਹ ਮਨੁੱਖ ਨੂੰ) ਸਤਿਗੁਰੂ ਮਿਲਾ ਦੇਂਦਾ ਹੈ।ਜਦੋਂ ਉਸ ਪ੍ਰਭੂ ਨੂੰ ਚੰਗਾ ਲੱਗੇ, ਤਾਂ (ਉਹ ਸਤਿਗੁਰੂ ਦਾ ਉਪਦੇਸ਼ ਮਨੁੱਖ ਦੇ) ਮਨ ਵਿਚ ਵਸਾਉਂਦਾ ਹੈ।(ਪ੍ਰਭੂ) ਅਪਣੇ ਭਾਣੇ ਵਿਚ ਸਦਾ ਅਨੰਦ ਵਿਚ ਰੰਗਿਆ ਰਹਿੰਦਾ ਹੈ ਅਤੇ ਅਪਣੇ ਭਾਣੇ ਵਿਚ ਹੀ (ਮਨੁੱਖ ਦੇ) ਮਨ ਵਿਚ ਅਪਣਾ ਨਾਮ ਵਸਾਉਂਦਾ ਹੈ।੧੦।(ਹੇ ਭਾਈ! ਜਿਹੜਾ ਮਨੁੱਖ) ਮਨ ਦੇ ਹਠ ਨਾਲ ਕਰਮ ਕਰਦਾ ਹੈ, ਉਹ ਨਾਸ਼ ਹੁੰਦਾ ਹੈ।(ਅਜੇਹਾ ਮਨੁੱਖ) ਭੇਖ ਵੀ ਬਹੁਤ ਕਰਦਾ ਹੈ, (ਪਰ ਇਸ ਨਾਲ) ਪ੍ਰਭੂ ਖੁਸ਼ ਨਹੀਂ ਹੁੰਦਾ।ਮਾਇਆ ਦੇ ਮੋਹ ਵਿਚ ਮਸਤ ਮਨੁੱਖ ਦੁਖ ਹੀ ਖੱਟਦੇ ਹਨ, (ਅੰਤ

ਨੂੰ ਉਹ) ਦੁਖੀ ਹੋਏ ਦੁਖ ਵਿਚ ਹੀ ਸਮਾ (ਮਰ) ਜਾਂਦੇ ਹਨ।੧੧।

ਪਦਾਰਥ = ਗੁਰਮੁਖ–ਗੁਰੂ ਅਨੁਸਾਰੀ ਮਨੁੱਖ।ਸੁ–ਉਹ।ਪਾਏ–ਪ੍ਰਾਪਤ ਕਰਦਾ ਹੈ।ਗਵਾਏ–ਦੂਰ ਕਰਦਾ ਹੈ।ਦਰਿ ਸਚੈ–ਸੱਚੇ ਗੁਰੂ ਦੇ ਦਰਬਾਰ ਵਿਚ।੭।ਸਚੁ ਸੰਜਮੁ–ਜਿਉਣ ਦਾ ਤਰੀਕਾ ਸੱਚਾ ਹੈ।ਕਰਣੀ–ਕਰਮ।ਸਾਰੁ–ਸ੍ਰੇਸ਼ਟ।ਮੋਖ ਦੁਆਰੁ–ਮੁਕਤੀ ਦਾ ਦਰਵਾਜਾ (ਗਿਆਨ)।ਭਾਇ ਭਗਤਿ–ਪ੍ਰੇਮਾ ਭਗਤੀ।ਰੰਗਿ ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਹੈ।ਆਪੁ–ਆਪਾ ਭਾਵ (ਅਪਣੱਤ)।ਸਮਾਇਦਾ–ਮਿਲ ਜਾਂਦਾ ਹੈ।੮।ਖੋਜਿ–ਖੋਜ ਕੇ।ਸਚੈ ਨਾਮਿ–ਸੱਚੇ ਪ੍ਰਭੂ ਦੇ ਨਾਮ ਵਿਚ।ਲਿਵ ਲਾਏ–ਸੁਰਤ ਜੋੜਦਾ ਹੈ।ਤਿਸੁ–ਉਸ (ਪ੍ਰਭੂ) ਨੂੰ। ਭਾਵੈ–ਚੰਗਾ ਲਗਦਾ ਹੈ।ਸੋਈ–ਉਹ ਹੀ।ਕਰਸੀ–ਕਰੇਗਾ।ਸਚੇ ਮਨਿ–ਸੱਚੇ ਪ੍ਰਭੂ ਦੇ ਮਨ ਨੂੰ।ਭਾਇਦਾ–ਚੰਗਾ ਲਗਦਾ ਹੈ।੯।ਜਾ–ਜਦੋਂ।ਮੰਨਿ–ਮਨ ਵਿਚ।ਭਾਣੈ–ਭਾਣੇ ਵਿਚ।ਰੰਗਿ ਰਾਤਾ–ਅਨੰਦ ਵਿਚ ਮਸਤ ਹੁੰਦਾ ਹੈ।੧੦।ਮਨ ਹਠਿ–ਮਨ ਦੇ ਹਠ ਨਾਲ।ਸੋ–ਉਹ।ਛੀਜੈ–ਨਾਸ਼ ਹੁੰਦਾ ਹੈ।ਭੇਖ–ਧਾਰਮਕ ਪਹਿਰਾਵਾ।ਭੀਜੈ–ਖੁਸ਼ ਹੁੰਦਾ ਹੈ।ਬਿਖਿਆ ਰਾਤੇ–ਮਾਇਆ ਵਿਚ ਮਸਤ।ਕਮਾਵਹਿ ਖੱਟਦੇ (ਕਮਾਈ ਕਰਦੇ) ਹਨ।ਦੁਖਿ–ਦੁਖ ਵਿਚ।ਸਮਾਇਦਾ–ਸਮਾ (ਮਰ) ਜਾਂਦਾ ਹੈ।੧੧।

ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ, ਸੋ ਮੇਰੇ ਪ੍ਰਭ ਭਾਇਦਾ ॥੧੨ ॥ ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ, ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ, ਦਰਿ ਸਚੈ ਸੋਭਾ ਪਾਇਦਾ ॥੧੪॥ ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ, ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ ਨਾਨਕ ਨਾਮਿ ਰਤੇ ਵੀਚਾਰੀ, ਨਾਮੇ ਨਾਮਿ ਸਮਾਇਦਾ ॥੧੬॥੧॥੧੫॥ (ਹੇ ਭਾਈ! ਜੋ) ਗੁਰਮੁਖ ਹੁੰਦਾ ਹੈ, ਉਹ ਸੁਖ ਦੇਣ ਵਾਲੇ ਕਰਮ ਕਰਦਾ ਹੈ।(ਉਸ ਨੂੰ) ਮਰਣ ਤੇ ਜੀਵਣ ਦੀ ਸਮਝ ਪ੍ਰਾਪਤ ਹੋ ਜਾਂਦੀ ਹੈ (ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਮੌਤ ਕੀ ਹੈ ਤੇ ਜੀਵਨ ਕੀ ਹੈ?)।ਜੋ ਮਨੁੱਖ ਮੌਤ ਤੇ ਜੀਵਨ ਨੂੰ ਬਰਾਬਰ ਕਰਕੇ ਜਾਣਦਾ ਹੈ (ਨਾ ਜੀਵਨ ਦਾ ਮੋਹ ਤੇ ਨਾ ਮੌਤ ਦਾ ਡਰ), ਉਹ ਮੇਰੇ ਪ੍ਰਭੂ ਨੂੰ ਚੰਗਾ ਲਗਦਾ ਹੈ।੧੨।(ਜਦੋਂ ਗੁਰਮੁਖ ਮਰਦੇ ਹਨ, (ਰੱਬੀ ਦਰਗਾਹ ਵਿਚ) ਪ੍ਰਵਾਨ ਹੁੰਦੇ ਹਨ।(ਹੇ ਭਾਈ!) ਆਉਣਾ ਜਾਣਾ (ਜੰਮਣਾ ਮਰਨਾ) ਪ੍ਰਭੂ ਦਾ ਹੁਕਮ ਹੀ ਸਮਝ।(ਜਿਸ ਮਨੁੱਖ ਦਾ) ਮਨ ਵਿਚ ਹੀ ਮਨ ਸਮਾ ਜਾਂਦਾ ਹੈ ਭਾਵ ਹਰੀ ਦੇ ਵੱਡੇ ਮਨ ਵਿਚ ਮਨੁੱਖ ਦਾ ਮਨ ਲੀਨ ਹੋ ਜਾਂਦਾ ਹੈ (ਜੋਤ ਵਿਚ ਜੋਤ ਰਲ ਜਾਂਦੀ ਹੈ, ਉਹ) ਨਾ ਮਰਦਾ ਹੈ ਤੇ ਨਾ ਜੰਮਦਾ ਹੈ, ਨਾ ਹੀ (ਉਹ ਜੰਮਣ ਮਰਨ ਦਾ) ਦੁਖ ਪਾਉਂਦਾ ਹੈ।੧੩।(ਹੇ ਭਾਈ!) ਉਹ ਮਨੁੱਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਸਤਿਗੁਰੂ ਪ੍ਰਾਪਤ ਕੀਤਾ ਹੈ।ਅਤੇ (ਉਨ੍ਹਾਂ ਨੇ ਅਪਣੇ) ਮਨ ਵਿਚੋਂ ਹਉਮੈ ਤੇ ਮਾਇਆ ਦਾ ਮੋਹ ਦੂਰ ਕਰ ਦਿਤਾ ਹੈ।(ਜਿਸ ਮਨੁੱਖ ਦਾ) ਮਨ ਨਿਰਮਲ ਹੋ ਗਿਆ ਹੈ, (ਉਸ ਨੂੰ) ਮੁੜ ਕੇ ਵਿਕਾਰਾਂ ਦੀ ਮੈਲ ਨਹੀਂ ਲਗਦੀ ਤੇ ਉਹ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਭਾ ਪਾਉਂਦਾ ਹੈ।੧੪।(ਹੇ ਭਾਈ!) ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ ਅਤੇ ਆਪ ਹੀ (ਜੀਵਾਂ ਪਾਸੋਂ ਸਾਰੇ ਕੰਮ) ਕਰਾਉਂਦਾ ਹੈ।ਪ੍ਰਭੂ ਆਪ ਹੀ (ਜੀਵਾਂ ਦੇ ਕਰਮ) ਦੇਖਦਾ ਹੈ, ਉਹ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਜੀਵਾਂ ਨੂੰ ਮਾਰਦਾ ਹੈ।ਗੁਰੂ ਦੀ ਸੇਵਾ ਮੇਰੇ ਪ੍ਰਭੂ ਨੂੰ ਚੰਗੀ ਲਗਦੀ ਹੈ, (ਉਹ ਮਨੁੱਖ ਦੀ) ਸੱਚੀ ਬੇਨਤੀ ਸੁਣ ਕੇ ਪ੍ਰਵਾਨ ਕਰ ਲੈਂਦਾ ਹੈ; (ਮਨੁੱਖ ਪਾਸੋਂ) ਸੱਚਾ ਨਾਮ ਸੁਣ ਕੇ (ਉਸ ਦੀ ਮਿਹਨਤ) ਪ੍ਰਵਾਨ ਕਰਦਾ ਹੈ।੧੫।(ਹੇ ਭਾਈ!) ਗੁਰਮੁਖ ਕੇਵਲ ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।ਗੁਰਮੁਖ ਦਾ ਮਨ ਨਿਰਮਲ ਹੈ, (ਉਹ ਮਨ ਨੂੰ) ਵਿਕਾਰਾਂ ਦੀ ਮੈਲ ਨਹੀਂ ਲਾਉਂਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, ਉਹ ਵਿਚਾਰਵਾਨ ਹਨ, ਉਹ ਨਾਮ ਸਿਮਰਨ ਦੁਆਰਾ ਨਾਮ ਵਿਚ ਲੀਨ ਹੋਏ ਰਹਿੰਦੇ ਹਨ।੧੬।੧।੧੫।

ਪਦਾਰਥ = ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਸੁ–ਉਹ।ਕਮਾਏ–ਕਰਦਾ ਹੈ; ਖੱਟਦਾ ਹੈ।ਸੋਝੀ–ਸਮਝ।ਪਾਏ–ਪ੍ਰਾਪਤ ਹੋ ਜਾਂਦੀ ਹੈ ।ਸਮ ਕਰਿ–ਇਕੋ ਜਿਹਾ ਕਰਕੇ।ਸੋ–ਉਹ।ਭਾਇਦਾ–ਚੰਗਾ ਲਗਦਾ ਹੈ।੧੨।ਗੁਰਮੁਖਿ–ਗੁਰੂ ਦੁਆਰਾ।ਮਰਹਿ–ਮਰਦੇ ਹਨ।ਹਹਿ–ਹਨ।ਆਵਣੁ ਜਾਣਾ–ਜੰਮਣਾ ਮਰਨਾ।ਸਬਦੁ–(ਪ੍ਰਭੂ ਦਾ) ਹੁਕਮ।ਪਛਾਣੁ–ਸਮਝ ਲੈ।ਮਨ ਹੀ ਮਨਹਿ–ਮਨ ਵਿਚ ਹੀ ਮਨ। ਸਮਾਇਦਾ–ਲੀਨ ਹੋ ਜਾਂਦਾ ਹੈ।੧੩।ਸੇ–ਉਹ।ਜਿਨੀ–ਜਿਨ੍ਹਾਂ ਨੇ।ਵਿਚਹੁ–ਮਨ ਵਿਚੋਂ।ਚੁਕਾਇਆ–ਦੂਰ ਕਰ ਦਿਤਾ ਹੈ।ਨਿਰਮਲੁ–ਪਵਿਤ੍ਰ।ਫਿਰਿ–ਮੁੜ ਕੇ।ਦਰਿ ਸਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ।੧੪।ਆਪੇ–ਆਪ ਹੀ।ਥਾਪਿ–ਪੈਦਾ ਕਰਕੇ।ਉਥਾਪੇ–ਨਾਸ਼ ਕਰਦਾ ਹੈ।ਭਾਵੈ–ਚੰਗੀ ਲਗਦੀ ਹੈ।ਸਚੁ–ਸੱਚੀ ਬੇਨਤੀ; ਸੱਚਾ ਨਾਮ।ਸੁਣਿ–ਸੁਣ ਕੇ।ਲੇਖੈ ਪਾਇਦਾ–ਪ੍ਰਵਾਨ ਕਰਦਾ ਹੈ।੧੫।ਸਚੋ ਸਚੁ–ਸੱਚੋ ਸੱਚ (ਸੱਚੇ ਪ੍ਰਭੂ ਦਾ ਨਾਮ ਸਿਮਰਨ)।ਨਾਮਿ ਰਤੇ–ਨਾਮ ਵਿਚ ਰੰਗੇ ਹੋਏ ਹਨ।ਵੀਚਾਰੀ–ਵਿਚਾਰਵਾਨ।ਨਾਮੇ ਨਾਮਿ–ਨਾਮ ਸਿਮਰਨ ਦੁਆਰਾ ਨਾਮ ਵਿਚ।ਸਮਾਇਦਾ–ਲੀਨ ਹੋਏ ਰਹਿੰਦੇ ਹਨ।੧੬।੧।੧੫।

ਮਾਰੂ ਮਹਲਾ ੩ ॥ ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥ ਆਪੇ ਥਾਪਿ ਉਥਾਪਿ ਨਿਵਾਜੀ ॥ ਆਪੇ ਨਿਆਉ ਕਰੇ ਸਭੁ ਸਾਚਾ, ਸਾਚੇ ਸਾਚਿ ਮਿਲਾਇਦਾ ॥੧॥ ਕਾਇਆ ਕੋਟੁ ਹੈ ਆਕਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥ ਬਿਨੁ ਸਬਦੈ ਭਸਮੈ ਕੀ ਢੇਰੀ, ਖੇਹੂ

ਖੇਹ ਰਲਾਇਦਾ ॥੨॥ ਕਾਇਆ ਕੰਚਨ ਕੋਟੁ ਅਪਾਰਾ ॥ ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥ ਗੁਰਮੁਖਿ ਗਾਵੈ ਸਦਾ ਗੁਣ ਸਾਚੇ, ਮਿਲਿ ਪ੍ਰੀਤਮ ਸੁਖੁ ਪਾਇਦਾ ॥੩॥ ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ ਗੁਰ ਕੈ ਸਬਦਿ ਵਣਜਨਿ ਵਾਪਾਰੀ, ਨਦਰੀ ਆਪਿ ਮਿਲਾਇਦਾ ॥੪॥ ਸੋ ਸੂਚਾ ਜਿ ਕਰੋਧੁ ਨਿਵਾਰੇ ॥ ਸਬਦੇ ਬੂਝੈ ਆਪੁ ਸਵਾਰੇ ॥ ਆਪੇ ਕਰੇ ਕਰਾਏ ਕਰਤਾ, ਆਪੇ ਮੰਨਿ ਵਸਾਇਦਾ ॥੫॥ ਨਿਰਮਲ ਭਗਤਿ ਹੈ ਨਿਰਾਲੀ ॥ ਮਨੁ ਤਨੁ ਧੋਵਹਿ ਸਬਦਿ ਵੀਚਾਰੀ ॥ ਅਨਦਿਨੁ ਸਦਾ ਰਹੈ ਰੰਗਿ ਰਾਤਾ, ਕਰਿ ਕਿਰਪਾ ਭਗਤਿ ਕਰਾਇਦਾ ॥੬॥(ਹੇ ਭਾਈ!) ਪ੍ਰਭੂ ਨੇ ਆਪ ਹੀ ਅਪਣੇ ਹੁਕਮ ਨਾਲ ਸਾਰੀ ਸ੍ਰਿਸਟੀ ਸਾਜੀ ਹੈ।(ਉਹ) ਆਪ ਹੀ ਸ੍ਰਿਸਟੀ ਨੂੰ ਪੈਦਾ ਕਰਕੇ (ਇਸ ਨੂੰ) ਸਵਾਰਦਾ ਹੈ, ਆਪ ਹੀ (ਇਸ ਨੂੰ) ਨਾਸ਼ ਕਰਦਾ ਹੈ।ਪ੍ਰਭੂ ਆਪ ਹੀ ਸਾਰੇ (ਜੀਵਾਂ ਦੇ ਅੰਦਰ ਬੈਠਾ) ਸੱਚਾ ਨਿਆਉਂ ਕਰਦਾ ਹੈ ਅਤੇ ਸੱਚੇ ਪੁਰਖਾਂ ਨੂੰ ਸੱਚੇ ਨਾਮ ਦੁਆਰਾ ਪ੍ਰਭੂ ਅਪਣੇ ਨਾਲ ਮਿਲਾ ਲੈਂਦਾ ਹੈ।੧।(ਹੇ ਭਾਈ!) ਸਰੀਰ ਦਾ ਅਕਾਰ ਇਕ ਕਿਲ੍ਹਾ ਹੈ।(ਇਸ ਵਿਚ) ਮਾਇਆ ਦੇ ਮੋਹ ਆਦਿ ਵਿਕਾਰਾਂ ਦਾ ਪਸਾਰਾ ਪਸਰਿਆ ਹੋਇਆ ਹੈ।ਗੁਰੂ ਦੇ ਸ਼ਬਦ ਤੋਂ ਬਿਨਾ (ਇਹ ਸਰੀਰ) ਸੁਆਹ ਦੀ ਢੇਰੀ ਵਾਂਗ ਨਿਸਫਲ ਹੈ, (ਨਾਮ ਸਿਮਰਨ ਤੋਂ ਬਿਨਾ) ਮਿੱਟੀ ਦੇ ਸਰੀਰ ਨੂੰ ਕਾਲ ਮਿੱਟੀ ਵਿਚ ਰਲਾ ਦੇਂਦਾ ਹੈ।੨।(ਹੇ ਭਾਈ! ਮਨੁੱਖ ਦਾ ਉਹ) ਸਰੀਰ ਸੋਨੇ ਦਾ ਬਹੁਤ ਵੱਡਾ ਕਿਲ੍ਹਾ ਹੈ। ਜਿਸ ਵਿਚ ਬੇਅੰਤ ਪ੍ਰਭੂ ਦਾ ਸ਼ਬਦ ਰਮਿਆ ਹੋਇਆ ਹੈ।ਗੁਰਮੁਖ (ਇਸ ਸਰੀਰ ਵਿਚ ਰਹਿ ਕੇ) ਸੱਚੇ ਪ੍ਰਭੂ ਦੇ ਸਦਾ ਗੁਣ ਗਾਉਂਦਾ ਹੈ, (ਉਹ) ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪਾਉਂਦਾ ਹੈ।੩।(ਹੇ ਭਾਈ! ਮਨੁੱਖ ਦਾ) ਸਰੀਰ ਹਰੀ ਦਾ ਮੰਦਰ ਹੈ, (ਇਸ ਨੂੰ) ਹਰੀ ਨੇ ਆਪ ਸਵਾਰਿਆ ਹੈ।ਉਸ ਵਿਚ ਕਾਮਾਦਿਕ ਦੈਂਤਾਂ ਨੂੰ ਮਾਰਨ ਵਾਲਾ ਹਰੀ ਜੀ ਆਪ ਵਸਦਾ ਹੈ।ਗੁਰੂ ਦੇ ਸ਼ਬਦ ਦੁਆਰਾ ਜੋ ਗੁਰਮੁਖ ਵਪਾਰੀ ਨਾਮ ਦਾ ਵਪਾਰ ਕਰਦੇ ਹਨ, ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ ਆਪ ਹੀ (ਉਨ੍ਹਾਂ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ।੪।(ਹੇ ਭਾਈ!) ਉਹ ਮਨੁੱਖ ਸੁੱਚਾ ਹੈ, ਜਿਹੜਾ (ਅਪਣੇ ਅੰਦਰੋਂ) ਕ੍ਰੋਧ ਨੂੰ ਦੂਰ ਕਰਦਾ ਹੈ।ਗੁਰੂ ਦੇ ਸ਼ਬਦ ਰਾਹੀਂ (ਉਹ ਅਪਣੇ ਆਤਮਕ ਜੀਵਨ ਨੂੰ) ਸਮਝਦਾ ਹੈ ਅਤੇ ਅਪਣੇ ਆਪ ਨੂੰ ਸਵਾਰਦਾ ਹੈ।ਕਰਤਾਰ ਆਪ ਹੀ ਸਭ ਕੁਛ ਕਰਦਾ ਹੈ, ਆਪ ਹੀ (ਜੀਵਾਂ ਪਾਸੋਂ ਕੰਮ) ਕਰਾਉਂਦਾ ਹੈ ਅਤੇ ਪ੍ਰਭੂ ਆਪ ਹੀ (ਅਪਣਾ ਨਾਮ ਮਨੁੱਖ ਦੇ) ਮਨ ਵਿਚ ਵਸਾਉਂਦਾ ਹੈ।੫।(ਹੇ ਭਾਈ! ਮਨੁੱਖ ਦੇ ਮਨ ਨੂੰ) ਪਵਿਤ੍ਰ ਕਰਨ ਵਾਲੀ ਪ੍ਰਭੂ ਦੀ ਭਗਤੀ (ਸਾਰੇ ਧਾਰਮਕ ਕਰਮਾਂ ਤੋਂ) ਨਿਰਾਲੀ ਹੈ।(ਪ੍ਰਭੂ ਦੀ ਭਗਤੀ ਕਰਨ ਵਾਲੇ) ਵਿਚਾਰਵਾਨ ਪੁਰਖ ਗੁਰੂ ਦੇ ਸ਼ਬਦ ਦੁਆਰਾ ਅਪਣੇ ਮਨ ਤੇ ਤਨ ਨੂੰ ਧੋ ਲੈਂਦੇ ਹਨ।(ਜਿਹੜਾ ਮਨੁੱਖ) ਹਰ ਰੋਜ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਪ੍ਰਭੂ ਕ੍ਰਿਪਾ ਕਰਕੇ (ਉਸ ਪਾਸੋਂ) ਅਪਣੀ ਭਗਤੀ ਕਰਾਉਂਦਾ ਹੈ।੬।

ਪਦਾਰਥ = ਆਪੇ–ਆਪ ਹੀ।ਹੁਕਮਿ–ਹੁਕਮ ਨਾਲ।ਸਾਜੀ–ਪੈਦਾ ਕੀਤੀ ਹੈ।ਥਾਪਿ–ਪੈਦਾ ਕਰਕੇ।ਉਥਾਪਿ–ਨਾਸ਼ ਕਰਦਾ ਹੈ। ਨਿਵਾਜੀ–ਸਵਾਰਦਾ ਹੈ; ਵਡਿਆਈ ਦੇਂਦਾ ਹੈ।ਨਿਆਉ–ਨਿਆਂ।ਸਾਚੇ–ਸੱਚੇ ਪੁਰਖਾਂ ਨੂੰ।ਸਾਚਿ–ਸੱਚੇ ਨਾਮ ਦੁਆਰਾ।੧।ਕਾਇਆ–ਸਰੀਰ।ਕੋਟੁ–ਕਿਲ੍ਹਾ।ਆਕਾਰਾ–ਅਕਾਰ; ਵਜੂਦ।ਭਸਮੈ ਕੀ–ਸੁਆਹ ਦੀ।ਖੇਹੂ ਖੇਹ–ਮਿੱਟੀ ਦੇ ਸਰੀਰ ਨੂੰ ਮਿਟੀ ਵਿਚ।ਰਲਾਇਦਾ–ਰਲਾ (ਮਿਲਾ) ਦੇਂਦਾ ਹੈ।੨।ਕੰਚਨ ਕੋਟੁ–ਸੋਨੇ ਦਾ ਕਿਲ੍ਹਾ।ਅਪਾਰਾ–ਬਹੁਤ ਵੱਡਾ।ਰਵਿਆ–ਰਮਿਆ ਹੈ; ਵਸਿਆ ਹੈ।ਸਬਦੁ ਅਪਾਰਾ–ਬੇਅੰਤ ਪ੍ਰਭੂ ਦਾ ਸ਼ਬਦ।ਸਾਚੇ–ਸੱਚੇ ਪ੍ਰਭੂ ਦੇ।ਮਿਲਿ ਪ੍ਰੀਤਮ–ਪਿਆਰੇ ਪ੍ਰਭੂ ਨੂੰ ਮਿਲ ਕੇ।੩।ਹਰਿ ਮੰਦਰੁ–ਹਰੀ ਦਾ ਘਰ। ਸਵਾਰੇ–ਸਵਾਰਿਆ (ਬਣਾਇਆ) ਹੈ।ਮੁਰਾਰੇ–ਦੈਂਤਾਂ ਨੂੰ ਮਾਰਨ ਵਾਲਾ ਪ੍ਰਭੂ।ਕੈ ਸਬਦਿ–ਦੇ ਸ਼ਬਦ ਦੁਆਰਾ।ਵਣਜਨਿ–ਵਪਾਰ ਕਰਦੇ ਹਨ।ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ।੪।ਸੋ–ਉਹ।ਸੂਚਾ–ਸੁੱਚਾ (ਪਵਿਤ੍ਰ)।ਜਿ–ਜਿਹੜਾ।ਨਿਵਾਰੇ–ਦੂਰ ਕਰਦਾ ਹੈ। ਸਬਦੇ–ਸ਼ਬਦ ਦੁਆਰਾ।ਬੂਝੈ–ਸਮਝਦਾ ਹੈ।ਆਪੁ–ਅਪਣੇ ਆਪ ਨੂੰ।ਸਵਾਰੇ–ਸੰਵਾਰਦਾ (ਸ਼ਿੰਗਾਰਦਾ) ਹੈ।ਕਰਤਾ–ਕਰਤਾਰ।ਮੰਨਿ–ਮਨ ਵਿਚ।੫।ਨਿਰਮਲ–ਪਵਿਤ੍ਰ ਕਰਨ ਵਾਲੀ।ਨਿਰਾਲੀ–ਅਨੋਖੀ; ਵੱਖਰੀ।ਤਨੁ–ਸਰੀਰ।ਵੀਚਾਰੀ–ਵਿਚਾਰਵਾਨ ਪੁਰਖ।ਅਨਦਿਨੁ –ਹਰ ਰੋਜ।ਰੰਗਿ–ਪ੍ਰੇਮ ਰੰਗ ਵਿਚ।ਰਹੈ ਰਾਤਾ–ਰੰਗਿਆ ਰਹਿੰਦਾ ਹੈ।ਕਰਿ–ਕਰਕੇ।੬।

ਅੰਗ ੧੦੬੦ = ਇਸ ਮਨ ਮੰਦਰ ਮਹਿ ਮਨੂਆ ਧਾਵੈ ॥ ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ ॥ ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ, ਆਪੇ ਖੇਲੁ ਕਰਾਇਦਾ ॥੭॥ ਆਪਿ ਅਪਰੰਪਰੁ ਆਪਿ ਵੀਚਾਰੀ ॥ ਆਪੇ ਮੇਲੇ ਕਰਣੀ ਸਾਰੀ ॥ ਕਿਆ ਕੋ ਕਾਰ ਕਰੇ ਵੇਚਾਰਾ, ਆਪੇ ਬਖਸਿ ਮਿਲਾਇਦਾ ॥੮॥ ਆਪੇ ਸਤਿਗੁਰੁ ਮੇਲੇ ਪੂਰਾ ॥ ਸਚੈ ਸਬਦਿ ਮਹਾ ਬਲ ਸੂਰਾ ॥ ਆਪੇ ਮੇਲੇ ਦੇ ਵਡਿਆਈ, ਸਚੇ ਸਿਉ ਚਿਤੁ ਲਾਇਦਾ ॥੯॥ ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਮੁ ਨਿਧਾਨੁ ਵਸਿਆ ਘਟ ਅੰਤਰਿ, ਰਸਨਾ ਨਾਮੁ ਧਿਆਇਦਾ ॥੧੦॥ ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥ ਜਮ ਕੀ ਫਾਸੀ ਕਬਹੂ ਨ ਤੂਟੈ, ਦੂਜੈ ਭਾਇ ਭਰਮਾਇਦਾ ॥੧੧॥(ਹੇ ਭਾਈ! ਮਨੁੱਖ ਦੇ) ਇਸ ਮੰਦਰ (ਸਰੀਰ) ਵਿਚ ਚੰਚਲ ਮਨ ਦੌੜਦਾ ਰਹਿੰਦਾ ਹੈ।(ਇਹ) ਆਤਮਕ ਸੁਖ ਨੂੰ ਪਰਾਲੀ ਵਾਂਗ ਛਡ ਕੇ ਬਹੁਤ ਦੁਖ ਪਾਉਂਦਾ ਹੈ।ਸਤਿਗੁਰੂ ਨੂੰ ਮਿਲੇ ਬਿਨਾ ਸ਼ਾਂਤੀ ਵਾਲਾ ਟਿਕਾਉ ਪ੍ਰਾਪਤ ਨਹੀਂ ਕਰ ਸਕਦਾ, (ਪਰ ਮਨੁੱਖ ਦੇ ਵਸ ਵਿਚ ਕੁਛ ਨਹੀਂ, ਉਸ ਪਾਸੋਂ ਇਹ) ਖੇਡ ਪ੍ਰਭੂ ਆਪ ਹੀ ਕਰਾਉਂਦਾ ਹੈ।੭।ਪ੍ਰਭੂ ਆਪ ਹੀ ਪਰੇ ਤੋਂ ਪਰੇ ਹੈ ਅਤੇ ਆਪ ਹੀ ਵਿਚਾਰ ਕਰਨ ਵਾਲਾ ਹੈ।(ਉਹ ਨਾਮ ਸਿਮਰਨ ਦੀ) ਸ੍ਰੇਸਟ ਕਰਣੀ ਦੇ ਕੇ ਆਪ ਹੀ

ਮਨੁੱਖ ਨੂੰ ਅਪਣੇ ਨਾਲ ਮਿਲਾਉਂਦਾ ਹੈ।ਮਨੁੱਖ ਵਿਚਾਰਾ ਅਪਣੇ ਆਪ ਕੋਈ ਕੀ ਕੰਮ ਕਰ ਸਕਦਾ ਹੈ? (ਮਨੁੱਖ ਦੇ ਵਸ ਵਿਚ ਕੁਛ ਨਹੀਂ, ਮਨੁੱਖ ਉਤੇ ਉਹ) ਆਪ ਹੀ ਬਖਸਿਸ਼ ਕਰਕੇ ਅਪਣੇ ਨਾਲ ਮਿਲਾ ਲੈਂਦਾ ਹੈ।੮।(ਹੇ ਭਾਈ!) ਪ੍ਰਭੂ ਆਪ ਹੀ ਮਨੁੱਖ ਨੂੰ ਪੂਰੇ ਸਤਿਗੁਰੂ ਨਾਲ ਮਿਲਾਉਂਦਾ ਹੈ।(ਉਹ ਆਪ ਹੀ ਮਨੁੱਖ ਨੂੰ) ਸੱਚੇ ਗੁਰੂ ਦੇ ਸ਼ਬਦ ਵਿਚ ਜੋੜ ਕੇ ਬੜੇ ਬਲ ਵਾਲਾ ਸੂਰਮਾ ਬਣਾ ਦੇਂਦਾ ਹੈ।(ਉਸ ਮਨੁੱਖ ਨੂੰ) ਪ੍ਰਭੂ ਆਪ ਹੀ ਅਪਣੇ ਨਾਲ ਮਿਲਾ ਕੇ ਵਡਿਆਈ ਦੇਂਦਾ ਹੈ ਅਤੇ (ਫਿਰ ਉਹ ਮਨੁੱਖ) ਸੱਚੇ ਪ੍ਰਭੂ ਨਾਲ ਚਿਤ ਲਾਈ ਰੱਖਦਾ ਹੈ।੯।(ਹੇ ਭਾਈ!) ਉਹ ਸੱਚਾ ਪ੍ਰਭੂ ਸਰੀਰ ਰੂਪ ਘਰ ਦੇ ਅੰਦਰ ਹੀ ਵਸਦਾ ਹੈ।(ਪਰ ਇਸ ਗੱਲ ਨੂੰ) ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ।(ਉਸ ਮਨੁੱਖ ਦੇ) ਹਿਰਦੇ ਅੰਦਰ ਨਾਮ ਰੂਪ ਖਜਾਨਾ ਵਸਿਆ ਹੈ, (ਜਿਹੜਾ) ਜੀਭ ਨਾਲ ਪ੍ਰਭੂ ਦਾ ਨਾਮ ਧਿਆਉਂਦਾ ਰਹਿੰਦਾ ਹੈ।੧੦।(ਮਨਮੁਖ) ਪਰਦੇਸ ਫਿਰਦਾ ਰਹਿੰਦਾ ਹੈ, (ਪਰ ਅਪਣੇ) ਹਿਰਦੇ ਨੂੰ ਨਹੀਂ ਭਾਲਦਾ।ਮਾਇਆ ਦੇ ਮੋਹ ਵਿਚ ਫਸਿਆ ਹੋਣ ਕਰਕੇ (ਉਸ ਨੂੰ) ਜਮ ਕਾਲ ਨੇ ਬੰਨ੍ਹਿਆ ਹੋਇਆ ਹੈ।(ਉਸ ਦੇ ਗਲ ਵਿਚੋਂ) ਜਮ ਦੀ ਫਾਹੀ ਕਦੇ ਨਹੀਂ ਟੁੱਟਦੀ, (ਕਿਉਂਕਿ ਉਹ ਅਪਣੇ ਮਨ ਨੂੰ) ਦ੍ਵੈਤ ਭਾਵ ਵਿਚ ਭਰਮਾਈ ਰਖਦਾ ਹੈ।੧੧।

ਪਦਾਰਥ = ਮਨ–ਸਰੀਰ।ਮੰਦਰ ਮਹਿ–ਮੰਦਰ ਵਿਚ।ਮਨੂਆ–ਚੰਚਲ ਮਨ।ਧਾਵੈ–ਦੌੜਦਾ ਹੈ।ਪਰਾਲੀ–ਧਾਨਾਂ ਦੀ ਪਰਾਲੀ (ਫੂਸ); ਨਿਸਫਲ।ਤਿਆਗਿ–ਛਡ ਕੇ।ਬਿਨੁ ਭੇਟੇ–ਮਿਲੇ ਬਿਨਾ।ਠਉਰ–ਟਿਕਾਣਾ; ਸ਼ਾਂਤੀ।੭।ਆਪਿ–ਆਪ ਹੀ।ਅਪਰੰਪਰ–ਪਰੇ ਤੋਂ ਪਰੇ ਬੇਅੰਤ ਪ੍ਰਭੂ।ਵੀਚਾਰੀ–ਵਿਚਾਰ ਕਰਨ ਵਾਲਾ।ਕਰਣੀ–ਕਰਨ ਯੋਗ ਕੰਮ।ਸਾਰੀ–ਸ੍ਰੇਸ਼ਟ।ਕੋ–ਕੋਈ।ਕਾਰ–ਕੰਮ।ਵੇਚਾਰਾ–ਗਰੀਬ; ਸਹਾਇਤਾ ਰਹਿਤ।ਬਖਸਿ–ਬਖਸਿਸ ਕਰਕੇ।੮।ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਵਿਚ ਜੋੜ ਕੇ।ਮਹਾ ਬਲ–ਬਹੁਤ ਮਾਨਸਕ ਤਾਕਤ ਵਾਲਾ।ਸੂਰਾ–ਸੂਰਮਾ।ਦੇ–ਦੇਂਦਾ ਹੈ।ਸਚੇ ਸਿਉ–ਸੱਚੇ ਪ੍ਰਭੂ ਨਾਲ।੯।ਘਰ ਹੀ ਅੰਦਰ–ਹਿਰਦੇ ਘਰ ਅੰਦਰ ਹੀ।ਸਾਚਾ–ਸੱਚਾ ਪ੍ਰਭੂ।ਸੋਈ–ਉਹ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਬੂਝੈ–ਸਮਝਦਾ ਹੈ।ਨਿਧਾਨੁ–ਖਜਾਨਾ।ਘਟ ਅੰਤਰਿ–ਹਿਰਦੇ ਅੰਦਰ। ਰਸਨਾ–ਜੀਭ ਨਾਲ।੧੦।ਦਿਸੰਤਰੁ–ਪਰਦੇਸ।ਭਵੈ–ਘੁੰਮਦਾ ਫਿਰਦਾ ਹੈ।ਅੰਤਰੁ–ਹਿਰਦਾ।ਨਹੀ ਭਾਲੇ–ਨਹੀਂ ਖੋਜਦਾ।ਮੋਹਿ–ਮੋਹ ਵਿਚ।ਬਧਾ–ਬੰਨ੍ਹਿਆ ਹੈ।ਜਮ ਕਾਲੇ–ਕਾਲ ਕਰਨ ਵਾਲੇ ਜਮ ਨੇ।ਕੀ ਫਾਸੀ–ਦੀ ਫਾਹੀ।ਕਬਹੂ–ਕਦੇ ਵੀ।ਦੂਜੈ ਭਾਇ–ਕਿਸੇ ਦੂਜੇ ਦੇ ਪਿਆਰ ਵਿਚ।ਭਰਮਾਇਦਾ–ਭਟਕਾਈ ਰਖਦਾ ਹੈ।੧੧।

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥ ਗੁਰ ਕੈ ਸਬਦਿ ਮਿਲਿਆ ਸਚੁ ਪਾਇਆ, ਸਚੇ ਸਚਿ ਸਮਾਇਦਾ ॥੧੨॥ ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ, ਸਭੁ ਦੁਖ ਕਾ ਪਸਾਰਾ ॥ ਸਤਿਗੁਰ ਸੇਵਹਿ ਸੇ ਸੁਖੁ ਪਾਵਹਿ, ਸਚੈ ਸਬਦਿ ਮਿਲਾਇਦਾ ॥੧੩॥ ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ, ਮਾਇਆ ਮੋਹੁ ਚੁਕਾਇਦਾ ॥੧੪॥ ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥ ਜਮ ਕਾਲੈ ਕੀ ਖਬਰਿ ਨ ਪਾਈ, ਅੰਤਿ ਗਇਆ ਪਛੁਤਾਇਦਾ ॥੧੫॥ ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ, ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥ (ਹੇ ਭਾਈ! ਮਨੁੱਖ) ਜਦ ਤਕ ਗੁਰੂ ਦਾ ਸ਼ਬਦ ਨੂੰ ਹਿਰਦੇ ਵਿਚ ਵਸਾਉਣ ਦੀ ਕਮਾਈ ਨਹੀਂ ਕਰਦਾ, (ਉਦੋਂ ਤਕ) ਹੋਰ ਕੋਈ ਜਪ ਤਪ ਤੇ ਸੰਜਮ ਆਦਿ ਸਾਧਨ (ਮਨੁੱਖ ਦੀ) ਸਹਾਇਤਾ ਨਹੀਂ ਕਰ ਸਕਦੇ।(ਜੋ ਮਨੁੱਖ) ਗੁਰੂ ਦੇ ਸ਼ਬਦ ਵਿਚ ਮਿਲਿਆ ਹੈ, (ਉਸ ਨੇ) ਸੱਚ ਸਰੂਪ ਪ੍ਰਭੂ ਨੂੰ ਪਾਇਆ ਹੈ, (ਉਹ) ਸੱਚੇ ਨਾਮ ਰਾਹੀਂ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।੧੨।(ਹੇ ਭਾਈ!) ਸੰਸਾਰ ਵਿਚ ਕਾਮ ਤੇ ਕ੍ਰੋਧ ਬਹੁਤ ਬਲਵਾਨ ਹਨ।(ਇਨ੍ਹਾਂ ਦੇ ਪ੍ਰਭਾਵ ਹੇਠ ਮਨੁੱਖ) ਬਹੁਤ ਕਰਮ ਕਮਾਉਂਦੇ ਹਨ, (ਨਾਮ ਸਿਮਰਨ ਤੋਂ ਬਿਨਾ ਕੀਤੇ ਕਰਮ) ਸਭ ਦੁਖਾਂ ਦਾ ਹੀ ਪਸਾਰਾ ਹਨ।(ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਸੁਖ ਪਾਉਂਦੇ ਹਨ, (ਗੁਰੂ ਉਨ੍ਹਾਂ ਨੂੰ) ਸ਼ਬਦ ਦੁਆਰਾ ਸੱਚੇ ਪ੍ਰਭੂ ਨਾਲ ਮਿਲਾ ਦੇਂਦਾ ਹੈ।੧੩।(ਹੇ ਭਾਈ! ਜੀਵਾਂ ਦੇ ਸਰੀਰ) ਪੌਣ, ਪਾਣੀ ਤੇ ਅੱਗ ਆਦਿ ਤੱਤਾਂ ਤੋਂ ਬਣੇ ਹੋਏ ਹਨ।(ਇਨ੍ਹਾਂ) ਸਾਰੇ ਜੀਵਾਂ ਦੇ ਅੰਦਰ ਮਾਇਆ ਦਾ ਮੋਹ ਵਰਤ ਰਿਹਾ ਹੈ।ਜਦੋਂ (ਜੀਵ) ਉਸ ਪ੍ਰਭੂ ਨੂੰ ਪਛਾਣ ਲੈਂਦੇ ਹਨ, ਜਿਸ ਨੇ (ਇਹ ਜੀਵ) ਪੈਦਾ ਕੀਤੇ ਹਨ, (ਤਾਂ ਪ੍ਰਭੂ ਉਨ੍ਹਾਂ ਦੇ ਅੰਦਰੋਂ) ਮਾਇਆ ਦਾ ਮੋਹ ਦੂਰ ਕਰ ਦੇਂਦਾ ਹੈ।੧੪।(ਹੇ ਭਾਈ!) ਕਈ ਮਨੁੱਖ ਮਾਇਆ ਦੇ ਮੋਹ ਕਰਕੇ ਹੰਕਾਰ ਵਿਚ ਫਸੇ ਹੋਏ ਹਨ।(ਉਹ) ਹਉਮੈ ਦੇ ਕਾਰਣ ਆਪ ਹੀ ਵੱਡੇ ਬਣੇ ਰਹਿੰਦੇ ਹਨ (ਅਪਣੇ ਬਰਾਬਰ ਕਿਸੇ ਨੂੰ ਨਹੀਂ ਸਮਝਦੇ।ਜਿਸ ਮਨੁੱਖ ਨੇ) ਕਾਲ ਕਰਨ ਵਾਲੇ ਜਮ ਦੀ ਖਬਰ ਨਹੀਂ ਪਾਈ, (ਉਹ) ਅੰਤ ਸਮੇਂ ਪਛਤਾਉਂਦਾ ਹੀ (ਪ੍ਰਲੋਕ ਨੂੰ) ਚਲਾ ਗਿਆ ਹੈ।੧੫।(ਹੇ ਭਾਈ!) ਜਿਸ ਪ੍ਰਭੂ ਨੇ ਜੀਵ ਪੈਦਾ ਕੀਤੇ ਹਨ, ਉਹ (ਹੀ ਜੀਵਾਂ ਦੇ ਮੁਕਤ ਹੋਣ ਦੀ) ਵਿਧੀ ਜਾਣਦਾ ਹੈ।(ਜਿਸ ਮਨੁੱਖ ਨੂੰ) ਗੁਰੂ ਉਪਦੇਸ਼ ਦੇਂਦਾ ਹੈ, (ਉਹ) ਅਪਣੇ ਆਪ ਨੂੰ ਪਛਾਣ ਲੈਂਦਾ ਹੈ।ਦਾਸ ਨਾਨਕ ਬੇਨਤੀ ਪੂਰਬਕ ਆਖਦਾ ਹੈ ਕਿ (ਉਹ ਮਨੁੱਖ ਅਪਣਾ) ਚਿੱਤ ਸੱਚੇ ਨਾਮ ਵਿਚ ਲਾਈ (ਜੋੜੀ) ਰਖਦਾ ਹੈ।੧੬।੨।੧੬।

ਪਦਾਰਥ = ਸੰਜਮੁ–ਮਨ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣ ਦਾ ਜਤਨ।ਜਬ ਲਗੁ–ਜਦੋਂ ਤਕ।ਕੈ ਸਬਦਿ–ਸੇ ਸ਼ਬਦ ਵਿਚ।ਸਚੁ–ਸਚਾ ਪ੍ਰਭੂ।ਸਚੇ–ਸੱਚੇ ਨਾਮ ਰਾਹੀਂ।ਸਚਿ–ਸੱਚੇ ਪ੍ਰਭੂ ਵਿਚ।ਸਮਾਇਦਾ–ਲੀਨ ਰਹਿੰਦਾ ਹੈ।੧੨।ਸਬਲ–ਬਲਵਾਨ।ਸੰਸਾਰਾ–ਸੰਸਾਰ

ਵਿਚ। ਬਹੁ–ਬਹੁਤ। ਕਰਮ ਕਮਾਵਹਿ–ਧਾਰਮਕ ਕਰਮ ਕਰਦੇ ਹਨ। ਸੇਵਹਿ–ਸੇਵਾ ਕਰਦੇ ਹਨ। ਸੇ–ਉਹ। ਸਚੈ–ਸੱਚੇ ਪ੍ਰਭੂ ਨਾਲ। ਸਬਦਿ–ਸ਼ਬਦ ਦੁਆਰਾ। ੧੩। ਪਉਣੁ–ਹਵਾ। ਬੈਸੰਤਰੁ–ਅੱਗ। ਵਰਤੈ–ਵਰਤ ਰਿਹਾ ਹੈ। ਸਭ ਅੰਤਰਿ–ਸਾਰੇ ਜੀਵਾਂ ਦੇ ਅੰਦਰ। ਜਿਨਿ–ਜਿਸ ਨੇ। ਕੀਤੇ–ਪੈਦਾ ਕੀਤੇ ਹਨ। ਜਾ–ਜਦੋਂ। ਤਿਸੈ–ਉਸ ਨੂੰ। ਚੁਕਾਇਦਾ–ਦੂਰ ਕਰ ਦੇਂਦਾ ਹੈ। ੧੪। ਇਕਿ–ਕਈ (ਮਨੁੱਖ)। ਮੋਹਿ–ਮੋਹ ਕਰਕੇ। ਗਰਬਿ–ਹੰਕਾਰ ਵਿਚ। ਵਿਆਪੇ–ਫਸੇ ਹੋਏ ਹਨ। ਆਪੇ–ਆਪ ਹੀ। ਜਮ ਕਾਲੈ ਕੀ–ਕਾਲ ਕਰਨ ਵਾਲੇ ਜਮ ਦੀ। ਅੰਤਿ–ਅੰਤ ਸਮੇਂ। ੧੫। ਉਪਾਏ–ਪੈਦਾ ਕੀਤੇ ਹਨ। ਸੋ–ਉਹ। ਬਿਧਿ–ਜੁਗਤੀ; ਤਰੀਕਾ। ਗੁਰਮੁਖ–ਗੁਰੂ। ਦੇਵੈ ਸਬਦੁ–ਉਪਦੇਸ਼ ਦੇਂਦਾ ਹੈ। ਸਚਿ ਨਾਮਿ–ਸੱਚੇ ਪ੍ਰਭੂ ਦੇ ਨਾਮ ਵਿਚ। ੧੬। ੨। ੧੬।

ਮਾਰੂ ਮਹਲਾ ੩ ॥ ਆਦਿ ਜੁਗਾਦਿ ਦਇਆਪਤਿ ਦਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥ ਤੁਧੁ ਨੋ ਸੇਵਹਿ ਸੇ ਤੁਝਹਿ ਸਮਾਵਹਿ, ਤੂ ਆਪੇ ਮੇਲਿ ਮਿਲਾਇਦਾ ॥੧॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਜੀਅ ਜੰਤ ਤੇਰੀ ਸਰਣਾਈ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ, ਤੂ ਆਪੇ ਮਾਰਗਿ ਪਾਇਦਾ ॥੨॥ ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰੁ ਨ ਕੋਈ ॥ ਸਭਨਾ ਸਾਰ ਕਰੇ ਸੁਖ ਦਾਤਾ, ਆਪੇ ਰਿਜਕੁ ਪਹੁਚਾਇਦਾ ॥੩॥ ਅਗਮ ਅਗੋਚਰੁ ਅਲਖ ਅਪਾਰਾ ॥ ਕੋਇ ਨ ਜਾਣੈ ਤੇਰਾ ਪਰਵਾਰਾ ॥ ਆਪਣਾ ਆਪੁ ਪਛਾਣਹਿ ਆਪੇ, ਗੁਰਮਤੀ ਆਪਿ ਬੁਝਾਇਦਾ ॥੪॥ ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥ ਹੁਕਮੇ ਸਾਜੇ ਹੁਕਮੇ ਢਾਹੇ, ਹੁਕਮੇ ਮੇਲਿ ਮਿਲਾਇਦਾ ॥੫॥ ਹੇ ਪ੍ਰਭੂ! ਤੂੰ ਸ੍ਰਿਸਟੀ ਦੇ ਸ਼ੁਰੂ ਤੋਂ, ਜੁਗਾਂ ਤੇ ਸ਼ੁਰੂ ਤੋਂ ਦਇਆ ਦਾ ਮਾਲਕ ਹੈਂ ਅਤੇ (ਸਾਰੇ ਪਦਾਰਥ) ਦੇਣ ਵਾਲਾ ਹੈਂ। ਤੂੰ ਪੂਰੇ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈਂ। (ਜਿਹੜੇ ਮਨੁੱਖ) ਤੈਨੂੰ ਸਿਮਰਦੇ ਹਨ, ਉਹ ਤੇਰੇ ਵਿਚ ਸਮਾ ਜਾਂਦੇ ਹਨ, ਤੂੰ ਆਪ ਹੀ (ਉਨ੍ਹਾਂ ਨੂੰ) ਗੁਰੂ ਨਾਲ ਮਿਲਾ ਕੇ (ਅਪਣੇ ਨਾਲ) ਮਿਲਾਉਂਦਾ ਹੈਂ। ੧। ਹੇ ਪ੍ਰਭੂ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਇੰਦ੍ਰੀਆਂ ਦੇ ਵਿਸ਼ੇ ਤੋਂ ਪਰੇ ਹੈਂ, ਤੇਰੀ ਕੀਮਤ (ਕਿਸੇ ਨੇ) ਨਹੀਂ ਪਾਈ। (ਸਾਰੇ) ਛੋਟੇ ਵੱਡੇ ਜੀਵ ਜੰਤ ਤੇਰੀ ਸ਼ਰਣ ਵਿਚ ਹਨ। ਜਿਵੇਂ ਤੈਨੂੰ ਚੰਗਾ ਲਗਦਾ ਹੈ, ਤੂੰ ਉਸੇ ਤਰ੍ਹਾਂ (ਉਨ੍ਹਾਂ ਨੂੰ) ਚਲਾਉਂਦਾ ਹੈਂ ਅਤੇ ਤੂੰ ਆਪ ਹੀ (ਉਨ੍ਹਾਂ ਨੂੰ ਜੀਵਨ ਦੇ ਸਹੀ) ਰਸਤੇ ਪਾਉਂਦਾ ਹੈਂ। ੨। (ਹੇ ਭਾਈ!) ਸੱਚਾ ਪ੍ਰਭੂ ਇਸ ਸਮੇਂ ਵੀ ਮੌਜੂਦ ਹੈ ਅਤੇ ਉਹ ਹੀ ਭਵਿੱਖ ਵਿਚ ਕਾਇਮ ਹੋਵੇਗਾ। ਪ੍ਰਭੂ ਆਪ ਹੀ ਸ੍ਰਿਸਟੀ ਪੈਦਾ ਕਰਦਾ ਹੈ, (ਉਸ ਤੋਂ ਬਿਨਾ ਸ੍ਰਿਸਟੀ ਪੈਦਾ ਕਰਨ ਵਾਲਾ) ਹੋਰ ਕੋਈ ਨਹੀਂ। ਸੁਖ ਦੇਣ ਵਾਲਾ ਪ੍ਰਭੂ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ ਅਤੇ ਆਪ ਹੀ ਉਹ (ਹਰੇਕ ਜੀਵ ਤੱਕ) ਰਿਜਕ ਪਹੁੰਚਾਉਂਦਾ ਹੈ। ੩। ਹੇ ਪ੍ਰਭੂ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਇੰਦ੍ਰੀਆਂ ਦੇ ਵਿਸ਼ੇ ਤੋਂ ਵੀ ਪਰੇ ਹੈਂ, ਅਦ੍ਰਿਸ਼ਟ ਹੈਂ ਅਤੇ ਬੇਅੰਤ ਹੈਂ। ਤੇਰੇ ਉਰਾਰ ਤੇ ਪਾਰ ਦਾ ਅੰਤ ਕੋਈ ਨਹੀਂ ਜਾਣਦਾ; ਤੇਰਾ ਕਿਤਨਾ ਵੱਡਾ ਪ੍ਰਵਾਰ ਹੈ, ਕੋਈ ਨਹੀਂ ਜਾਣਦਾ। ਤੂੰ ਅਪਣੇ ਆਪ ਨੂੰ ਆਪ ਹੀ ਪਛਾਣਦਾ ਹੈਂ, ਗੁਰੂ ਦੀ ਸਿੱਖਿਆ ਦੁਆਰਾ ਤੂੰ ਆਪ ਹੀ (ਮਨੁੱਖ ਨੂੰ ਜੀਵਨ ਦਾ ਸਹੀ ਰਸਤਾ) ਸਮਝਾ ਦੇਂਦਾ ਹੈਂ। ੪। (ਹੇ ਭਾਈ!) ਲੱਖਾਂ ਪਤਾਲ, (ਦੇਵਤਿਆਂ ਦੀਆਂ) ਪੁਰੀਆਂ, ਅਨੇਕਾਂ ਮੰਡਲ ਹਨ, ਇਹ ਸਾਰਾ ਬ੍ਰਹਮੰਡ ਦਾ ਜੋ ਅਕਾਰ ਹੈ। ਉਸ ਵਿਚ ਪ੍ਰਭੂ ਦਾ ਕਰੜਾ ਹੁਕਮ ਵਰਤ ਰਿਹਾ ਹੈ। (ਇਸ ਸਾਰੇ ਬ੍ਰਹਮੰਡ ਨੂੰ) ਪ੍ਰਭੂ ਅਪਣੇ ਹੁਕਮ ਵਿਚ ਪੈਦਾ ਕਰਦਾ ਹੈ ਅਤੇ ਅਪਣੇ ਹੁਕਮ ਨਾਲ ਢਾਹ ਦੇਂਦਾ ਹੈ, ਹੁਕਮ ਨਾਲ (ਉਹ ਮਨੁੱਖ ਨੂੰ ਗੁਰੂ ਨਾਲ) ਮੇਲ ਕੇ ਅਪਣੇ ਨਾਲ ਮਿਲਾ ਲੈਂਦਾ ਹੈ; ਸਤਸੰਗਤ ਦੇ ਮੇਲ ਵਿਚ ਮਿਲਾਉਂਦਾ ਹੈ। ੫।

ਅੰਗ ੧੦੬੧ = ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ ਅਗਮ ਅਗੋਚਰ ਵੇਪਰਵਾਹੇ ॥ ਜੇਹੀ ਮਤਿ ਦੇਹਿ ਸੋ ਹੋਵੈ, ਤੂ ਆਪੇ ਸਬਦਿ ਬੁਝਾਇਦਾ ॥੬॥ ਹੇ ਅਗਮ ਅਗੋਚਰ ਤੇ ਵੇਪ੍ਰਵਾਹ ਪ੍ਰਭੂ! (ਜਿਹੜਾ ਮਨੁੱਖ ਤੇਰੇ) ਹੁਕਮ ਨੂੰ ਸਮਝਦਾ ਹੈ, ਉਹ ਤੇਰੇ ਹੁਕਮ ਨੂੰ ਸਲਾਹੁੰਦਾ ਹੈ। ਜਿਹੋ ਜਿਹੀ ਅਕਲ ਤੂੰ ਜੀਵ ਨੂੰ ਦੇਂਦਾ ਹੈਂ, ਉਹ (ਜੀਵ ਉਹੋ ਜਿਹਾ) ਹੋ ਜਾਂਦਾ ਹੈ, ਤੂੰ ਆਪ ਹੀ ਗੁਰੂ ਦੇ ਸ਼ਬਦ ਦੁਆਰਾ (ਜੀਵ ਨੂੰ) ਸਮਝਾਉਂਦਾ ਹੈਂ। ੬।

ਪਦਾਰਥ = ਆਦਿ–ਸ੍ਰਿਸਟੀ ਦੇ ਸ਼ੁਰੂ ਤੋਂ। ਜੁਗਾਦਿ–ਜੁਗਾਂ (ਸਮੇਂ) ਦੇ ਸ਼ੁਰੂ ਤੋਂ। ਦਇਆਪਤਿ–ਦਇਆ ਦਾ ਮਾਲਕ। ਦਾਤਾ–ਦਾਤਾਂ ਦੇਣ ਵਾਲਾ। ਕੈ ਸਬਦਿ–ਦੇ ਸ਼ਬਦ ਦੁਆਰਾ। ਪਛਾਤਾ–ਪਛਾਣਿਆ ਜਾਂਦਾ ਹੈਂ। ਤੁਧੁ ਨੋ–ਤੈਨੂੰ। ਸੇਵਹਿ–ਸਿਮਰਦੇ ਹਨ। ਸੇ–ਉਹ। ਤੁਝਹਿ –ਤੇਰੇ ਵਿਚ। ਸਮਾਵਹਿ–ਸਮਾ (ਮਿਲ) ਜਾਂਦੇ ਹਨ। ਆਪੇ–ਆਪ ਹੀ। ਮੇਲਿ–ਗੁਰੂ ਨਾਲ ਮਿਲਾ ਕੇ; ਸਤਸੰਗਤ ਦੇ ਇਕੱਠ ਵਿਚ। ੧। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਕੜ ਤੋਂ ਪਰੇ। ਜੀਅ ਜੰਤ–ਛੋਟੇ ਵੱਡੇ ਜੀਵ ਜੰਤ। ਭਾਵੈ–ਚੰਗਾ ਲਗਦਾ ਹੈ। ਤਿਵੈ–ਉਸੇ ਤਰ੍ਹਾਂ। ਮਾਰਗਿ–ਸਹੀ ਰਸਤੇ ਤੇ। ੨। ਹੈ ਭੀ–ਹੁਣ ਦੇ ਸਮੇਂ ਵਿਚ ਵੀ ਮੌਜੂਦ ਹੈ। ਸਾਚਾ–ਸੱਚਾ ਪ੍ਰਭੂ। ਹੋਸੀ–ਭਵਿੱਖ ਵਿਚ ਵੀ ਮੌਜੂਦ ਹੋਵੇਗਾ। ਸੋਈ–ਉਹ ਹੀ। ਸਾਜੇ–ਪੈਦਾ ਕਰਦਾ ਹੈ। ਅਵਰੁ–ਹੋਰ। ਸਭਨਾ–ਸਾਰੇ ਜੀਵਾਂ ਦੀ। ਸਾਰ ਕਰੇ–ਸੰਭਾਲ ਕਰਦਾ ਹੈ। ਰਿਜਕੁ–ਖੁਰਾਕ। ੩। ਪਰੇ। ਅਲਖ–ਅਦ੍ਰਿਸ਼ਟ। ਅਪਾਰਾ–ਬੇਅੰਤ। ਪਰਵਾਰਾ–ਉਰਾਰ ਪਾਰ; ਪ੍ਰਵਾਰ (ਟੱਬਰ)। ਆਪਣਾ ਆਪੁ–ਅਪਣੇ ਆਪ ਨੂੰ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਬੁਝਾਇਦਾ–ਸਮਝਾ ਦੇਂਦਾ ਹੈਂ। ੪। ਪੁਰੀਆ–ਸ਼ਹਿਰ; ਦੇਵਤਿਆਂ ਦੀਆਂ ਪੁਰੀਆਂ। ਆਕਾਰਾ–ਬ੍ਰਹਮੰਡ ਦਾ ਅਕਾਰ। ਤਿਸੁ ਵਿਚਿ–ਉਸ (ਸਾਰੇ ਬ੍ਰਹਮੰਡ) ਵਿਚ। ਵਰਤੈ–ਵਰਤ ਰਿਹਾ ਹੈ। ਕਰਾਰਾ–ਤਕੜਾ; ਕਰੜਾ। ਹੁਕਮੇ–ਹੁਕਮ ਵਿਚ। ੫। ਹੁਕਮੈ–ਹੁਕਮ ਨੂੰ। ਬੂਝੈ–ਸਮਝਦਾ ਹੈ। ਸੁ–ਉਹ। ਸਲਾਹੇ–ਸਲਾਹੁੰਦਾ ਹੈ। ਜੇਹੀ–ਜਿਹੋ

ਜਿਹੀ।ਮਤਿ–ਅਕਲ; ਸਮਝ।ਦੇਹਿ–ਦੇਂਦਾ ਹੈਂ।ਸੋ–ਉਹ (ਜੀਵ)।੬।

ਅਨਦਿਨੁ ਆਰਜਾ ਛਿਜਦੀ ਜਾਏ ॥ ਰੈਣਿ ਦਿਨਸੁ ਦੁਇ ਸਾਖੀ ਆਏ ॥ ਮਨਮੁਖ ਅੰਧੁ ਨ ਚੇਤੈ ਮੂੜਾ, ਸਿਰ ਊਪਰਿ ਕਾਲੁ ਰੂਆਇਦਾ ॥੭॥ ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ ਅੰਤਰਿ ਭਰਮੁ ਗਇਆ ਭਉ ਭਾਗਾ ॥ ਸਦਾ ਅਨੰਦੁ ਸਚੇ ਗੁਣ ਗਾਵਹਿ, ਸਚੁ ਬਾਣੀ ਬੋਲਾਇਦਾ ॥੮॥ ਜਿਨਿ ਤੂ ਜਾਤਾ ਕਰਮ ਬਿਧਾਤਾ ॥ ਪੂਰੈ ਭਾਗਿ ਗੁਰ ਸਬਦਿ ਪਛਾਤਾ ॥ ਜਤਿ ਪਤਿ ਸਚੁ ਸਚਾ ਸਚੁ ਸੋਈ, ਹਉਮੈ ਮਾਰਿ ਮਿਲਾਇਦਾ ॥੯॥ ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥ ਕਰਮੁ ਹੋਵੈ ਤਾ ਸਤਿਗੁਰੁ ਸੇਵੇ, ਸਹਜੇ ਹੀ ਸੁਖੁ ਪਾਇਦਾ ॥੧੦॥ ਲਖ ਚਉਰਾਸੀਹ ਆਪਿ ਉਪਾਏ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥ ਬਿਨੁ ਭਗਤੀ ਬਿਸਟਾ ਵਿਚਿ ਵਾਸਾ, ਬਿਸਟਾ ਵਿਚਿ ਫਿਰਿ ਪਾਇਦਾ ॥੧੧॥ (ਹੇ ਭਾਈ! ਜੀਵਾਂ ਦੀ) ਉਮਰ ਹਰ ਰੋਜ ਘਟਦੀ ਜਾਂਦੀ ਹੈ।ਰਾਤ ਤੇ ਦਿਨ ਦੋਵੇਂ (ਹਰ ਰੋਜ ਉਮਰ ਬੀਤ ਜਾਣ ਦੇ) ਗਵਾਹ ਆਏ ਹਨ।ਅੰਨ੍ਹਾ ਹੋਇਆ ਮੂਰਖ ਮਨਮੁਖ ਪ੍ਰਭੂ ਨੂੰ ਯਾਦ ਨਹੀਂ ਕਰਦਾ, ਸਿਰ ਉਤੇ ਖੜਾ ਕਾਲ (ਇਸ ਨੂੰ) ਰੁਆ ਰਿਹਾ ਹੈ; ਬੁਲਾ ਰਿਹਾ ਹੈ।੭।(ਜਿਹੜਾ ਮਨੁੱਖ) ਗੁਰੂ ਦੇ ਚਰਨੀਂ ਲੱਗਾ ਹੋਇਆ ਹੈ, (ਉਸ ਦਾ) ਮਨ ਤੇ ਤਨ ਸੀਤਲ (ਸ਼ਾਂਤ) ਰਹਿੰਦਾ ਹੈ।(ਉਸ ਦੇ) ਅੰਦਰੋਂ ਭਰਮ ਤੇ (ਮੌਤ ਦਾ) ਡਰ ਭੱਜ ਗਿਆ ਹੈ।(ਜਿਹੜੇ ਮਨੁੱਖ) ਸੱਚੇ ਪ੍ਰਭੂ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਦੇ ਅੰਦਰ) ਸਦਾ ਅਨੰਦ ਬਣਿਆ ਰਹਿੰਦਾ ਹੈ, (ਉਹ ਅਪਣੇ ਸਾਥੀਆਂ ਤੋਂ ਵੀ) ਸੱਚੀ ਬਾਣੀ ਬੁਲਵਾਉਂਦਾ ਹੈ।੮।(ਹੇ ਪ੍ਰਭੂ!) ਜਿਸ ਮਨੁੱਖ ਨੇ ਤੈਨੂੰ ਕਰਮਾਂ ਅਨੁਸਾਰ ਫਲ ਦੇਣ ਵਾਲਾ ਜਾਣਿਆ ਹੈ।(ਉਸ ਨੇ) ਪੂਰੇ ਭਾਗਾਂ ਨਾਲ ਗੁਰੂ ਦੇ ਸ਼ਬਦ ਦੁਆਰਾ ਤੈਨੂੰ ਪਛਾਣਿਆ ਹੈ।(ਹੇ ਭਾਈ! ਜਿਸ ਮਨੁੱਖ ਦੀ) ਹਉਮੈ ਮਾਰ ਕੇ ਸੱਚਾ ਪ੍ਰਭੂ (ਉਸ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ, ਸੱਚਾ ਪ੍ਰਭੂ ਹੀ (ਉਸ ਦੀ) ਜਾਤ ਹੈ, ਸੱਚਾ ਪ੍ਰਭੂ ਹੀ (ਉਸ ਦੀ) ਕੁਲ ਹੈ ਅਤੇ ਉਹ (ਮਨੁੱਖ) ਸੱਚੀ ਸੋਭਾ ਵਾਲਾ ਬਣ ਜਾਂਦਾ ਹੈ।੯।(ਹੇ ਭਾਈ! ਜਿਸ ਮਨੁੱਖ ਦਾ) ਕਠੋਰ ਮਨ ਦ੍ਵੈਤ ਭਾਵ ਵਿਚ ਲੱਗਾ ਹੋਇਆ ਹੈ।(ਉਹ) ਮੰਦੇ ਭਾਗਾਂ ਵਾਲਾ ਮਨੁੱਖ ਭਰਮ ਵਿਚ ਭੁੱਲਿਆ ਫਿਰਦਾ ਹੈ।ਜੇ ਪ੍ਰਭੂ ਦੀ ਬਖਸ਼ਿਸ਼ ਹੋਵੇ ਤਾਂ (ਉਹ ਅਭਾਗਾ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, (ਫਿਰ ਉਹ) ਸੁਭਾਵਕ ਹੀ ਆਤਮਕ ਸੁਖ ਪਾਉਂਦਾ ਹੈ।੧੦।(ਹੇ ਭਾਈ!) ਚੁਰਾਸੀ ਲੱਖ ਤਰ੍ਹਾਂ ਦੇ ਜੀਵ ਪ੍ਰਭੂ ਨੇ ਆਪ ਹੀ ਪੈਦਾ ਕੀਤੇ ਹਨ।(ਪ੍ਰਭੂ ਦੀ ਮੇਹਰ ਨਾਲ) ਮਨੁੱਖਾ ਜਨਮ ਵਿਚ ਹੀ ਗੁਰੂ ਪ੍ਰਭੂ ਦੀ ਭਗਤੀ ਦ੍ਰਿੜ ਕਰਾਉਂਦਾ ਹੈ।ਭਗਤੀ ਤੋਂ ਬਿਨਾ (ਜੀਵ ਦਾ) ਗੰਦਗੀ ਵਿਚ ਵਾਸਾ ਹੁੰਦਾ ਹੈ, (ਮਰਨ ਤੋਂ ਬਾਦ ਵੀ ਉਹ) ਮੁੜ ਕੇ ਗੰਦਗੀ ਵਿਚ ਪਾਇਆ ਜਾਂਦਾ ਹੈ।੧੧।

ਪਦਾਰਥ = ਅਨਦਿਨੁ–ਹਰ ਰੋਜ।ਆਰਜਾ–ਉਮਰ।ਛਿਜਦੀ ਜਾਏ–ਘਟਦੀ ਜਾਂਦੀ ਹੈ।ਰੈਣਿ–ਰਾਤ।ਸਾਖੀ–ਗਵਾਹ।ਮਨਮੁਖੁ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਅੰਧੁ–ਅੰਨ੍ਹਾਂ (ਅਗਿਆਨੀ)।ਨ ਚੇਤੈ–ਯਾਦ ਨਹੀਂ ਕਰਦਾ।ਮੂੜਾ–ਮੂਰਖ।ਰੂਆਇਦਾ–ਰੁਆ ਰਿਹਾ ਹੈ; ਲਲਕਾਰਦਾ ਹੈ; ਗਰਜਦਾ ਹੈ।੭।ਤਨੁ–ਸਰੀਰ।ਸੀਤਲੁ–ਠੰਢਾ; ਸ਼ਾਂਤ।ਅੰਤਰਿ–ਅੰਦਰੋਂ।ਭਉ–ਡਰ।ਭਾਗਾ–ਦੌੜ ਗਿਆ।ਸਚੇ–ਸੱਚੇ ਪ੍ਰਭੂ ਦੇ।ਗਾਵਹਿ–ਗਾਉਂਦੇ ਹਨ।ਬੋਲਾਇਦਾ–ਉਚਾਰਨ ਕਰਾਉਂਦਾ ਹੈ।੮।ਜਿਨਿ–ਜਿਸ ਨੇ।ਤੂ–ਤੈਨੂੰ।ਜਾਤਾ–ਜਾਣਿਆ ਹੈ।ਕਰਮ ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ।ਪੂਰੈ ਭਾਗਿ–ਪੂਰੇ ਭਾਗਾਂ ਨਾਲ।ਸਬਦਿ–ਸ਼ਬਦ ਦੁਆਰਾ।ਜਤਿ–ਜਾਤ।ਪਤਿ–ਕੁਲ (ਖਾਨਦਾਨ); ਇੱਜਤ।ਸਚੁ ਸਚਾ–ਸੱਚਾ ਪ੍ਰਭੂ।ਸੋਈ–ਸੋਭਾ ਵਾਲਾ।ਮਾਰਿ–ਮਾਰ ਕੇ।੯।ਦੂਜੈ ਭਾਇ–ਪ੍ਰਭੂ ਨੂੰ ਛਡ ਕੇ ਕਿਸੇ ਦੂਜੇ ਦੇ ਪਿਆਰ ਵਿਚ।ਕਠੋਰੁ–ਸਖਤ; ਨਿਰਦਈ।ਭਰਮੇ–ਭਰਮ ਵਿਚ।ਭੂਲਾ–ਭੁੱਲਿਆ ਹੋਇਆ।ਅਭਾਗਾ–ਮਾੜੀ ਕਿਸਮਤ ਵਾਲਾ ਮਨੁੱਖ।ਕਰਮੁ–ਬਖਸ਼ਿਸ਼।ਸੇਵੇ–ਸੇਵਾ ਕਰਦਾ ਹੈ।ਸਹਜੇ ਹੀ–ਸੁਭਾਵਕ ਹੀ।ਸੁਖੁ–ਆਤਮਕ ਅਨੰਦ।੧੦।ਲਖ ਚਉਰਾਸੀਹ–ਚੁਰਾਸੀ ਲੱਖ ਜੂਨਾਂ ਦੇ ਜੀਵ।ਉਪਾਏ–ਪੈਦਾ ਕੀਤੇ ਹਨ।ਮਾਨਸ ਜਨਮਿ–ਮਨੁੱਖਾ ਜਨਮ ਵਿਚ।ਦ੍ਰਿੜਾਏ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਦੇਂਦਾ ਹੈ।ਬਿਸਟਾ–ਗੰਦਗੀ।ਫਿਰਿ–ਮੁੜ ਦੁਬਾਰਾ।ਪਾਇਦਾ–ਪਾਇਆ ਜਾਂਦਾ ਹੈ।੧੧।

ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ ਵਿਣੁ ਕਰਮਾ ਕਿਉ ਪਾਇਆ ਜਾਏ ॥ ਆਪੇ ਕਰੇ ਕਰਾਏ ਕਰਤਾ, ਜਿਉ ਭਾਵੈ ਤਿਵੈ ਚਲਾਇਦਾ ॥੧੨॥ ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥ ਆਪੇ ਕਰੇ ਕਰਾਏ ਕਰਤਾ, ਆਪੇ ਭਰਮਿ ਭੁਲਾਇਦਾ ॥੧੩॥ ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਥਾਪਿ ਉਥਾਪੇ ਵੇਖੈ, ਗੁਰਮੁਖਿ ਆਪਿ ਬੁਝਾਇਦਾ ॥੧੪॥ ਸਚਾ ਸਾਹਿਬੁ ਗਹਿਰ ਗੰਭੀਰਾ ॥ ਸਦਾ ਸਲਾਹੀ ਤਾ ਮਨੁ ਧੀਰਾ ॥ ਅਗਮ ਅਗੋਚਰੁ ਕੀਮਤਿ ਨਹੀ ਪਾਈ, ਗੁਰਮੁਖਿ ਮੰਨਿ ਵਸਾਇਦਾ ॥੧੫॥ ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ, ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥ (ਹੇ ਭਾਈ! ਜਿਸ ਮਨੁੱਖ ਉਤੇ) ਪ੍ਰਭੂ ਦੀ ਮੇਹਰ ਹੋਵੇ, ਗੁਰੂ (ਉਸ ਨੂੰ) ਪ੍ਰਭੂ ਦੀ ਭਗਤੀ ਦ੍ਰਿੜ ਕਰਾਉਂਦਾ ਹੈ।ਮੇਹਰ ਤੋਂ ਬਿਨਾ (ਪ੍ਰਭੂ ਦਾ ਮਿਲਾਪ) ਕਿਵੇਂ ਪਾਇਆ ਜਾ ਸਕਦਾ ਹੈ?(ਪਰ ਮਨੁੱਖ ਦੇ ਵਸ ਵਿਚ ਕੁਛ ਨਹੀਂ) ਕਰਤਾਰ ਆਪ ਹੀ (ਸਭ ਕੁਛ) ਕਰਦਾ ਹੈ ਅਤੇ ਉਹ ਆਪ ਹੀ (ਜੀਵਾਂ ਪਾਸੋਂ ਕੰਮ) ਕਰਾਉਂਦਾ ਹੈ, ਜਿਵੇਂ ਪ੍ਰਭੂ ਨੂੰ ਚੰਗਾ ਲਗਦਾ ਹੈ, ਤਿਵੇਂ (ਉਹ ਜੀਵਾਂ ਨੂੰ) ਚਲਾਉਂਦਾ ਹੈ।੧੨।(ਹੇ ਭਾਈ!) ਸਿਮ੍ਰਤੀਆਂ ਤੇ ਛੇ ਸ਼ਾਸਤ੍ਰਾਂ ਦੇ ਦੱਸੇ ਕਰਮ ਕਾਂਡ ਕਰਨ ਵਾਲਾ ਮਨੁੱਖ ਪ੍ਰਭੂ ਦਾ ਅੰਤ ਨਹੀਂ ਜਾਣ ਸਕਦਾ।ਅੰਨ੍ਹਾ ਮੂਰਖ ਮਨੁੱਖ ਅਸਲੀਅਤ ਨੂੰ ਨਹੀਂ ਸਮਝਦਾ।ਕਰਤਾਰ ਆਪ ਹੀ ਸਭ ਕੁਛ ਕਰਦਾ ਹੈ ਤੇ (ਜੀਵਾਂ

ਪਾਸੋਂ) ਕਰਾਉਂਦਾ ਹੈ ਅਤੇ ਆਪ ਹੀ (ਉਹ ਮਨਮੁਖਾਂ ਨੂੰ) ਭਰਮ ਵਿਚ ਪਾ ਕੇ ਭੁਲਾਉਂਦਾ ਹੈ।੧੩।(ਹੇ ਭਾਈ! ਗੁਰਮੁਖਾਂ ਦਾ ਨਿਸ਼ਚਾ ਹੈ ਕਿ) ਪ੍ਰਭੂ ਆਪੇ ਆਪ ਹੀ (ਜੀਵਾਂ ਪਾਸੋਂ) ਸਭ ਕੁਛ ਕਰਾਉਂਦਾ ਹੈ।(ਉਹ) ਆਪ ਹੀ ਹਰੇਕ ਜੀਵ ਨੂੰ (ਆਪੋ ਅਪਣੇ) ਧੰਧਿਆਂ ਵਿਚ ਲਾਉਂਦਾ ਹੈ।ਪ੍ਰਭੂ ਆਪ ਹੀ (ਜੀਵਾਂ ਨੂੰ) ਪੈਦਾ ਕਰਕੇ ਨਾਸ਼ ਕਰਦਾ ਹੈ, ਆਪ ਹੀ (ਸਭ ਜੀਵਾਂ ਦੀ) ਦੇਖ ਭਾਲ ਕਰਦਾ ਹੈ ਅਤੇ ਆਪ ਹੀ ਗੁਰੂ ਦੁਆਰਾ (ਕਿਸੇ ਭਾਗਾਂ ਵਾਲੇ ਜੀਵ ਨੂੰ ਜੀਵਨ ਦਾ ਸਹੀ ਰਸਤਾ) ਸਮਝਾਉਂਦਾ ਹੈ।੧੪।(ਹੇ ਭਾਈ!) ਸੱਚਾ ਮਾਲਕ ਬਹੁਤ ਡੂੰਘਾ ਤੇ ਸੰਜੀਦਾ ਹੈ।ਮੈਂ (ਉਸ ਪ੍ਰਭੂ ਨੂੰ) ਸਦਾ ਸਲਾਹੁੰਦਾ ਰਹਿੰਦਾ ਹਾਂ, ਤਾਂ ਹੀ ਮੇਰਾ ਮਨ ਧੀਰਜਵਾਨ ਹੁੰਦਾ ਹੈ। (ਉਸ) ਅਗਮ ਅਗੋਚਰ ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ, (ਉਹ ਅਪਣਾ ਨਾਮ) ਗੁਰੂ ਦੁਆਰਾ ਮਨੁੱਖ ਦੇ ਮਨ ਵਿਚ ਵਸਾ ਦੇਂਦਾ ਹੈ।੧੫।(ਹੇ ਭਾਈ!) ਪ੍ਰਭੂ ਆਪ ਨਿਰਲੇਪ ਹੈ, ਹੋਰ ਸਾਰੀ ਦੁਨੀਆਂ ਧੰਧਿਆਂ ਵਿਚ ਫਸੀ ਹੋਈ ਹੈ।ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਮਨੁੱਖ (ਇਸ ਗੱਲ ਨੂੰ) ਸਮਝਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਸਿੱਖਿਆ ਦੁਆਰਾ ਜਿਸ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਦਾ ਨਾਮ ਵਸ ਜਾਂਦਾ ਹੈ, (ਉਸ ਨੂੰ ਪ੍ਰਭੂ ਅਪਣੇ) ਮੇਲ ਵਿਚ ਮਿਲਾ ਲੈਂਦਾ ਹੈ।੧੬।੩।੧੭।

ਪਦਾਰਥ = ਕਰਮੁ–ਮੇਹਰ।ਦ੍ਰਿੜਾਏ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਦੇਂਦਾ ਹੈ।ਵਿਣੁ ਕਰਮਾ–ਮੇਹਰ ਤੋਂ ਬਿਨਾ।ਕਰੇ–ਕਰਦਾ ਹੈ। ਕਰਾਏ–(ਜੀਵਾਂ ਪਾਸੋਂ) ਕਰਾਉਂਦਾ ਹੈ।ਕਰਤਾ–ਕਰਤਾਰ।ਭਾਵੈ–ਚੰਗਾ ਲਗਦਾ ਹੈ।੧੨।ਸਿਮ੍ਰਿਤਿ–ਸਿਮ੍ਰਤੀਆਂ।ਸਾਸਤ–ਛੇ ਸ਼ਾਸਤ੍ਰ। ਅੰਧਾ–ਅੰਨ੍ਹਾ (ਅਗਿਆਨੀ)।ਤਤੁ–ਅਸਲੀਅਤ।ਭਰਮਿ–ਭਰਮ ਵਿਚ ਪਾ ਕੇ।ਭੁਲਾਇਦਾ–ਭੁਲਾਉਂਦਾ (ਕੁਰਾਹੇ ਪਾਉਂਦਾ) ਹੈ।੧੩। ਆਪੇ ਆਪਿ–ਆਪ ਹੀ ਆਪ।ਸਿਰਿ ਸਿਰਿ–ਹਰੇਕ ਜੀਵ ਨੂੰ।ਧੰਧੈ ਲਾਏ–ਕੰਮਾਂ ਵਿਚ ਲਾਉਂਦਾ ਹੈ।ਥਾਪਿ–ਪੈਦਾ ਕਰਕੇ।ਉਥਾਪੇ– ਨਾਸ਼ ਕਰਦਾ ਹੈ।ਵੇਖੈ–ਦੇਖ ਭਾਲ ਕਰਦਾ ਹੈ।ਗੁਰਮੁਖਿ–ਗੁਰੂ ਦੁਆਰਾ।ਬੁਝਾਇਦਾ–ਸਮਝਾਉਂਦਾ ਹੈ।੧੪।ਸਾਹਿਬੁ–ਮਾਲਕ ਪ੍ਰਭੂ। ਗਹਿਰ–ਬਹੁਤ ਡੂੰਘਾ।ਗੰਭੀਰਾ–ਅਡੋਲ; ਅਹਿੱਲ।ਸਲਾਹੀ–ਮੈਂ ਸਲਾਹੁੰਦਾ ਹਾਂ।ਤਾ–ਤਾਂ।ਧੀਰਾ–ਧੀਰਜਵਾਨ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੇ ਵਿਸ਼ੇ ਤੋਂ ਪਰੇ।ਮੰਨਿ–ਮਨ ਵਿਚ।੧੫।ਨਿਰਾਲਮੁ–ਨਿਰਲੇਪ।ਧੰਧੈ–ਕੰਮਾਂ ਧੰਧਿਆਂ ਵਿਚ। ਲੋਈ–ਦੁਨੀਆਂ।ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ।ਘਟ ਅੰਤਰਿ–ਹਿਰਦੇ ਅੰਦਰ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਮੇਲਿ ਮਿਲਾਇਦਾ–ਮੇਲ ਵਿਚ ਮਿਲਾ ਲੈਂਦਾ ਹੈ।੧੬।੩।੧੭।

ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ, ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ, ਆਪੇ ਭੰਨਿ ਘੜਾਇਦਾ ॥੨॥ ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ ਨਦਰੀ ਆਈ ॥ ਸਦਾ ਅਲਿਪਤੁ ਰਹੈ ਗੁਰ ਸਬਦੀ, ਸਾਚੇ ਸਿਉ ਚਿਤੁ ਲਾਇਦਾ ॥੩॥ ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥ ਘਟਿ ਘਟਿ ਪਉਣੁ ਵਹੈ ਇਕ ਰੰਗੀ, ਮਿਲਿ ਪਵਣੈ ਸਭ ਵਜਾਇਦਾ ॥੪॥ ਹੇ ਸਿਰਜਨਹਾਰ ਪ੍ਰਭੂ! (ਤੂੰ ਸ੍ਰਿਸਟੀ ਸਾਜਣ ਤੋਂ ਪਹਿਲਾਂ) ਛੱਤੀ ਜੁਗ ਘੁੱਪ ਹਨ੍ਹੇਰਾ ਪੈਦਾ ਕੀਤਾ ਹੋਇਆ ਸੀ {ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ਪ੫੫}, (ਉਸ ਸਮੇਂ ਦੀ ਹਾਲਤ ਨੂੰ) ਤੂੰ ਆਪ ਹੀ ਜਾਣਦਾ ਹੈਂ।(ਇਸ ਬਾਰੇ) ਹੋਰ ਕੋਈ ਮਨੁੱਖ ਕੀ ਕਹਿ ਸਕਦਾ ਹੈ, ਆਖ ਕੇ ਕੀ ਬਿਆਨ ਕਰ ਸਕਦਾ ਹੈ? ਤੂੰ ਆਪ ਹੀ ਅਪਣੀ ਕੀਮਤ ਪਾ ਸਕਦਾ ਹੈਂ।੧।(ਹੇ ਭਾਈ!) ਪ੍ਰਮਾਤਮਾ ਨੇ ਸਾਰੀ ਸ੍ਰਿਸਟੀ ਪੈਦਾ ਕੀਤੀ ਹੈ।(ਹੇ ਪ੍ਰਭੂ! ਜਗਤ ਦਾ ਇਹ) ਖੇਲ ਤਮਾਸ਼ਾ ਸਭ ਤੇਰਾ ਰਚਿਆ ਹੋਇਆ ਹੈ, ਇਹ ਤੇਰੀ ਵਡਿਆਈ ਹੈ।ਸੱਚਾ ਪ੍ਰਭੂ ਆਪ ਹੀ ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕਰਦਾ ਹੈ ਅਤੇ ਆਪ ਹੀ (ਜਗਤ ਨੂੰ) ਨਾਸ਼ ਕਰਕੇ (ਫਿਰ ਦੁਬਾਰਾ) ਬਣਾ ਦੇਂਦਾ ਹੈ।੨।(ਹੇ ਭਾਈ!) ਪ੍ਰਭੂ ਰੂਪ ਬਾਜੀਗਰ ਨੇ ਜਗਤ ਤਮਾਸ਼ੇ ਦੀ ਇਕ ਬਾਜੀ ਪਾਈ ਹੈ।ਪੂਰੇ ਗੁਰੂ ਤੋਂ (ਜਿਸ ਮਨੁੱਖ ਨੂੰ ਇਸ ਜਗਤ ਤਮਾਸ਼ੇ ਦੀ ਅਸਲੀਅਤ) ਨਜਰ ਆ ਗਈ ਹੈ।(ਉਹ) ਗੁਰੂ ਦੇ ਸ਼ਬਦ ਦੁਆਰਾ ਸਦਾ (ਇਸ ਜਗਤ ਤਮਾਸ਼ੇ ਵਿਚ) ਨਿਰਲੇਪ ਰਹਿੰਦਾ ਹੈ ਅਤੇ ਸੱਚੇ ਪ੍ਰਭੂ ਨਾਲ (ਅਪਣਾ) ਚਿੱਤ ਲਾਈ ਰਖਦਾ ਹੈ।੩ ।(ਹੇ ਭਾਈ! ਜੀਵਾਂ ਦੇ) ਸਰੀਰ ਰੂਪ ਅਕਾਰ ਮਾਨੋ ਵਾਜੇ ਵੱਜ ਰਹੇ ਹਨ, (ਜੀਵ ਜੋ ਬੋਲ ਰਹੇ ਹਨ, ਇਹ ਵਾਜਿਆਂ ਦੀ) ਸੁਰ ਨਿਕਲ ਰਹੀ ਹੈ।(ਇਨ੍ਹਾਂ ਵਾਜਿਆਂ ਨੂੰ) ਵਜਾਉਣ ਵਾਲਾ ਪ੍ਰਭੂ ਆਪ ਸਰੀਰ ਰੂਪ ਵਾਜੇ ਵਜਾ ਰਿਹਾ ਹੈ।ਹਰੇਕ ਜੀਵ ਦੇ ਸਰੀਰ ਵਿਚ ਇਕ ਰਸ ਸੁਆਸ ਚੱਲ ਰਿਹਾ ਹੈ ਅਤੇ ਸੁਆਸ ਵਿਚ ਮਿਲ ਕੇ ਪ੍ਰਭੂ ਸਾਰੇ ਵਾਜੇ ਵਜਾ ਰਿਹਾ ਹੈ (ਵਾਜੇ ਵੱਜਣ ਲਈ ਹਵਾ ਦੀ ਲੋੜ ਹੁੰਦੀ ਹੈ, ਪ੍ਰਭੂ ਅਪਣੀ ਸੱਤਾ ਦੇ ਕੇ ਜੀਵਾਂ ਦੇ ਸੁਆਸ ਚਲਾ ਰਿਹਾ ਹੈ)।੪।

ਅੰਗ ੧੦੬੨ = ਕਰਤਾ ਕਰੇ ਸੁ ਨਿਹਚਉ ਹੋਵੈ ॥ ਗੁਰ ਕੈ ਸਬਦੇ ਹਉਮੈ ਖੋਵੈ ॥ ਗੁਰ ਪਰਸਾਦੀ ਕਿਸੈ ਦੇ ਵਡਿਆਈ, ਨਾਮੋ ਨਾਮੁ ਧਿਆਇਦਾ ॥੫॥ ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥ ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥ ਨਾਮੋ ਨਾਮੁ ਸਦਾ ਸੁਖਦਾਤਾ, ਨਾਮੋ ਲਾਹਾ ਪਾਇਦਾ ॥੬॥(ਹੇ ਭਾਈ! ਜੋ ਕੁਛ) ਕਰਤਾਰ ਕਰਦਾ ਹੈ, ਉਹ ਜਰੂਰ ਹੁੰਦਾ ਹੈ।(ਪਰ ਇਸ ਗੱਲ ਦਾ ਗਿਆਨ ਉਸ ਮਨੁੱਖ ਨੂੰ ਹੈ, ਜੋ) ਗੁਰੂ ਦੇ ਸ਼ਬਦ ਦੁਆਰਾ ਅਪਣੀ ਹਉਮੈ ਦੂਰ ਕਰਦਾ ਹੈ।ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਨੂੰ ਪ੍ਰਭੂ ਵਡਿਆਈ ਦੇਂਦਾ ਹੈ, (ਜਿਹੜਾ) ਪ੍ਰਭੂ ਦਾ ਨਾਮ ਹੀ ਨਾਮ ਸਿਮਰਦਾ ਹੈ।੫।(ਹੇ ਭਾਈ!) ਗੁਰੂ ਦੀ ਸੇਵਾ ਕਰਨ ਜਿਤਨਾ ਵੱਡਾ ਹੋਰ

ਕੋਈ ਲਾਭ ਨਹੀਂ ਹੈ।(ਜੋ ਮਨੁੱਖ ਪ੍ਰਭੂ ਦੇ) ਨਾਮ ਨੂੰ ਸਲਾਹੁੰਦਾ ਹੈ, (ਉਸ ਦੇ) ਮਨ ਵਿਚ ਨਾਮ ਵਸ ਜਾਂਦਾ ਹੈ।ਨਾਮ ਹੀ ਨਾਮ ਸਦਾ ਸੁਖ ਦੇਣ ਵਾਲਾ ਹੈ ਅਤੇ ਨਾਮ ਜਪ ਕੇ (ਮਨੁੱਖ ਅਪਨੇ ਜੀਵਨ ਦਾ) ਲਾਭ ਪ੍ਰਾਪਤ ਕਰਦਾ ਹੈ।੬।

ਪਦਾਰਥ = ਜੁਗ ਛਤੀਹ–ਛੱਤੀ ਜੁਗ (ਬੇਅੰਤ ਸਮਾਂ)।ਗੁਬਾਰਾ–ਘੁੱਪ ਹਨ੍ਹੇਰਾ।ਸਿਰਜਣਹਾਰਾ–ਹੇ ਸਿਰਜਨਹਾਰ ਪ੍ਰਭੂ!।ਕੋ–ਕੋਈ। ਆਖਿ ਵਖਾਣੈ–ਆਖ ਕੇ ਬਿਆਨ ਕਰੇ।ਆਪੇ–ਆਪ ਹੀ।ਪਾਇਦਾ–ਪਾ ਸਕਦਾ ਹੈਂ।੧।ਓਅੰਕਾਰਿ–ਪ੍ਰਮਾਤਮਾ ਨੇ।ਉਪਾਈ–ਪੈਦਾ ਕੀਤੀ ਹੈ।ਵੇਕ–ਵੱਖ ਵੱਖ (ਤਰ੍ਹਾਂ ਦੇ)।ਕਰੇ–(ਪੈਦਾ) ਕਰਦਾ ਹੈ।ਸਾਚਾ–ਸੱਚਾ ਪ੍ਰਭੂ।ਭੰਨਿ–ਭੰਨ (ਨਾਸ਼ ਕਰ) ਕੇ।ਘੜਾਇਦਾ–ਬਣਾ ਦਿੰਦਾ ਹੈ।੨।ਬਾਜੀਗਰਿ–ਬਾਜੀਗਰ ਨੇ।ਬਾਜੀ ਪਾਈ–(ਤਮਾਸ਼ੇ ਦੀ) ਬਾਜੀ ਪਾਈ (ਜਗਤ ਤਮਾਸ਼ਾ ਰਚਿਆ) ਹੈ।ਤੇ–ਤੋਂ।ਨਦਰੀ ਆਈ–ਨਜਰ ਆਈ ਹੈ।ਅਲਿਪਤੁ ਰਹੈ–ਨਿਰਲੇਪ ਰਹਿੰਦਾ ਹੈ।ਸਬਦੀ–ਸ਼ਬਦ ਦੁਆਰਾ।ਸਾਚੇ ਸਿਉ–ਸੱਚੇ ਪ੍ਰਭੂ ਨਾਲ।੩।ਬਾਜਹਿ –ਵੱਜ ਰਹੇ ਹਨ।ਬਾਜੇ–ਸਰੀਰ ਰੂਪ ਵਾਜੇ (ਸਾਜ)।ਧੁਨਿ–ਸੁਰ; ਅਵਾਜ।ਆਕਾਰਾ–ਜੀਵਾਂ ਦੇ ਦਿਸ ਰਹੇ ਸਰੀਰ।ਵਜਾਵਣਹਾਰਾ– ਵਜਾਉਣ ਵਾਲਾ ਪ੍ਰਭੂ।ਘਟਿ ਘਟਿ–ਹਰੇਕ ਜੀਵ ਦੇ ਸਰੀਰ ਵਿਚ।ਪਉਣੁ–ਸੁਆਸ।ਵਹੈ–ਚੱਲ ਰਿਹਾ ਹੈ।ਇਕ ਰੰਗੀ–ਲਗਾਤਾਰ; ਇਕ ਰਸ।ਮਿਲਿ–ਮਿਲ ਕੇ।ਪਵਣੈ–ਸੁਆਸ ਵਿਚ।ਵਜਾਇਦਾ–ਵਜਾ ਰਿਹਾ ਹੈ।੪।ਕਰਤਾ–ਕਰਤਾਰ।ਕਰੇ–ਕਰਦਾ ਹੈ।ਸੁ–ਉਹ। ਨਿਹਚਉ–ਜਰੂਰ।ਸਬਦੇ–ਸ਼ਬਦ ਦੁਆਰਾ।ਖੋਵੈ–ਦੂਰ ਕਰਦਾ ਹੈ।ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ।ਕਿਸੈ–ਕਿਸੇ ਨੂੰ।ਦੇ– ਦੇਂਦਾ ਹੈ।ਨਾਮੋ ਨਾਮੁ–ਨਾਮ ਹੀ ਨਾਮ।੫।ਸੇਵੇ ਜੇਵਡੁ–ਸੇਵਾ ਕਰਨ ਜਿਤਨਾ ਵੱਡਾ।ਲਾਹਾ–ਲਾਭ।ਮੰਨਿ–ਮਨ ਵਿਚ।ਸਾਲਾਹੀ– ਸਲਾਹੁੰਦਾ ਹੈ।ਸੁਖ ਦਾਤਾ–ਸੁਖ ਦੇਣ ਵਾਲਾ।੬।

ਬਿਨੁ ਨਾਵੈ ਸਭ ਦੁਖੁ ਸੰਸਾਰਾ ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥ ਨਾਮੁ ਨ ਸੇਵਹਿ ਕਿਉ ਸੁਖੁ ਪਾਈਐ, ਬਿਨੁ ਨਾਵੈ ਦੁਖੁ ਪਾਇਦਾ ॥੭॥ ਆਪਿ ਕਰੇ ਤੈ ਆਪਿ ਕਰਾਏ ॥ ਗੁਰ ਪਰਸਾਦੀ ਕਿਸੈ ਬੁਝਾਏ ॥ ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ, ਮੁਕਤੀ ਕੈ ਘਰਿ ਪਾਇਦਾ ॥੮॥ ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥ ਗੁਰਮੁਖਿ ਹੋਵੈ ਸੁ ਗਣਤ ਚੁਕਾਏ, ਸਚੇ ਸਚਿ ਸਮਾਇਦਾ ॥੯॥ ਜੇ ਸਚੁ ਦੇਇ ਤ ਪਾਏ ਕੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਸਚੁ ਨਾਮੁ ਸਾਲਾਹੇ ਰੰਗਿ ਰਾਤਾ, ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥ ਜਪੁ ਤਪੁ ਸੰਜਮੁ ਨਾਮੁ ਪਿਆਰਾ ॥ ਕਿਲਵਿਖ ਕਾਟੇ ਕਾਟਣਹਾਰਾ ॥ ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ, ਸਹਜੇ ਸਹਜਿ ਸਮਾਇਦਾ ॥੧੧॥ (ਹੇ ਭਾਈ!) ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਸਾਰੇ ਸੰਸਾਰ ਵਿਚ ਦੁਖ ਹੀ ਦੁਖ ਹੈ।(ਨਾਮ ਨੂੰ ਛਡ ਕੇ ਲੋਕ) ਬਹੁਤ ਧਾਰਮਕ ਕਰਮ ਕਰਦੇ ਹਨ, (ਉਨ੍ਹਾਂ ਦੇ ਅੰਦਰ) ਵਿਕਾਰ ਹੀ ਵਧਦੇ ਹਨ।(ਜੋ ਮਨੁੱਖ) ਨਾਮ ਨਹੀਂ ਸਿਮਰਦੇ, (ਨਾਮ ਤੋਂ ਬਿਨਾ) ਸੁਖ ਕਿਵੇਂ ਪਾਇਆ ਸਕਦਾ ਹੈ? ਨਾਮ ਤੋਂ ਬਿਨਾ (ਮਨੁੱਖ) ਦੁਖ ਪਾਉਂਦਾ ਹੈ।੭।(ਹੇ ਭਾਈ!) ਪ੍ਰਭੂ ਆਪ ਹੀ (ਸਭ ਕੁਛ) ਕਰਦਾ ਹੈ ਅਤੇ ਉਹ ਆਪ ਹੀ (ਸਾਰੇ ਕੰਮ ਜੀਵਾਂ ਪਾਸੋਂ) ਕਰਾਉਂਦਾ ਹੈ।(ਪਰ ਇਹ ਗੱਲ ਵੀ ਪ੍ਰਭੂ) ਗੁਰੂ ਦੀ ਕ੍ਰਿਪਾ ਨਾਲ ਕਿਸੇ (ਵਿਰਲੇ ਮਨੁੱਖ) ਨੂੰ ਸਮਝਾਉਂਦਾ ਹੈ।(ਜੋ) ਗੁਰਮੁਖ ਹੁੰਦੇ ਹਨ, ਉਹ (ਹਉਮੈ ਮਮਤਾ ਦੇ) ਬੰਧਨ ਤੋੜ ਦੇਂਦੇ ਹਨ ਅਤੇ (ਉਹ) ਮੁਕਤੀ ਦੇ ਘਰ ਵਿਚ ਵਾਸਾ ਪਾਉਂਦੇ ਹਨ।੮।(ਹੇ ਭਾਈ! ਜੋ ਮਨੁੱਖ ਅਪਨੇ ਕੀਤੇ ਕੰਮਾਂ ਦੀਆਂ) ਗਿਣਤੀਆਂ ਗਿਣਦਾ ਰਹਿੰਦਾ ਹੈ, ਉਹ ਸੰਸਾਰ ਵਿਚ ਸੜਦਾ (ਦੁਖੀ) ਰਹਿੰਦਾ ਹੈ।(ਉਸ ਦੇ ਅੰਦਰੋਂ) ਸੰਸਾ ਤੇ ਵਿਕਾਰ ਬਿਲਕੁਲ ਦੂਰ ਨਹੀਂ ਹੁੰਦਾ ।ਜੋ ਗੁਰਮੁਖ ਹੁੰਦਾ ਹੈ, ਉਹ ਕੰਮਾਂ ਦੀ ਗਿਣਤੀ ਦੂਰ ਕਰਦਾ ਹੈ ਅਤੇ ਸੱਚੇ ਨਾਮ ਦਾ ਸਿਮਰਨ ਕਰਕੇ ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।੯।(ਹੇ ਭਾਈ! ਪ੍ਰਭੂ ਕ੍ਰਿਪਾ ਕਰਕੇ) ਜੇ ਕਿਸੇ ਮਨੁੱਖ ਨੂੰ ਸੱਚਾ ਨਾਮ ਦੇ ਦੇਵੇ, ਤਾਂ ਕੋਈ ਮਨੁੱਖ (ਨਾਮ ਦੀ ਦਾਤ) ਪਾਉਂਦਾ ਹੈ। ਗੁਰੂ ਦੀ ਕ੍ਰਿਪਾ ਨਾਲ (ਹੀ ਨਾਮ ਹਿਰਦੇ ਵਿਚ) ਪ੍ਰਗਟ ਹੁੰਦਾ ਹੈ।(ਜਿਹੜਾ ਮਨੁੱਖ) ਪ੍ਰੇਮ ਵਿਚ ਰੰਗਿਆ ਸੱਚੇ ਨਾਮ ਨੂੰ ਸਲਾਹੁੰਦਾ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਸੁਖ ਪਾਉਂਦਾ ਹੈ।੧੦।(ਹੇ ਭਾਈ! ਜਿਸ ਮਨੁੱਖ ਨੂੰ) ਜਪ ਤਪ ਤੇ ਸੰਜਮ ਨਾਲੋਂ ਪ੍ਰਭੂ ਦਾ ਨਾਮ ਪਿਆਰਾ ਹੈ।ਪਾਪ ਕੱਟਣ ਵਾਲਾ ਪ੍ਰਭੂ (ਉਸ ਦੇ ਸਾਰੇ ਪਾਪ) ਕੱਟ ਦੇਂਦਾ ਹੈ।(ਉਸ ਦਾ) ਤਨ ਮਨ ਹਰੀ ਦੇ ਨਾਮ ਸਿਮਰਨ ਦੁਆਰਾ ਸੀਤਲ ਹੋ ਗਿਆ ਹੈ ਅਤੇ (ਉਹ) ਸੁਭਾਵਕ ਹੀ ਪੂਰਨ ਅਡੋਲ ਅਵਸਥਾ ਵਿਚ ਸਮਾ ਜਾਂਦਾ ਹੈ।੧੧।

ਪਦਾਰਥ = ਬਿਨੁ ਨਾਵੈ–ਨਾਮ ਤੋਂ ਬਿਨਾ।ਸੰਸਾਰਾ–ਸੰਸਾਰ ਵਿਚ।ਬਹੁ ਕਰਮ–ਬਹੁਤ ਧਾਰਮਕ ਕਰਮ।ਕਮਾਵਹਿ–ਕਰਦੇ ਹਨ। ਵਧਹਿ–ਵਧਦੇ ਹਨ।ਨ ਸੇਵਹਿ–ਨਹੀਂ ਸਿਮਰਦੇ।ਪਾਇਦਾ–ਪਾਉਂਦਾ ਹੈ।੭।ਆਪਿ–ਆਪ ਹੀ।ਕਰੇ–ਕਰਦਾ ਹੈ।ਕਰਾਏ–ਕਰਾਉਂਦਾ ਹੈ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਕਿਸੈ–ਕਿਸੇ ਵਿਰਲੇ ਨੂੰ।ਬੁਝਾਏ–ਸਮਝਾਉਂਦਾ ਹੈ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸੇ–ਉਹ।ਕੈ ਘਰਿ–ਦੇ ਘਰ ਵਿਚ।੮।ਗਣਤ–(ਅਪਣੇ ਕੀਤੇ ਕੰਮਾਂ ਦੀ) ਗਿਣਤੀ।ਗਣੈ–ਗਿਣਦਾ ਹੈ।ਸੋ–ਉਹ।ਜਲੈ–ਜਲਦਾ ਹੈ। ਸਹਸਾ–ਸੰਸਾ; ਭਰਮ।ਮੂਲਿ–ਬਿਲਕੁਲ।ਨ ਚੁਕੈ–ਦੂਰ ਨਹੀਂ ਹੁੰਦਾ।ਵਿਕਾਰਾ–ਵਿਕਾਰ।ਸੁ–ਉਹ।ਸਚੇ–ਸੱਚੇ ਨਾਮ ਦਾ।ਸਚਿ–ਸੱਚੇ ਪ੍ਰਭੂ ਵਿਚ।ਸਮਾਇਦਾ–ਲੀਨ ਹੋ ਜਾਂਦਾ ਹੈ।੯।ਸਚੁ–ਸੱਚਾ ਨਾਮ।ਦੇਇ–ਦੇ ਦੇਵੇ।ਤਾ–ਤਾਂ।ਪਾਏ–ਪਾਉਂਦਾ ਹੈ।ਰੰਗਿ ਰਾਤਾ–ਪ੍ਰੇਮ ਵਿਚ ਰੰਗਿਆ ਹੋਇਆ।ਤੇ–ਤੋਂ; ਨਾਲ।੧੦।ਜਪੁ–ਦੇਵਤਿਆਂ ਦੇ ਮੰਤ੍ਰਾਂ ਦਾ ਜਾਪ।ਤਪੁ–ਸਰੀਰ ਨੂੰ ਕਸ਼ਟ ਦੇਣ ਵਾਲੀ ਤਪੱਸਿਆ। ਸੰਜਮੁ–ਇੰਦ੍ਰੀਆਂ ਨੂੰ ਵਸ ਕਰਨ ਦਾ ਜਤਨ।ਕਿਲਵਿਖ–ਪਾਪ।ਕਾਟਣਹਾਰਾ–ਕੱਟ ਦੇਣ ਵਾਲਾ।ਕੈ ਨਾਮਿ–ਦੇ ਨਾਮ ਰਾਹੀਂ।ਤਨੁ–

ਸਰੀਰ। ਸਹਜੇ-ਸੁਭਾਵਕ ਹੀ। ਸਹਜਿ-ਅਡੋਲ ਅਵਸਥਾ ਵਿਚ; ਸਹਿਜ ਪਦਵੀ ਵਿਚ।੧੧।
ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥ ਕੂੜੋ ਕੂੜੁ ਕਰੇ ਵਾਪਾਰਾ, ਕੂੜੁ ਬੋਲਿ ਦੁਖੁ ਪਾਇਦਾ ॥੧੨॥ ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥ ਗੁਰ ਕੈ ਭਾਣੈ ਚਲੈ ਦਿਨੁ ਰਾਤੀ, ਨਾਮੁ ਚੇਤਿ ਸੁਖੁ ਪਾਇਦਾ ॥੧੩॥ ਆਪਿ ਸਿਰੰਦਾ ਸਚਾ ਸੋਈ ॥ ਆਪਿ ਉਪਾਇ ਖਪਾਏ ਸੋਈ ॥ ਗੁਰਮੁਖਿ ਹੋਵੈ ਸੁ ਸਦਾ ਸਲਾਹੇ, ਮਿਲਿ ਸਾਚੇ ਸੁਖੁ ਪਾਇਦਾ ॥੧੪॥ ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥ ਸਤਿਗੁਰ ਸੇਵੇ ਮਨੁ ਵਸਿ ਆਵੈ, ਮਨ ਮਾਰੇ ਮਨਹਿ ਸਮਾਇਦਾ ॥੧੫॥ ਮੇਰਾ ਤੇਰਾ ਤੁਧੁ ਆਪੇ ਕੀਆ ॥ ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥ ਨਾਨਕ ਨਾਮੁ ਸਮਾਲਿ ਸਦਾ ਤੂ ,ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥ (ਹੇ ਭਾਈ! ਜਿਸ ਮਨੁੱਖ ਦੇ) ਅੰਦਰ ਲੋਭ ਹੈ, (ਉਹ) ਮੈਲੇ ਮਨ ਦੇ ਕਾਰਨ (ਅਪਣੇ ਮਨ ਨੂੰ ਹੋਰ) ਮੈਲ ਲਾਉਂਦਾ ਹੈ। (ਉਹ) ਮੈਲੇ ਕੰਮ ਕਰਦਾ ਹੈ, (ਜਿਸ ਕਰਕੇ ਉਹ) ਦੁਖ ਪਾਉਂਦਾ ਹੈ। (ਉਹ) ਝੂਠਾ ਮਨੁੱਖ ਝੂਠ ਦਾ ਹੀ ਵਪਾਰ ਕਰਦਾ ਹੈ ਅਤੇ ਝੂਠ ਬੋਲ ਕੇ ਦੁਖ ਪਾਉਂਦਾ ਹੈ।੧੨। (ਜਿਹੜਾ) ਕੋਈ ਮਨੁੱਖ ਗੁਰੂ ਦੀ ਪਵਿਤ੍ਰ ਬਾਣੀ ਅਪਣੇ ਮਨ ਵਿਚ ਵਸਾਉਂਦਾ ਹੈ। ਗੁਰੂ ਦੀ ਕ੍ਰਿਪਾ ਨਾਲ (ਉਸ ਦਾ) ਸੰਸਾ ਦੂਰ ਹੋ ਜਾਂਦਾ ਹੈ। (ਫਿਰ ਉਹ) ਦਿਨ ਰਾਤ ਗੁਰੂ ਦੇ ਭਾਣੇ ਵਿਚ ਚਲਦਾ ਹੈ ਅਤੇ ਪ੍ਰਭੂ ਦਾ ਨਾਮ ਸਿਮਰ ਕੇ ਸੁਖ ਪਾਉਂਦਾ ਹੈ।੧੩। (ਹੇ ਭਾਈ!) ਉਹ ਸੱਚਾ ਪ੍ਰਭੂ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ। (ਉਹ) ਆਪ ਹੀ ਜਗਤ ਨੂੰ ਪੈਦਾ ਕਰਦਾ ਹੈ ਅਤੇ ਉਹ ਪ੍ਰਭੂ ਹੀ (ਜਗਤ ਨੂੰ) ਨਾਸ਼ ਕਰਦਾ ਹੈ। (ਜਿਹੜਾ) ਗੁਰਮੁਖ ਹੁੰਦਾ ਹੈ, ਉਹ (ਪ੍ਰਭੂ ਨੂੰ) ਸਦਾ ਸਲਾਹੁੰਦਾ ਰਹਿੰਦਾ ਹੈ ਅਤੇ (ਉਹ) ਸੱਚੇ ਪ੍ਰਭੂ ਨੂੰ ਮਿਲ ਕੇ ਆਤਮਕ ਸੁਖ ਪਾਉਂਦਾ ਹੈ।੧੪। (ਹੇ ਭਾਈ! ਬੇਸ਼ੱਕ ਮਨੁੱਖ) ਅਨੇਕਾਂ ਜਤਨ ਕਰ ਲਵੇ, (ਫਿਰ ਵੀ) ਵਿਸ਼ੇ ਭੋਗਣ ਵਾਲੀ ਇੰਦ੍ਰੀ ਵਸ ਵਿਚ ਨਹੀਂ ਹੁੰਦੀ। ਸਭ ਕੋਈ ਕਾਮ ਵਿਚ ਤੇ ਕ੍ਰੋਧ ਵਿਚ ਜਲ ਰਿਹਾ ਹੈ। (ਜਿਹੜਾ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, (ਉਸ ਦਾ) ਮਨ ਵਸ ਵਿਚ ਆ ਜਾਂਦਾ ਹੈ, ਮਨ ਦੇ ਮੰਦੇ ਸੁਭਾਵ ਨੂੰ ਮਾਰ ਲਵੇ, ਤਾਂ ਵਿਸ਼ੇ ਵਿਕਾਰ ਮਨ ਵਿਚ ਹੀ ਨਾਸ਼ ਜਾਂਦੇ ਹਨ।੧੫। (ਹੇ ਪ੍ਰਭੂ!) ਮੇਰਾਪਣ ਅਤੇ ਤੇਰਾਪਣ ਤੂੰ ਆਪ ਹੀ ਪੈਦਾ ਕੀਤਾ ਹੈ। ਸਾਰੇ ਸੂਖਮ ਜੀਵ ਤੇਰੇ ਪੈਦਾ ਕੀਤੇ ਹੋਏ ਹਨ ਅਤੇ ਸਾਰੇ ਸਥੂਲ ਜੀਵ ਵੀ ਤੇਰੇ ਹੀ ਪੈਦਾ ਕੀਤੇ ਹੋਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਤੂੰ ਪ੍ਰਭੂ ਦਾ ਨਾਮ ਸਿਮਰਿਆ ਕਰ, (ਜਿਹੜਾ ਮਨੁੱਖ) ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਦਾ ਹੈ (ਪ੍ਰਭੂ ਅਪਣਾ ਨਾਮ ਉਸ ਦੇ) ਮਨ ਵਿਚ ਮਨ ਵਿਚ ਵਸਾਉਂਦਾ ਹੈ।੧੬।੪।੧੮।
ਪਦਾਰਥ = ਅੰਤਰਿ-ਅੰਦਰ। ਮਨਿ ਮੈਲੈ-ਮਨ ਦੇ ਮੈਲੇ ਹੋਣ ਕਰਕੇ। ਮਲੁ-ਮੈਲ। ਕਰਮ ਕਰੇ-ਕੰਮ ਕਰਦਾ ਹੈ। ਕੂੜੋ ਕੂੜੁ-ਝੂਠਾ ਮਨੁੱਖ ਝੂਠ ਦਾ। ਬੋਲਿ-ਬੋਲ ਕੇ।੧੨। ਨਿਰਮਲ-ਪਵਿਤ੍ਰ। ਕੋ-ਕੋਈ ਮਨੁੱਖ। ਮੰਨਿ-ਮਨ ਵਿਚ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਸਹਸਾ-ਸੰਸਾ; ਭਰਮ। ਜਾਏ-ਦੂਰ ਹੋ ਜਾਂਦਾ ਹੈ। ਕੈ ਭਾਣੈ-ਦੇ ਹੁਕਮ ਵਿਚ। ਰਾਤੀ-ਰਾਤ। ਚੇਤਿ-ਸਿਮਰ ਕੇ।੧੩। ਆਪਿ-ਆਪ ਹੀ। ਸਿਰੰਦਾ-ਪੈਦਾ ਕਰਨ ਵਾਲਾ। ਸਚਾ-ਸੱਚਾ ਪ੍ਰਭੂ। ਸੋਈ-ਉਹ ਹੀ। ਉਪਾਇ-ਪੈਦਾ ਕਰਦਾ ਹੈ। ਖਪਾਏ-ਨਾਸ਼ ਕਰਦਾ ਹੈ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਸੁ-ਉਹ। ਸਲਾਹੇ-ਸਲਾਹੁੰਦਾ ਹੈ। ਮਿਲਿ-ਮਿਲ ਕੇ।੧੪। ਇੰਦ੍ਰੀ-ਵਿਸ਼ੇ ਭੋਗਣ ਵਾਲੀ ਇੰਦ੍ਰੀ। ਵਸਿ -ਵਸ ਵਿਚ। ਕਾਮਿ-ਕਾਮ ਵਿਚ। ਕਰੋਧਿ-ਕ੍ਰੋਧ ਵਿਚ। ਜਲੈ-ਸੜਦਾ ਹੈ। ਸਭੁ ਕੋਈ-ਹਰੇਕ ਜੀਵ। ਸੇਵੇ-ਸੇਵਾ ਕਰਦਾ ਹੈ। ਮਨ ਮਾਰੇ-ਮਨ ਨੂੰ ਮਾਰ ਲਵੇ। ਮਨਹਿ-ਮਨ ਵਿਚ ਹੀ। ਸਮਾਇਦਾ-ਨਾਸ਼ ਹੋ ਜਾਂਦੇ ਹਨ।੧੫। ਮੇਰਾ ਤੇਰਾ-ਮੇਰ ਤੇਰ। ਤੁਧੁ-ਤੂੰ। ਕੀਆ-ਪੈਦਾ ਕੀਤਾ ਹੈ। ਜੰਤ-ਸੂਖਮ ਜੀਵ। ਜੀਆ-ਸਥੂਲ-ਜੀਵ। ਸਮਾਲਿ-ਸਿਮਰਿਆ ਕਰ। ਗੁਰਮਤੀ-ਗੁਰੂ ਦੀ ਸਿੱਖਿਆ।੧੬।੪।੧੮।
ਮਾਰੂ ਮਹਲਾ ੩ ॥ ਹਰਿ ਜੀਉ ਦਾਤਾ ਅਗਮ ਅਥਾਹਾ ॥ ਓਸੁ ਤਿਲੁ ਨ ਤਮਾਇ ਵੇਪਰਵਾਹਾ ॥ ਤਿਸ ਨੋ ਅਪੜਿ ਨ ਸਕੈ ਕੋਈ, ਆਪੇ ਮੇਲਿ ਮਿਲਾਇਦਾ ।੧॥ ਜੋ ਕਿਛੁ ਕਰੈ ਸੁ ਨਿਹਚਉ ਹੋਈ ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥ ਜਿਸ ਨੋ ਨਾਮ ਦਾਨੁ ਕਰੇ ਸੋ ਪਾਏ, ਗੁਰ ਸਬਦੀ ਮੇਲਾਇਦਾ ॥੨॥ ਚਉਦਹ ਭਵਣ ਤੇਰੇ ਹਟ ਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥ ਨਾਵੈ ਕਾ ਵਾਪਾਰੀ ਹੋਵੈ, ਗੁਰ ਸਬਦੀ ਕੋ ਪਾਇਦਾ ॥੩॥ ਸਤਿਗੁਰਿ ਸੇਵਿਐ ਸਹਜ ਅਨੰਦਾ ॥ ਹਿਰਦੈ ਆਇ ਵੁਠਾ ਗੋਵਿੰਦਾ ॥ ਸਹਜੇ ਭਗਤਿ ਕਰੇ ਦਿਨੁ ਰਾਤੀ, ਆਪੇ ਭਗਤਿ ਕਰਾਇਦਾ ॥੪॥ (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਥਾਹ ਪ੍ਰਭੂ ਸਾਰੇ ਪਦਾਰਥਾਂ ਦਾ ਦਾਤਾ ਹੈ। ਉਸ ਨੂੰ ਤਿਲ ਮਾਤ੍ਰ ਵੀ ਕੋਈ ਲਾਲਚ ਨਹੀਂ ਅਤੇ (ਉਹ) ਬੇਪ੍ਰਵਾਹ ਹੈ। (ਅਪਣੇ ਬਲ ਨਾਲ) ਉਸ ਪ੍ਰਭੂ ਤਕ ਕੋਈ ਪਹੁੰਚ ਨਹੀਂ ਸਕਦਾ, ਆਪ ਹੀ (ਉਹ ਮਨੁੱਖ ਨੂੰ ਗੁਰੂ ਨਾਲ) ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।੧। (ਹੇ ਭਾਈ!) ਪ੍ਰਭੂ ਜੋ ਕੁਛ ਕਰਦਾ ਹੈ, ਉਹ ਜਰੂਰ ਹੁੰਦਾ ਹੈ। ਉਸ ਤੋਂ ਬਿਨਾ ਹੋਰ ਕੋਈ ਦਾਤਾ ਨਹੀਂ ਹੈ। ਜਿਸ ਮਨੁੱਖ ਨੂੰ ਪ੍ਰਭੂ ਨਾਮ ਦਾਨ ਬਖਸ਼ਿਸ਼ ਕਰਦਾ ਹੈ, ਉਹ (ਨਾਮ) ਪ੍ਰਾਪਤ ਕਰਦਾ ਹੈ, (ਫਿਰ ਉਸ ਨੂੰ ਪ੍ਰਭੂ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਨਾਲ) ਮਿਲਾ ਲੈਂਦਾ ਹੈ।੨। (ਹੇ ਪ੍ਰਭੂ!) ਚੌਦਾਂ ਭਵਨ ਤੇਰੇ ਬਜਾਰ ਹਨ (ਜਿੱਥੇ ਤੇਰੇ ਪੈਦਾ ਕੀਤੇ ਜੀਵ ਆਪੋ ਅਪਣਾ ਕੰਮ ਕਰਦੇ ਹਨ)। ਸਤਿਗੁਰੂ ਨੇ (ਇਹ ਬਜਾਰ ਮਨੁੱਖ ਨੂੰ) ਸਰੀਰ ਦੇ ਨਾਲ ਹਿਰਦੇ ਅੰਦਰ ਹੀ ਦਿਖਾ ਦਿਤੇ ਹਨ। (ਜਿਹੜਾ) ਕੋਈ ਮਨੁੱਖ ਗੁਰੂ ਦੇ ਸ਼ਬਦ ਦੁਅਰਾ (ਇਹ ਦਾਤ) ਪ੍ਰਾਪਤ ਕਰਦਾ ਹੈ, (ਉਹ) ਨਾਮ ਦਾ ਵਪਾਰੀ ਹੋ ਜਾਂਦਾ ਹੈ (ਨਾਮ ਆਪ ਜਪਦਾ ਹੈ ਤੇ ਹੋਰਨਾਂ ਨੂੰ ਵੀ ਜਪਾਉਂਦਾ ਹੈ)।੩। (ਹੇ ਭਾਈ!) ਸਤਿਗੁਰੂ ਦੀ ਸੇਵਾ

ਕਰਨ ਨਾਲ ਸੁਭਾਵਕ ਹੀ ਅਨੰਦ ਪ੍ਰਾਪਤ ਹੁੰਦਾ ਹੈ।(ਸੇਵਾ ਦੇ ਪ੍ਰਤਾਪ ਕਰਕੇ) ਗੋਵਿੰਦ ਹਿਰਦੇ ਵਿਚ ਆ ਵਸਦਾ ਹੈ।(ਜਿਸ ਮਨੁੱਖ ਤੋਂ) ਪ੍ਰਭੂ ਆਪ ਹੀ ਭਗਤੀ ਕਰਾਉਂਦਾ ਹੈ, (ਉਹ) ਸੁਭਾਵਕ ਹੀ ਦਿਨ ਰਾਤ ਪ੍ਰਭੂ ਦੀ ਭਗਤੀ ਕਰਦਾ ਹੈ।੪।

ਅੰਗ ੧੦੬੩ = ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥ ਮਥੇ ਕਾਲੇ ਮਹਲੁ ਨ ਪਾਵਹਿ, ਦੁਖ ਹੀ ਵਿਚਿ ਦੁਖੁ ਪਾਇਦਾ ॥੫॥ ਸਤਿਗੁਰੁ ਸੇਵਹਿ ਸੇ ਵਡਭਾਗੀ ॥ ਸਹਜ ਭਾਇ ਸਚੀ ਲਿਵ ਲਾਗੀ ॥ ਸਚੋ ਸਚੁ ਕਮਾਵਹਿ ਸਦ ਹੀ, ਸਚੈ ਮੇਲਿ ਮਿਲਾਇਦਾ ॥੬॥ (ਹੇ ਭਾਈ! ਜਿਹੜੇ ਮਨੁੱਖ) ਸਤਿਗੁਰੂ ਤੋਂ ਵਿਛੜੇ ਹੋਏ ਹਨ, ਉਨ੍ਹਾਂ ਨੇ ਦੁਖ ਪਾਇਆ ਹੈ।(ਉਹ) ਹਰ ਰੋਜ ਮਾਰ ਖਾਂਦੇ ਹਨ ਅਤੇ (ਉਨ੍ਹਾਂ ਨੂੰ) ਸਾਰਾ ਦੁਖ ਹੀ ਮਿਲਦਾ ਹੈ।(ਉਨ੍ਹਾਂ ਦੇ) ਮੂੰਹ ਕਾਲੇ ਹੋਏ ਰਹਿੰਦੇ ਹਨ, (ਉਹ ਪ੍ਰਭੂ ਦਾ) ਮਹਿਲ ਨਹੀਂ ਪਾ ਸਕਦੇ ਅਤੇ ਦੁੱਖਾਂ ਵਿਚ ਦੁਖ ਹੀ ਪਾਉਂਦੇ ਹਨ।੫।(ਹੇ ਭਾਈ! ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ।ਸਹਿਜ ਸੁਭਾਵਕ ਹੀ (ਉਨ੍ਹਾਂ ਦੀ ਨਾਮ ਸਿਮਰਨ ਵਿਚ) ਸੱਚੀ ਲਿਵ ਲੱਗੀ ਰਹਿੰਦੀ ਹੈ।(ਉਹ) ਸਦਾ ਹੀ ਪ੍ਰਭੂ ਦੇ ਨਿਰੋਲ ਸੱਚੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ, (ਉਨ੍ਹਾਂ ਨੂੰ ਗੁਰੂ ਅਪਣੇ ਨਾਲ) ਮਿਲਾ ਕੇ ਸੱਚੇ ਪ੍ਰਭੂ ਨਾਲ ਮਿਲਾ ਦੇਂਦਾ ਹੈ।੬।

ਪਦਾਰਥ = ਦਾਤਾ–ਸਾਰੇ ਪਦਾਰਥ ਦੇਣ ਵਾਲਾ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਥਾਹਾ–ਬਹੁਤ ਡੂੰਘਾ।ਓਸੁ–ਉਸ ਨੂੰ। ਤਿਲੁ–ਤਿਲ ਮਾਤ੍ਰ ਵੀ।ਤਮਾਇ–ਲਾਲਚ।ਤਿਸ ਨੋ–ਉਸ ਤੱਕ।ਅਪੜਿ ਨ ਸਕੈ–ਪਹੁੰਚ ਨਹੀਂ ਸਕਦਾ।ਆਪੇ–ਆਪ ਹੀ।ਮੇਲਿ–ਮਿਲਾ ਕੇ।੧।ਸੁ–ਉਹ।ਨਿਹਚਉ ਹੋਈ–ਜਰੂਰ ਹੁੰਦਾ ਹੈ।ਅਵਰੁ–ਹੋਰ।ਸੋ ਪਾਏ–ਉਹ ਪ੍ਰਾਪਤ ਕਰਦਾ ਹੈ।ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ।੨।ਚਉਦਹ ਭਵਨ–ਚੌਦਾਂ ਲੋਕ (ਸੱਤ ਅਕਾਸ਼ ਤੇ ਸੱਤ ਪਤਾਲ)।ਹਟਨਾਲੇ–ਹੱਟਾਂ ਦੀਆਂ ਕਤਾਰਾਂ (ਬਜਾਰ)।ਸਤਿ ਗੁਰਿ–ਸਤਿਗੁਰੂ ਨੇ।ਅੰਤਰਿ–ਹਿਰਦੇ ਅੰਦਰ।ਨਾਲੇ–ਨਾਲ ਹੀ।ਕੋ–ਕੋਈ।੩।ਸਤਿਗੁਰਿ ਸੇਵਿਐ–ਸਤਿਗੁਰੂ ਦੀ ਸੇਵਾ ਕਰਨ ਨਾਲ। ਸਹਜ ਅਨੰਦਾ–ਅਸਲੀ ਅਨੰਦ (ਜੋ ਮਨ ਨੂੰ ਟਿਕਾਉ ਵਿਚ ਰੱਖਦਾ ਹੈ)।ਹਿਰਦੈ–ਹਿਰਦੇ ਵਿਚ।ਆਇ ਵੁਠਾ–ਆ ਵਸਦਾ ਹੈ।ਸਹਜੇ–ਸੁਭਾਵਕ ਹੀ।ਰਾਤੀ–ਰਾਤ।੪।ਤੇ–ਤੋਂ।ਤਿਨੀ–ਉਨ੍ਹਾਂ ਨੇ।ਅਨਦਿਨੁ–ਹਰ ਰੋਜ।ਮਾਰੀਅਹਿ–ਮਾਰ ਖਾਂਦੇ ਹਨ।ਸਬਾਇਆ–ਸਾਰਾ। ਮਥੇ–ਮੂੰਹ।ਮਹਲੁ–ਪ੍ਰਭੂ ਦਾ ਮਹਿਲ।੫।ਸੇਵਹਿ–ਸੇਵਾ ਕਰਦੇ ਹਨ।ਸੇ–ਉਹ।ਸਹਜ ਭਾਇ–ਸਹਿਜ ਸੁਭਾਵਕ ਹੀ।ਸਚੋ ਸਚੁ–ਨਿਰੋਲ ਸੱਚੇ ਨਾਮ ਦਾ ਸਿਮਰਨ।ਕਮਾਵਹਿ–ਕਮਾਈ ਕਰਦੇ ਹਨ।ਸਦ ਹੀ–ਸਦਾ ਹੀ।ਸਚੈ–ਸੱਚੇ ਪ੍ਰਭੂ ਨਾਲ।੬।

ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥ ਸਚੁ ਸਚੈ ਕਾ ਆਪੇ ਦਾਤਾ, ਜਿਸੁ ਦੇਵੈ ਸੋ ਸਚੁ ਪਾਇਦਾ ॥੭॥ ਆਪੇ ਕਰਤਾ ਸਭਨਾ ਕਾ ਸੋਈ ॥ ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥ ਆਪੇ ਬਖਸੇ ਦੇ ਵਡਿਆਈ, ਆਪੇ ਮੇਲਿ ਮਿਲਾਇਦਾ ॥੮॥ ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥ ਅਗੈ ਜਮਕਾਲੁ ਲੇਖਾ ਲੇਵੈ, ਜਿਉ ਤਿਲ ਘਾਣੀ ਪੀੜਾਇਦਾ ॥੯॥ ਪੂਰੈ ਭਾਗਿ ਗੁਰ ਸੇਵਾ ਹੋਈ ॥ ਨਦਰਿ ਕਰੇ ਤਾ ਸੇਵੇ ਕੋਈ ॥ ਜਮਕਾਲੁ ਤਿਸੁ ਨੇੜਿ ਨ ਆਵੈ, ਮਹਲਿ ਸਚੈ ਸੁਖੁ ਪਾਇਦਾ ॥੧੦॥ ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥ ਤੇਰੈ ਹਥਿ ਹੈ ਸਭ ਵਡਿਆਈ, ਜਿਸੁ ਦੇਵਹਿ ਸੋ ਪਾਇਦਾ ॥੧੧॥ (ਹੇ ਭਾਈ!) ਸੱਚਾ ਪ੍ਰਭੂ ਜਿਸ ਮਨੁੱਖ ਨੂੰ ਨਾਮ ਦੀ ਦਾਤ ਦੇਂਦਾ ਹੈ, ਉਹ ਨਾਮ ਪ੍ਰਾਪਤ ਕਰਦਾ ਹੈ।(ਉਸ ਦੇ) ਅੰਦਰ ਸੱਚਾ ਨਾਮ ਟਿਕ ਜਾਂਦਾ ਹੈ, (ਨਾਮ ਦੀ ਬਰਕਤ ਨਾਲ ਉਹ) ਭਰਮ ਦੂਰ ਕਰ ਲੈਂਦਾ ਹੈ।ਸੱਚਾ ਪ੍ਰਭੂ ਆਪ ਹੀ ਸੱਚੇ ਨਾਮ ਦਾ ਦਾਤਾ ਹੈ, ਜਿਸ ਮਨੁੱਖ ਨੂੰ (ਪ੍ਰਭੂ ਨਾਮ) ਦੇਂਦਾ ਹੈ, ਉਹ ਸੱਚਾ ਨਾਮ ਪ੍ਰਾਪਤ ਕਰਦਾ ਹੈ।੭।(ਹੇ ਭਾਈ!) ਉਹ ਪ੍ਰਭੂ ਆਪ ਹੀ ਸਾਰੇ ਜੀਵਾਂ ਦਾ ਕਰਤਾ ਹੈ।(ਇਹ ਗੱਲ ਵੀ) ਕੋਈ ਕੋਈ ਜੀਵ ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਸਮਝਾਉਂਦਾ ਹੈ।ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ (ਜੀਵ ਨੂੰ) ਵਡਿਆਈ ਦੇਂਦਾ ਹੈ, ਆਪ ਹੀ (ਉਹ ਜੀਵ ਨੂੰ ਗੁਰੂ ਨਾਲ) ਮਿਲਾ ਕੇ ਅਪਣੇ ਨਾਲ ਮਿਲਾਉਂਦਾ ਹੈ। ੮।(ਹੇ ਭਾਈ! ਜਿਸ ਮਨੁੱਖ ਨੇ ਅਪਣਾ ਅਮੋਲਕ) ਮਨੁੱਖ ਜਨਮ ਮੈਂ ਮੈਂ ਕਰਦਿਆਂ ਬਿਅਰਥ ਗਵਾ ਲਿਆ ਹੈ।(ਉਸ ਦੇ) ਅੱਗੇ ਮਾਇਆ ਦਾ ਮੋਹ ਰੂਪ ਪੜਦਾ ਹੈ, ਜੋ ਦੂਰ ਨਹੀਂ ਹੁੰਦਾ।ਅੱਗੇ (ਜਦੋਂ) ਪ੍ਰਲੋਕ ਵਿਚ ਜਮਕਾਲ ਕਰਮਾਂ ਦਾ ਲੇਖਾ ਲੈਂਦਾ ਹੈ, (ਉਥੇ ਨਾਮ ਹੀਣ ਮਨੁੱਖ ਇਉਂ) ਪੀੜਿਆ ਜਾਂਦਾ ਹੈ, ਜਿਵੇਂ (ਕੋਹਲੂ ਵਿਚ) ਘਾਣੀ ਦੇ ਤਿਲ ਪੀੜੇ ਜਾਂਦੇ ਹਨ।੯।{ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ੫੪੬}।(ਹੇ ਭਾਈ!) ਪੂਰੇ ਭਾਗਾਂ ਨਾਲ ਗੁਰੂ ਦੀ ਸੇਵਾ ਹੁੰਦੀ ਹੈ।(ਪ੍ਰਭੂ ਜੇ ਕਿਸੇ ਮਨੁੱਖ ਉਤੇ) ਮੇਹਰ ਦੀ ਨਜਰ ਕਰੇ, ਤਾਂ ਹੀ ਕੋਈ ਮਨੁੱਖ ਗੁਰ ਦੀ ਸੇਵਾ ਕਰਦਾ ਹੈ।ਜਮ ਕਾਲ ਉਸ ਮਨੁੱਖ ਦੇ ਨੇੜੇ ਨਹੀਂ ਆਉਂਦਾ ਅਤੇ ਉਹ ਸੱਚੇ ਪ੍ਰਭੂ ਦੇ ਮਹਿਲ ਵਿਚ (ਪਹੁੰਚ ਕੇ) ਸੁਖ ਪਾਉਂਦਾ ਹੈ।੧੦।(ਹੇ ਪ੍ਰਭੂ!) ਉਨ੍ਹਾਂ ਮਨੁੱਖਾਂ ਨੇ ਸੁਖ ਪਾਇਆ ਹੈ, ਜੋ ਤੈਨੂੰ ਚੰਗੇ ਲਗਦੇ ਹਨ। ਪੂਰੇ ਭਾਗਾਂ ਕਰਕੇ (ਉਹ ਮਨੁੱਖ ਤੈਂ) ਗੁਰੂ ਦੀ ਸੇਵਾ ਵਿਚ ਲਾਏ ਹਨ।(ਲੋਕ ਪ੍ਰਲੋਕ ਦੀ) ਸਾਰੀ ਵਡਿਆਈ ਤੇਰੇ ਹੱਥ ਵਿਚ ਹੈ, ਜਿਸ ਮਨੁੱਖ ਨੂੰ ਤੂੰ (ਵਡਿਆਈ) ਦੇਂਦਾ ਹੈਂ, ਉਹ ਪ੍ਰਾਪਤ ਕਰਦਾ ਹੈ।੧੧।

ਪਦਾਰਥ = ਨੋ–ਨੂੰ।ਦੇਇ–ਦੇਂਦਾ ਹੈ।ਸੁ–ਉਹ।ਪਾਏ–ਪ੍ਰਾਪਤ ਕਰਦਾ ਹੈ।ਸਾਚੁ–ਸੱਚਾ ਨਾਮ।ਚੁਕਾਏ–ਦੂਰ ਕਰ ਲੈਂਦਾ ਹੈ।ਸਚੁ–ਸੱਚਾ ਪ੍ਰਭੂ।ਸਚੈ ਕਾ–ਸੱਚੇ ਨਾਮ ਦਾ।ਆਪੇ–ਆਪ ਹੀ।ਸੋ–ਉਹ।੭।ਕਰਤਾ–ਕਰਤਾਰ (ਰਚਨਹਾਰ ਪ੍ਰਭੂ)।ਸਭਨਾ ਕਾ–ਸਾਰੇ ਜੀਵਾਂ

ਦਾ। ਸੋਈ–ਉਹ ਹੀ। ਬੁਝਾਏ–ਸਮਝਾਉਂਦਾ ਹੈ। ਬੂਝੈ–ਸਮਝਦਾ ਹੈ। ਬਖਸੇ–ਬਖਸ਼ਿਸ਼ ਕਰਦਾ ਹੈ। ਦੇ–ਦੇਂਦਾ ਹੈ। ਮੇਲਿ–ਗੁਰੂ ਨਾਲ ਮਿਲਾ ਕੇ। ਮਿਲਾਇਦਾ–ਅਪਣੇ ਨਾਲ ਮਿਲਾਉਂਦਾ ਹੈ; ਮੇਲਿ (ਸੰਗਤ) ਵਿਚ ਮਿਲਾਉਂਦਾ ਹੈ। ੮। ਹਉਮੈ–ਮੈਂ ਮੈਂ; ਹੰਕਾਰ। ਆਗੈ–(ਉਸ ਦੇ) ਅੱਗੇ। ਨ ਚੂਕੈ–ਦੂਰ ਨਹੀਂ ਹੁੰਦਾ। ਅਗੈ–ਅੱਗੇ ਪ੍ਰਲੋਕ ਵਿਚ। ਜਮਕਾਲੁ–ਧਰਮਰਾਜ; ਕਾਲ ਕਰਨ ਵਾਲਾ ਜਮ। ਲੇਖਾ ਲੇਵੈ–ਹਿਸਾਬ ਲੈਂਦਾ ਹੈ। ਘਾਣੀ–ਕੋਹਲੂ ਵਿਚ ਪੀੜਨ ਲਈ ਪਾਈ ਚੀਜ ਦਾ ਪੂਰ। ਤਿਲ ਪੀੜਾਇਦਾ–ਤਿਲ ਪੀੜੇ ਜਾਂਦੇ ਹਨ (ਅਤਿਅੰਤ ਕਸ਼ਟ ਦਿਤਾ ਜਾਂਦਾ ਹੈ)। ੯। ਭਾਗਿ–ਭਾਗਾਂ ਨਾਲ। ਨਦਰਿ–ਮੇਹਰ ਦੀ ਨਜਰ। ਤਾ–ਤਾਂ; ਤਦ। ਸੇਵੇ–ਸੇਵਾ ਕਰਦਾ ਹੈ। ਤਿਸੁ–ਉਸ ਦੇ। ਮਹਲਿ ਸਚੈ–ਸੱਚੇ ਪ੍ਰਭੂ ਦੇ ਮਹਿਲ ਵਿਚ। ੧੦। ਤਿਨ–ਉਨ੍ਹਾਂ ਨੇ। ਤੁਧੁ–ਤੈਨੂੰ। ਭਾਏ–ਚੰਗੇ ਲਗਦੇ ਹਨ। ਹਥਿ–ਹੱਥ ਵਿਚ। ਦੇਵਹਿ–ਤੂੰ ਦੇਂਦਾ ਹੈ। ਸੋ–ਉਹ। ੧੧।

ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥ ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥ ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥ ਚਲਦਿਆ ਘਰੁ ਦਰੁ ਨਦਰਿ ਨ ਆਵੈ, ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥ ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥ ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ, ਦਰਿ ਸਚੈ ਸੋਭਾ ਪਾਇਦਾ ॥੧੪॥ ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥ ਸਦਾ ਸਚੁ ਵਣਜਹਿ ਵਾਪਾਰੀ, ਨਾਮੋ ਲਾਹਾ ਪਾਇਦਾ ॥੧੫॥ ਆਪੇ ਕਰੇ ਕਰਾਏ ਕਰਤਾ ॥ ਸਬਦਿ ਮਰੈ ਸੋਈ ਜਨੁ ਮੁਕਤਾ ॥ ਨਾਨਕ ਨਾਮੁ ਵਸੈ ਮਨ ਅੰਤਰਿ, ਨਾਮੋ ਨਾਮੁ ਧਿਆਇਦਾ ॥੧੬॥੫॥੧੯॥ (ਹੇ ਭਾਈ! ਜਿਹੜਾ ਮਨੁੱਖ ਅਪਣੇ) ਮਨ ਵਿਚ ਨਾਮ ਪਦਾਰਥ ਵਸਾ ਲੈਂਦਾ ਹੈ, (ਉਹ) ਹਿਰਦੇ ਅੰਦਰ ਗੁਰੂ ਤੋਂ ਗਿਆਨ ਦਾ ਪ੍ਰਕਾਸ਼ ਪ੍ਰਾਪਤ ਕਰ ਲੈਂਦਾ ਹੈ। (ਉਸ ਦੇ) ਹਿਰਦੇ ਵਿਚ ਸਦਾ ਲਈ ਗਿਆਨ ਦਾ ਅਮੋਲਕ ਚਾਨਣ ਹੋ ਜਾਂਦਾ ਹੈ, (ਜਿਸ ਦੀ ਬਰਕਤ ਨਾਲ ਉਹ) ਅਗਿਆਨਤਾ ਦਾ ਹਨ੍ਹੇਰਾ ਦੂਰ ਕਰ ਲੈਂਦਾ ਹੈ। ੧੨। (ਹੇ ਭਾਈ! ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਬੇਸਮਝ ਮਨੁੱਖ (ਪ੍ਰਭੂ ਨੂੰ ਛਡ ਕੇ) ਦੂਜੇ ਪਾਸੇ ਲੱਗੇ ਹੋਏ ਹਨ। (ਉਹ) ਭਾਗਾਂ ਤੋਂ ਹੀਣੇ ਮਨੁੱਖ ਬਿਨਾ ਪਾਣੀ ਤੋਂ ਡੁਬ ਕੇ ਮਰ ਗਏ ਹਨ (ਵਿਸ਼ੇ ਵਿਕਾਰਾਂ ਵਿਚ ਲੱਗ ਕੇ ਮਨੁੱਖਾ ਜਨਮ ਬਿਰਥਾ ਗਵਾ ਲਿਆ ਹੈ। ਉਨ੍ਹਾਂ ਨੂੰ ਜੀਵਨ ਦੇ ਸਫਰ ਵਿਚ) ਚਲਦਿਆਂ ਪ੍ਰਭੂ ਦਾ ਦਰ ਘਰ ਨਜਰ ਨਹੀਂ ਆਉਂਦਾ, (ਅਜੇਹਾ ਮਨੁੱਖ) ਜਮਾਂ ਦੇ ਦਰ ਤੇ ਬੱਧਾ ਹੋਇਆ ਦੁੱਖ ਪਾਉਂਦਾ ਹੈ। ੧੩। (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਕੋਈ ਮਨੁੱਖ) ਮੁਕਤ ਨਹੀਂ ਹੋ ਸਕਦਾ। (ਬੇਸ਼ੱਕ) ਕੋਈ ਮਨੁੱਖ ਗਿਆਨਵਾਨ ਤੇ ਧਿਆਨ ਲਾਉਣ ਵਾਲੇ ਪੁਰਖਾਂ ਕੋਲੋਂ ਪੁੱਛ ਲਵੇ। (ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਉਸ ਨੂੰ (ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ ਅਤੇ (ਉਹ) ਸੱਚੇ ਪ੍ਰਭੂ ਤੇ ਦਰ ਤੇ ਵੀ ਸੋਭਾ ਪਾਉਂਦਾ ਹੈ। ੧੪। (ਹੇ ਭਾਈ! ਜਿਹੜਾ ਮਨੁੱਖ) ਸਤਿਗੁਰੂ ਨੂੰ ਸੇਵਦਾ ਹੈ, ਉਸ ਨੂੰ ਪ੍ਰਭੂ ਆਪ ਅਪਣੇ ਨਾਲ ਮਿਲਾ ਲੈਂਦਾ ਹੈ। (ਉਹ) ਮੈਂ ਮੇਰੀ ਦਾ ਭਾਵ ਕੱਟ ਕੇ ਸੱਚੇ ਨਾਮ ਵਿਚ ਲਿਵ ਲਾਈ ਰਖਦਾ ਹੈ। (ਜਿਹੜੇ) ਵਪਾਰੀ ਸਦਾ ਸੱਚੇ ਨਾਮ ਰੂਪ ਸੌਦੇ ਦਾ ਵਪਾਰ ਕਰਦੇ ਹਨ, (ਉਹ) ਨਾਮ ਦਾ ਹੀ ਲਾਭ ਪ੍ਰਾਪਤ ਕਰਦੇ ਹਨ। ੧੫। (ਹੇ ਭਾਈ!) ਕਰਤਾਰ ਆਪ ਹੀ ਸਭ ਕੁਛ ਕਰਦਾ ਹੈ ਅਤੇ (ਉਹ ਆਪ ਹੀ ਜੀਵਾਂ ਤੋਂ ਕੰਮ) ਕਰਾਉਂਦਾ ਹੈ। ਉਹ ਹੀ ਮਨੁੱਖ ਮੁਕਤ ਹੈ, (ਜਿਹੜਾ) ਗੁਰੂ ਦੇ ਸ਼ਬਦ ਵਿਚ ਜੁੜ ਕੇ (ਜੀਵਤ ਭਾਵ) ਤੋਂ ਮਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਮਨ ਤੇ ਤਨ ਕਰਕੇ) ਪ੍ਰਭੂ ਦਾ ਨਾਮ ਸਿਮਰਦਾ ਹੈ, (ਉਸ ਦੇ) ਮਨ ਅੰਦਰ ਪ੍ਰਭੂ ਦਾ ਨਾਮ ਵਸਦਾ ਹੈ। ੧੬। ੫। ੧੯।

ਘਰੁ ਦਰੁ = ਅੰਤ ਸਮੇਂ ਦੁਨੀਆਂ ਤੋਂ ਚਲਦਿਆਂ ਅਪਣਾ ਵੱਡਾ ਘਰ ਤੇ ਵੱਡਾ ਦਰ ਨਜਰ ਨਹੀਂ ਆਉਂਦਾ (ਟਕਸਾਲ)।

ਪਦਾਰਥ = ਅੰਦਰਿ–ਹਿਰਦੇ ਅੰਦਰ। ਤੇ–ਤੋਂ; ਪਾਸੋਂ। ਪਾਏ–ਪ੍ਰਾਪਤ ਕਰਦਾ ਹੈ। ਮੰਨਿ–ਮਨ ਵਿਚ। ਰਤਨੁ–ਅਮੋਲਕ। ਘਟਿ–ਹਿਰਦੇ ਵਿਚ। ਗਵਾਇਦਾ–ਦੂਰ ਕਰ ਲੈਂਦਾ ਹੈ। ੧੨। ਅੰਧੇ–ਅੰਨ੍ਹੇ ਮਨੁੱਖ। ਦੂਜੈ–ਦੂਜੇ ਪਾਸੇ। ਮੂਏ–ਮਰ ਗਏ। ਅਭਾਗੇ–ਭਾਗਾਂ ਤੋਂ ਹੀਣੇ ਮਨੁੱਖ। ਚਲਦਿਆ–(ਜੀਵਨ ਦੇ ਸਫਰ ਵਿਚ) ਚਲਦਿਆਂ; ਮਰਨ ਤੋਂ ਬਾਦ ਪ੍ਰਲੋਕ ਨੂੰ ਜਾਂਦਿਆਂ (ਸੰ.ਸ.; ਫ.ਸ.)। ਘਰੁ ਦਰੁ–ਸ੍ਵਰੂਪ ਰੂਪ ਘਰ ਦਾ ਗਿਆਨ ਰੂਪ ਦਰਵਾਜਾ (ਗੁ.ਗ੍ਰੰਥ ਕੋਸ਼); ਅਪਣਾ ਅਸਲੀ ਘਰ (ਪ੍ਰਭੂ ਦੀ ਹਜੂਰੀ), ਜਿੱਥੇ ਜਾਣਾ ਹੈ; ਰਾਜ ਦੁਆਰ। ਜਮ ਦਰਿ–ਜਮਾਂ ਦੇ ਦਰਵਾਜੇ ਉਤੇ। ਬਾਧਾ–ਬੰਨ੍ਹਿਆ ਹੋਇਆ। ੧੩। ਬਿਨੁ ਸੇਵੇ–ਸੇਵਾ ਕੀਤੇ ਬਿਨਾ। ਗਿਆਨੀ–ਗਿਆਨਵਾਨ ਮਨੁੱਖ। ਧਿਆਨੀ–ਧਿਆਨ ਲਾਉਣ ਵਾਲੇ ਮਨੁੱਖ। ਤਿਸੁ–ਉਸ ਨੂੰ। ਦਰਿ ਸਚੈ–ਸੱਚੇ ਪ੍ਰਭੂ ਦੇ ਦਰ ਉਤੇ। ੧੪। ਨੋ–ਨੂੰ। ਮਮਤਾ–ਮੈਂ ਮੇਰੀ ਦਾ ਭਾਵ। ਸਚਿ–ਸੱਚੇ ਨਾਮ ਵਿਚ। ਲਿਵ ਲਾਏ–ਸੁਰਤ ਲਾਈ ਰਖਦੇ ਹਨ। ਵਣਜਹਿ–ਵਪਾਰ ਕਰਦੇ ਹਨ। ਨਾਮੋ–ਨਾਮ ਦਾ ਹੀ। ਲਾਹਾ–ਲਾਭ। ੧੫। ਆਪੇ–ਆਪ ਹੀ। ਕਰਤਾ–ਕਰਤਾਰ। ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ। ਮਰੈ–ਆਪਾ ਭਾਵ ਤੋਂ ਮਰਦਾ ਹੈ। ਸੋਈ ਜਨੁ–ਉਹ ਹੀ ਮਨੁੱਖ। ਮਨ ਅੰਤਰਿ–ਮਨ ਦੇ ਅੰਦਰ। ਨਾਮੋ ਨਾਮੁ–ਨਾਮ ਹੀ ਨਾਮ। ੧੬। ੫। ੧੯।

ਮਾਰੂ ਮਹਲਾ ੩ ॥ ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੇ ਵਿਚਿ ਕੋ ਵਿਰਲਾ ਆਇਆ ॥ ਭਾਣਾ ਮੰਨੇ ਸੋ ਸੁਖੁ ਪਾਏ, ਭਾਣੇ ਵਿਚਿ ਸੁਖੁ ਪਾਇਦਾ ॥੧॥ ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥ ਭਾਣੇ ਨੋ ਲੋਚੈ ਬਹੁਤੇਰੀ, ਆਪਣਾ ਭਾਣਾ ਆਪਿ ਮਨਾਇਦਾ ॥੨॥ ਤੇਰਾ ਭਾਣਾ ਮੰਨੇ, ਸੁ ਮਿਲੈ ਤੁਧੁ ਆਏ ॥ ਜਿਸੁ ਭਾਣਾ ਭਾਵੈ, ਸੋ ਤੁਝਹਿ ਸਮਾਏ ॥ ਭਾਣੇ ਵਿਚਿ ਵਡੀ

ਵਡਿਆਈ, ਭਾਣਾ ਕਿਸਹਿ ਕਰਾਇਦਾ ॥੩॥(ਹੇ ਪ੍ਰਭੂ!) ਜੋ ਕੁਛ ਤੈਂ ਜਗਤ ਵਿਚ ਕਰਨਾ ਹੈ; ਜੋ ਕੁਛ ਜੀਵ ਨੇ ਪ੍ਰਾਪਤ ਕਰਨਾ ਹੈ, ਉਹ ਤੈਂ ਪਹਿਲਾਂ ਤੋਂ ਹੀ ਜੀਵ ਦੇ ਭਾਗਾਂ ਵਿਚ ਲਿਖ ਕਰਕੇ ਪਾਇਆ ਹੋਇਆ ਹੈ।(ਪਰ ਤੇਰੇ) ਭਾਣੇ ਵਿਚ ਕੋਈ ਵਿਰਲਾ ਜੀਵ ਹੀ ਆਇਆ ਹੈ।(ਜਿਹੜਾ ਮਨੁੱਖ ਤੇਰਾ) ਭਾਣਾ ਮੰਨਦਾ ਹੈ, ਉਹ ਸੁਖ ਪਾਉਂਦਾ ਹੈ, (ਤੇਰੇ) ਭਾਣੇ ਵਿਚ ਹੀ ਸੁਖ ਪਾ ਸਕੀਦਾ ਹੈ।੧।(ਹੇ ਪ੍ਰਭੂ!) ਗੁਰਮੁਖ ਨੂੰ ਤੇਰਾ ਭਾਣਾ ਚੰਗਾ ਲਗਦਾ ਹੈ।(ਉਹ) ਸੁਭਾਵਕ ਹੀ ਸਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ (ਇਸ ਲਈ ਉਹ) ਸੁਖ ਪ੍ਰਾਪਤ ਕਰਦਾ ਹੈ।(ਹੇ ਭਾਈ!) ਪ੍ਰਭੂ ਦਾ ਭਾਣਾ ਮਿੱਠਾ ਮੰਨਣ ਨੂੰ ਬਹੁਤ ਦੁਨੀਆਂ ਚਾਹੁੰਦੀ ਹੈ, (ਪਰ) ਪ੍ਰਭੂ ਅਪਣਾ ਭਾਣਾ ਆਪ ਹੀ (ਕਿਸੇ ਭਾਗਾਂ ਵਾਲੇ ਮਨੁੱਖ ਤੋਂ) ਮਨਵਾਉਂਦਾ ਹੈਂ।੨।(ਹੇ ਪ੍ਰਭੂ! ਜਿਹੜਾ ਮਨੁੱਖ) ਤੇਰਾ ਭਾਣਾ ਮਿੱਠਾ ਕਰਕੇ ਮੰਨਦਾ ਹੈ, ਉਹ ਤੈਨੂੰ ਆ ਮਿਲਦਾ ਹੈ।ਜਿਸ ਮਨੁੱਖ ਨੂੰ ਤੇਰਾ ਭਾਣਾ ਚੰਗਾ ਲਗਦਾ ਹੈ, ਉਹ ਤੇਰੇ ਵਿਚ ਸਮਾ ਜਾਂਦਾ ਹੈ।ਭਾਣਾ ਮੰਨਣ ਵਿਚ ਵੱਡੀ ਵਡਿਆਈ ਮਿਲਦੀ ਹੈ, (ਪਰ ਤੂੰ ਅਪਣਾ) ਭਾਣਾ ਕਿਸੇ ਵਿਰਲੇ ਮਨੁੱਖ ਤੋਂ ਮੰਨਣਾ ਕਰਾਉਂਦਾ ਹੈਂ।੩।

ਅੰਗ ੧੦੬੪ = ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥ ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ, ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥ ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥ ਭਰਮੇ ਭੂਲਾ ਆਵੈ ਜਾਏ, ਘਰੁ ਮਹਲੁ ਨ ਕਬਹੂ ਪਾਇਦਾ ॥੫॥ ਸਤਿਗੁਰੁ ਮੇਲੇ ਦੇ ਵਡਿਆਈ ॥ ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥ ਸਤਿਗੁਰੁ ਸੇਵੇ ਤਾ ਨਾਮੁ ਪਾਏ, ਨਾਮੇ ਹੀ ਸੁਖੁ ਪਾਇਦਾ ॥੬॥ (ਹੇ ਭਾਈ!) ਜਦੋਂ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਤਾਂ ਉਹ (ਮਨੁੱਖ ਨੂੰ) ਗੁਰੂ ਮਿਲਾ ਦੇਂਦਾ ਹੈ।(ਫਿਰ ਉਹ ਮਨੁੱਖ) ਗੁਰੂ ਪਾਸੋਂ ਪ੍ਰਭੂ ਦਾ ਨਾਮ ਪਦਾਰਥ ਪ੍ਰਾਪਤ ਕਰਦਾ ਹੈ।ਹੇ ਪ੍ਰਭੂ! ਤੂੰ ਅਪਣੇ ਭਾਣੇ ਵਿਚ ਹੀ ਸਾਰੀ ਸ੍ਰਿਸਟੀ ਪੈਦਾ ਕੀਤੀ ਹੈ, ਜਿਸ ਮਨੁੱਖ ਨੂੰ ਤੂੰ ਭਾਣਾ ਮੰਨਣ ਦੀ ਸਮਝ ਦੇਂਦਾ ਹੈਂ, ਉਸ ਨੂੰ (ਤੇਰਾ ਭਾਣਾ ਮੰਨਣਾ) ਚੰਗਾ ਲਗਦਾ ਹੈ।੪।(ਹੇ ਭਾਈ! ਮਾਇਆ ਦੇ ਮੋਹ ਵਿਚ) ਅੰਨ੍ਹਾ ਹੋਇਆ ਮਨਮੁੱਖ ਬਹੁਤ ਚਤਰਾਈਆਂ ਕਰਦਾ ਹੈ।(ਉਹ ਪ੍ਰਭੂ ਦਾ) ਭਾਣਾ ਨਹੀਂ ਮੰਨਦਾ, (ਇਸ ਲਈ ਉਹ) ਬਹੁਤ ਦੁਖ ਪਾਉਂਦਾ ਹੈ।(ਮਨਮੁਖ) ਭਰਮ ਵਿਚ ਭੁੱਲਿਆ ਹੋਇਆ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ, (ਉਹ) ਅਪਣਾ ਅਸਲੀ ਘਰ (ਪ੍ਰਭੂ ਦੇ ਚਰਨਾਂ ਵਿਚ ਨਿਵਾਸ) ਕਦੇ ਵੀ ਪ੍ਰਾਪਤ ਨਹੀਂ ਕਰ ਸਕਦਾ।੫।(ਹੇ ਭਾਈ! ਜਿਸ ਮਨੁੱਖ ਨੂੰ ਪ੍ਰਭੂ) ਸਤਿਗੁਰੂ ਮਿਲਾ ਦੇਂਦਾ ਹੈ, (ਉਸ ਨੂੰ ਪ੍ਰਭੂ ਲੋਕ ਪ੍ਰਲੋਕ ਵਿਚ) ਵਡਿਆਈ ਦੇਂਦਾ ਹੈ।ਸਤਿਗੁਰੂ ਦੀ ਸੇਵਾ (ਪ੍ਰਭੂ ਨੇ ਵੱਡੇ ਭਾਗਾਂ ਵਾਲੇ ਮਨੁੱਖ ਨੂੰ) ਧੁਰ ਤੋਂ ਹੀ ਫੁਰਮਾਈ ਹੋਈ ਹੈ।(ਜਦੋਂ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਤਾਂ ਹੀ (ਉਹ ਪ੍ਰਭੂ ਦਾ) ਨਾਮ ਪ੍ਰਾਪਤ ਕਰਦਾ ਹੈ ਅਤੇ ਨਾਮ ਸਿਮਰਨ ਦੁਆਰਾ ਹੀ (ਉਹ) ਸੁਖ ਪਾਉਂਦਾ ਹੈ।੬।

ਪਦਾਰਥ = ਜੋ-ਜੋ ਕੁਛ।ਤੁਧੁ-ਤੂੰ।ਸੋ-ਉਹ।ਕਰਿ-ਕਰਕੇ।ਕੋ-ਕੋਈ ਮਨੁੱਖ।ਮੰਨੇ-ਮੰਨਦਾ ਹੈ।ਪਾਏ-ਪਾਉਂਦਾ ਹੈ।੧।ਗੁਰਮੁਖਿ-ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ।ਭਾਵੈ-ਚੰਗਾ ਲਗਦਾ ਹੈ।ਸਹਜੇ ਹੀ-ਸੁਭਾਵਕ ਹੀ।ਸਚੁ ਕਮਾਵੈ-ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।ਭਾਣੇ ਨੋ-ਭਾਣਾ ਮਿੱਠਾ ਕਰਕੇ ਮੰਨਣ ਨੂੰ।ਲੋਚੈ ਬਹੁਤੇਰੀ-ਬਹੁਤ ਦੁਨੀਆਂ ਚਾਹੁੰਦੀ ਹੈ।ਆਪਿ -ਆਪ ਹੀ।੨।ਸੁ-ਉਹ (ਮਨੁੱਖ)।ਆਏ-ਆ ਕੇ।ਤੁਝਹਿ-ਤੇਰੇ ਵਿਚ।ਜਿਸੁ-ਜਿਸ ਮਨੁੱਖ ਨੂੰ।ਸਮਾਏ-ਮਿਲ ਜਾਂਦਾ ਹੈ।ਕਿਸਹਿ-ਕਿਸੇ ਵਿਰਲੇ ਤੋਂ।੩।ਜਾ-ਜਦੋਂ।ਤਿਸੁ-ਉਸ ਪ੍ਰਭੂ ਨੂੰ।ਤਾ-ਤਾਂ; ਤਦੋਂ।ਗੁਰਮੁਖਿ-ਗੁਰੂ ਪਾਸੋਂ।ਭਾਣੈ-ਭਾਣੇ ਵਿਚ; ਹੁਕਮ ਨਾਲ। ਉਪਾਈ-ਪੈਦਾ ਕੀਤੀ ਹੈ।ਜਿਸ ਨੋ-ਜਿਸ ਮਨੁੱਖ ਨੂੰ।ਦੇਹਿ-ਤੂੰ ਦੇਂਦਾ ਹੈਂ।ਤਿਸੁ-ਉਸ ਮਨੁੱਖ ਨੂੰ।ਭਾਇਦਾ-ਚੰਗਾ ਲਗਦਾ ਹੈ।੪। ਮਨਮੁਖੁ-ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਅੰਧੁ-ਅੰਨ੍ਹਾ (ਅਗਿਆਨੀ)।ਪਾਈ-ਪਾਉਂਦਾ ਹੈ।ਭਰਮੇ-ਭਰਮ ਵਿਚ।ਭੂਲਾ-ਭੁੱਲਿਆ (ਕੁਰਾਹੇ ਪਿਆ) ਹੋਇਆ।ਆਵੈ ਜਾਏ-ਜੰਮਦਾ ਮਰਦਾ ਹੈ।ਘਰੁ ਮਹਲੁ-ਅਪਣਾ ਅਸਲੀ ਘਰ; ਪ੍ਰਭੂ ਦੇ ਚਰਨਾਂ ਵਿਚ ਨਿਵਾਸ।ਕਬਹੂ-ਕਦੇ ਵੀ।੫।ਮੇਲੇ-ਮਿਲਾਉਂਦਾ ਹੈ।ਦੇ-ਦੇਂਦਾ ਹੈ।ਧੁਰਿ-ਧੁਰ ਤੋਂ।ਨਾਮੇ ਹੀ-ਨਾਮ ਦੁਆਰਾ ਹੀ।੬।

ਸਭ ਨਾਵਹੁ ਉਪਜੈ ਨਾਵਹੁ ਛੀਜੈ ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥ ਰਸਨਾ ਨਾਮੁ ਧਿਆਏ ਰਸਿ ਭੀਜੈ, ਰਸ ਹੀ ਤੇ ਰਸੁ ਪਾਇਦਾ ॥੭॥ ਮਹਲੈ ਅੰਦਰਿ ਮਹਲੁ ਕੋ ਪਾਏ ॥ ਗੁਰ ਕੈ ਸਬਦਿ ਸਚਿ ਚਿਤੁ ਲਾਏ ॥ ਜਿਸ ਨੋ ਸਚੁ ਦੇਇ ਸੋਈ ਸਚੁ ਪਾਏ, ਸਚੇ ਸਚਿ ਮਿਲਾਇਦਾ ॥੮॥ ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥ ਬਿਨੁ ਨਾਵੈ ਮਨੁ ਤਨੁ ਹੈ ਕੁਸਟੀ, ਨਰਕੇ ਵਾਸਾ ਪਾਇਦਾ ॥੯॥ ਨਾਮਿ ਰਤੇ ਤਿਨ ਨਿਰਮਲ ਦੇਹਾ ॥ ਨਿਰਮਲ ਹੰਸਾ ਸਦਾ ਸੁਖੁ ਨੇਹਾ ॥ ਨਾਮੁ ਸਲਾਹਿ ਸਦਾ ਸੁਖੁ ਪਾਇਆ, ਨਿਜ ਘਰਿ ਵਾਸਾ ਪਾਇਦਾ ॥੧੦॥ ਸਭੁ ਕੋ ਵਣਜੁ ਕਰੇ ਵਾਪਾਰਾ ॥ ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥ ਨਾਗੋ ਆਇਆ ਨਾਗੋ ਜਾਸੀ, ਵਿਣੁ ਨਾਵੈ ਦੁਖੁ ਪਾਇਦਾ ॥੧੧॥(ਹੇ ਭਾਈ! ਮਨੁੱਖ ਦੇ ਅੰਦਰ) ਹਰੇਕ ਗੁਣ ਪ੍ਰਭੂ ਦੇ ਨਾਮ ਸਿਮਰਨ ਤੋਂ ਪੈਦਾ ਹੁੰਦਾ ਹੈ ਅਤੇ ਨਾਮ ਸਿਮਰਨ ਤੋਂ (ਔਗਣਾਂ ਦਾ) ਨਾਸ਼ ਹੁੰਦਾ ਹੈ; ਸਾਰੀ ਸ੍ਰਿਸਟੀ ਨਾਮ ਤੋਂ ਪੈਦਾ ਹੁੰਦੀ ਹੈ ਅਤੇ ਨਾਮ ਤੋਂ ਹੀ ਸ੍ਰਿਸਟੀ ਨਾਸ਼ ਹੋ ਜਾਂਦੀ ਹੈ।ਗੁਰੂ ਦੀ ਕ੍ਰਿਪਾ ਨਾਲ ਮਨੁੱਖ ਦਾ ਮਨ ਤੇ ਤਨ (ਨਾਮ ਰਸ ਨਾਲ) ਭਿੱਜ ਜਾਂਦਾ ਹੈ।(ਜੇ ਮਨੁੱਖ) ਜੀਭ ਨਾਲ ਪ੍ਰਭੂ ਦਾ ਨਾਮ ਧਿਆਵੇ, ਤਾਂ (ਉਹ) ਅਨੰਦ ਵਿਚ ਭਿੱਜ ਜਾਂਦਾ ਹੈ, (ਨਾਮ ਸਿਮਰਨ ਦੇ ਇਸ) ਅਨੰਦ ਤੋਂ (ਉਹ ਹੋਰ ਵਧੇਰੇ ਆਤਮਕ) ਅਨੰਦ ਪ੍ਰਾਪਤ ਕਰਦਾ ਹੈ।੭।(ਹੇ ਭਾਈ!) ਸਰੀਰ ਰੂਪ ਮਹਿਲ ਦੇ ਅੰਦਰ ਪ੍ਰਭੂ ਦਾ ਮਹਿਲ (ਟਿਕਾਣਾ) ਕੋਈ ਵਿਰਲਾ

ਮਨੁੱਖ ਪ੍ਰਾਪਤ ਕਰਦਾ ਹੈ।(ਫਿਰ ਉਹ) ਗੁਰੂ ਦੇ ਸ਼ਬਦ ਦੁਆਰਾ ਸੱਚੇ ਪ੍ਰਭੂ ਦੇ ਨਾਮ ਵਿਚ (ਅਪਣਾ) ਚਿੱਤ ਲਾਉਂਦਾ (ਜੋੜਦਾ) ਹੈ। (ਪ੍ਰਭੂ ਗੁਰੂ ਦੁਆਰਾ) ਜਿਸ ਮਨੁੱਖ ਨੂੰ ਸੱਚਾ ਨਾਮ ਦੇਂਦਾ ਹੈ, ਉਹ ਹੀ ਸੱਚਾ ਨਾਮ ਪ੍ਰਾਪਤ ਕਰਦਾ ਹੈ, ਸੱਚਾ ਨਾਮ ਜਪਣ ਵਾਲੇ ਮਨੁੱਖ ਨੂੰ ਸੱਚਾ ਪ੍ਰਭੂ ਅਪਣੇ ਨਾਲ ਮਿਲਾ ਲੈਂਦਾ ਹੈ।੮।(ਹੇ ਭਾਈ! ਜਿਸ ਮਨੁੱਖ ਨੇ) ਪ੍ਰਭੂ ਦਾ ਨਾਮ ਭੁਲਾ ਦਿਤਾ ਹੈ, (ਉਸ ਨੇ) ਮਨ ਵਿਚ ਤੇ ਸਰੀਰ ਵਿਚ ਦੁਖ ਹੀ ਪਾਇਆ ਹੈ।(ਉਸ ਨੇ) ਮਾਇਆ ਦੇ ਮੋਹ ਕਰਕੇ ਜੋ ਕੰਮ ਕੀਤਾ ਹੈ, (ਉਹ ਕੰਮ) ਸਭ ਰੋਗ ਪੈਦਾ ਕਰਦਾ ਹੈ।ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਮਨੁੱਖ ਦਾ ਮਨ ਤੇ ਤਨ ਮਾਨੋ ਕੋਹੜੀ ਹੈ ਅਤੇ (ਅੰਤ ਨੂੰ ਉਹ ਮਰ ਕੇ) ਨਰਕ ਵਿਚ ਹੀ ਵਾਸਾ ਪਾਉਂਦਾ ਹੈ।੯।(ਹੇ ਭਾਈ! ਜਿਹੜੇ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਸਰੀਰ ਪਵਿਤ੍ਰ ਹਨ।(ਉਨ੍ਹਾਂ ਦੀ) ਆਤਮਾ ਪਵਿਤ੍ਰ ਹੈ ਅਤੇ (ਉਨ੍ਹਾਂ ਨੂੰ ਪ੍ਰਭੂ ਨਾਲ) ਪ੍ਰੇਮ ਹੈ, (ਜਿਸ ਕਰਕੇ ਉਨ੍ਹਾਂ ਨੂੰ) ਸਦਾ ਅਨੰਦ ਬਣਿਆ ਰਹਿੰਦਾ ਹੈ।ਪ੍ਰਭੂ ਦਾ ਨਾਮ ਸਲਾਹ ਕੇ (ਉਨ੍ਹਾਂ ਨੇ) ਸਦਾ ਹੀ ਸੁਖ ਪਾਇਆ ਹੈ ਅਤੇ (ਉਹ) ਅਪਣੇ ਅਸਲੀ ਘਰਿ ਵਿਚ ਵਾਸਾ ਪਾ ਲੈਂਦੇ ਹਨ।੧੦।(ਹੇ ਭਾਈ!) ਹਰੇਕ ਮਨੁੱਖ ਵਣਜ ਵਪਾਰ ਕਰਦਾ ਹੈ।(ਪਰ) ਪ੍ਰਭੂ ਦੇ ਨਾਮ ਤੋਂ ਬਿਨਾ ਸੰਸਾਰ ਵਿਚ ਸਭ ਘਾਟਾ ਹੀ ਹੈ।(ਜੀਵ ਸੰਸਾਰ ਵਿਚ) ਨੰਗਾ ਆਇਆ ਹੈ ਅਤੇ ਨੰਗਾ ਹੀ ਚਲੇ ਜਾਵੇਗਾ, ਨਾਮ ਸਿਮਰਨ ਤੋਂ ਬਿਨਾ (ਮਨੁੱਖ) ਦੁਖ ਪਾਉਂਦਾ ਹੈ।੧੧।

ਪਦਾਰਥ = ਸਭ–ਸਾਰੇ ਦੈਵੀ ਗੁਣ।ਨਾਵਹੁ–ਨਾਮ ਸਿਮਰਨ ਤੋਂ।ਉਪਜੈ–ਪੈਦਾ ਹੁੰਦਾ ਹੈ।ਛੀਜੈ–ਨਾਸ਼ ਹੁੰਦਾ ਹੈ।ਤੇ–ਤੋਂ; ਨਾਲ। ਤਨੁ–ਸਰੀਰ।ਭੀਜੈ–ਭਿੱਜ ਜਾਂਦਾ ਹੈ।ਰਸਨਾ–ਜੀਭ ਨਾਲ।ਰਸਿ–ਸੁਆਦ (ਅਨੰਦ) ਵਿਚ।ਰਸ ਹੀ ਤੇ–(ਇਸ) ਅਨੰਦ ਤੋਂ ਹੀ।ਰਸੁ ਪਾਇਦਾ–ਆਤਮਕ ਅਨੰਦ ਪ੍ਰਾਪਤ ਕਰਦਾ ਹੈ।੭।ਮਹਲੈ ਅੰਦਰਿ–ਸਰੀਰ ਦੇ ਅੰਦਰ।ਕੋ–ਕੋਈ (ਵਿਰਲਾ ਮਨੁੱਖ)।ਮਹਲੁ–ਪ੍ਰਭੂ ਦਾ ਮਹਿਲ (ਟਿਕਾਣਾ)।ਪਾਏ–ਪ੍ਰਾਪਤ ਕਰਦਾ ਹੈ।ਕੈ ਸਬਦਿ–ਦੇ ਸ਼ਬਦ ਦੁਆਰਾ।ਸਚਿ–ਸੱਚੇ ਪ੍ਰਭੂ ਦੇ ਨਾਮ ਵਿਚ।ਸਚੁ ਦੇਇ–ਸਚਾ ਨਾਮ ਦੇਂਦਾ ਹੈ।ਸੋਈ–ਉਹ ਹੀ।ਸਚੇ–ਸੱਚਾ ਨਾਮ ਜਪਣ ਵਾਲੇ ਨੂੰ।ਸਚਿ–ਸੱਚ ਸਰੂਪ ਵਿਚ।੮।ਵਿਸਾਰਿ–ਭੁਲਾ ਦਿਤਾ ਹੈ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਕੁਸਟੀ–ਕੋਹੜੀ।ਨਰਕੇ–ਨਰਕ ਵਿਚ ਹੀ।੯।ਨਾਮਿ ਰਤੇ–ਨਾਮ ਵਿਚ ਰੰਗੇ ਹੋਏ ਹਨ।ਤਿਨ–ਉਨ੍ਹਾਂ ਦਾ।ਦੇਹਾ–ਸਰੀਰ।ਹੰਸਾ–ਆਤਮਾ।ਨੇਹਾ–ਪ੍ਰੇਮ।ਸਲਾਹਿ–ਸਲਾਹ ਕੇ।ਨਿਜ ਘਰਿ–ਅਪਣੇ ਅਸਲੀ ਘਰ ਵਿਚ।੧੦।ਸਭੁ ਕੋ–ਹਰੇਕ ਮਨੁੱਖ।ਵਿਣੁ ਨਾਵੈ–ਨਾਮ ਤੋਂ ਬਿਨਾ।ਤੋਟਾ–ਘਾਟਾ।ਸੰਸਾਰਾ–ਸੰਸਾਰ ਵਿਚ।ਨਾਗੋ–ਨੰਗਾ ਹੀ।ਜਾਸੀ–ਚਲੇ ਜਾਵੇਗਾ।੧੧।

ਜਿਸ ਨੋ ਨਾਮੁ ਦੇਇ ਸੋ ਪਾਏ ॥ ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥ ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ, ਨਾਮੋ ਨਾਮੁ ਧਿਆਇਦਾ ॥੧੨॥ ਨਾਵੈ ਨੋ ਲੋਚੈ ਜੇਤੀ ਸਭ ਆਈ ॥ ਨਾਉ ਤਿਨਾ ਮਿਲੈ, ਧੁਰਿ ਪੁਰਬਿ ਕਮਾਈ ॥ ਜਿਨੀ ਨਾਉ ਪਾਇਆ ਸੇ ਵਡਭਾਗੀ, ਗੁਰ ਕੈ ਸਬਦਿ ਮਿਲਾਇਦਾ ॥੧੩॥ ਕਾਇਆ ਕੋਟੁ ਅਤਿ ਅਪਾਰਾ ॥ ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥ ਸਚਾ ਨਿਆਉ ਸਚੋ ਵਾਪਾਰਾ, ਨਿਹਚਲੁ ਵਾਸਾ ਪਾਇਦਾ ॥੧੪॥ ਅੰਤਰ ਘਰ ਬੰਕੇ ਥਾਨੁ ਸੁਹਾਇਆ ॥ ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥ ਇਤੁ ਸਾਥਿ ਨਿਬਹੈ ਸਾਲਾਹੇ ਸਚੇ, ਹਰਿ ਸਚਾ ਮੰਨਿ ਵਸਾਇਦਾ ॥੧੫॥ ਮੇਰੈ ਕਰਤੈ ਇਕ ਬਣਤ ਬਣਾਈ ॥ ਇਸੁ ਦੇਹੀ ਵਿਚਿ ਸਭ ਵਥੁ ਪਾਈ ॥ ਨਾਨਕ ਨਾਮੁ ਵਣਜਹਿ ਰੰਗਿ ਰਾਤੇ, ਗੁਰਮੁਖਿ ਕੋ ਨਾਮੁ ਪਾਇਦਾ ॥੧੬॥੬॥੨੦॥(ਹੇ ਭਾਈ!) ਉਹ ਮਨੁੱਖ ਨਾਮ ਪ੍ਰਾਪਤ ਕਰਦਾ ਹੈ, ਜਿਸ ਨੂੰ ਪ੍ਰਭੂ (ਅਪਣਾ ਨਾਮ) ਦੇਂਦਾ ਹੈ।(ਉਹ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਨਾਮ ਨੂੰ ਅਪਣੇ ਮਨ ਵਿਚ ਵਸਾ ਲੈਂਦਾ ਹੈ।ਗੁਰੂ ਦੀ ਕ੍ਰਿਪ ਨਾਲ (ਜਿਸ ਮਨੁੱਖ ਦੇ) ਹਿਰਦੇ ਅੰਦਰ ਹਰੀ ਦਾ ਨਾਮ ਵਸਿਆ ਹੈ, (ਉਹ ਹਰ ਵੇਲੇ) ਨਾਮ ਹੀ ਨਾਮ ਧਿਆਉਂਦਾ ਰਹਿੰਦਾ ਹੈ।੧੨।(ਹੇ ਭਾਈ!) ਜਿਤਨੀ ਵੀ ਦੁਨੀਆਂ ਹੋਂਦ ਵਿਚ ਆਈ ਹੈ, ਸਭ ਨਾਮ ਨੂੰ ਚਾਹੁੰਦੀ ਹੈ।(ਪਰ) ਨਾਮ ਉਨ੍ਹਾਂ ਪੁਰਖਾਂ ਨੂੰ ਮਿਲਦਾ ਹੈ, (ਜਿਨ੍ਹਾਂ ਨੇ) ਪਹਿਲੇ ਜਨਮਾਂ ਵਿਚ ਮੁੱਢ ਤੋਂ ਕਮਾਈ ਕੀਤੀ ਹੁੰਦੀ ਹੈ।ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਪਾਇਆ ਹੈ, ਉਹ ਵੱਡੇ ਭਾਗਾਂ ਵਾਲੇ ਹਨ, (ਉਨ੍ਹਾਂ ਨੂੰ ਪ੍ਰਭੂ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਨਾਲ) ਮਿਲਾ ਲੈਂਦਾ ਹੈ।੧੩।(ਹੇ ਭਾਈ!) ਮਨੁੱਖਾ ਸਰੀਰ ਬੇਅੰਤ ਪ੍ਰਭੂ ਦੇ ਰਹਿਣ ਲਈ ਵੱਡਾ ਕਿਲ੍ਹਾ ਹੈ।ਉਸ (ਕਿਲ੍ਹੇ) ਵਿਚ ਬੈਠ ਕੇ ਪ੍ਰਭੂ (ਮਨੁੱਖ ਦੇ ਕਰਮਾਂ ਦੀ) ਵਿਚਾਰ ਕਰਦਾ ਹੈ।(ਪ੍ਰਭੂ ਦਾ) ਨਿਆਂ ਸੱਚਾ ਹੈ, (ਜਿਹੜਾ ਮਨੁੱਖ) ਸੱਚੇ ਪ੍ਰਭੂ ਦੇ ਨਾਮ ਸਿਮਰਨ ਦਾ ਵਪਾਰ ਕਰਦਾ ਹੈ, (ਉਹ ਇਸ ਕਿਲ੍ਹੇ ਵਿਚੋਂ ਹੀ) ਅਚੱਲ ਪ੍ਰਭੂ ਦਾ ਨਿਵਾਸ ਸਥਾਨ ਪ੍ਰਾਪਤ ਕਰ ਲੈਂਦਾ ਹੈ।੧੪।(ਹੇ ਭਾਈ! ਨਾਮ ਸਿਮਰਨ ਦਾ ਸਦਕਾ ਮਨੁੱਖ ਦੇ) ਸਰੀਰ ਘਰ ਦੇ ਅੰਦਰ ਮਨ ਬੁਧੀ ਅਸਥਾਨ ਸੁੰਦਰ ਬਣ ਜਾਂਦੇ ਹਨ ਅਤੇ ਹਿਰਦਾ ਵੀ ਸੁੰਦਰ ਹੋ ਜਾਂਦਾ ਹੈ।(ਇਹ ਸੁੰਦਰ ਅਸਥਾਨ) ਕਿਸੇ ਵਿਰਲੇ ਮਨੁੱਖ ਨੇ ਗੁਰੂ ਦੁਆਰਾ ਪ੍ਰਾਪਤ ਕੀਤਾ ਹੈ।ਇਸ (ਮਨ ਬੁੱਧੀ) ਦੇ ਸਾਥ ਵਿਚ ਉਹ ਮਨੁੱਖ ਨਿਭਦਾ (ਪੂਰਾ ਉਤਰਦਾ) ਹੈ, ਜੋ ਸੱਚੇ ਪ੍ਰਭੂ ਨੂੰ ਸਲਾਹੁੰਦਾ ਹੈ ਅਤੇ ਪ੍ਰਭੂ ਦਾ ਸੱਚਾ ਨਾਮ ਮੰਨ ਵਿਚ ਵਸਾਉਂਦਾ ਹੈ।੧੫।(ਹੇ ਭਾਈ!) ਮੇਰੇ ਕਰਤਾਰ ਨੇ ਇਕ ਵਿਓਂਤ ਬਣਾ ਦਿਤੀ ਹੈ।ਇਸ ਸਰੀਰ ਵਿਚ (ਜੀਵਨ ਨੂੰ ਸਫਲ ਬਣਾਉਣ ਵਾਲੀ) ਸਾਰੀ ਵਸਤੂ ਪਾ ਦਿਤੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਪ੍ਰਭੂ ਦੇ ਨਾਮ ਦਾ ਵਪਾਰ ਕਰਦੇ ਹਨ, ਉਹ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, (ਪਰ) ਕੋਈ ਵਿਰਲਾ ਮਨੁੱਖ ਪ੍ਰਭੂ ਦਾ ਨਾਮ ਪ੍ਰਾਪਤ ਕਰਦਾ ਹੈ।੧੬।੬।੨੦।

ਪਦਾਰਥ = ਜਿਸ ਨੋ–ਜਿਸ (ਮਨੁੱਖ) ਨੂੰ।ਦੇਇ–ਦੇਂਦਾ ਹੈ।ਸੋ–ਉਹ।ਪਾਏ–ਪ੍ਰਾਪਤ ਕਰਦਾ ਹੈ।ਕੈ ਸਬਦਿ–ਦੇ ਸ਼ਬਦ ਦੁਆਰਾ।ਮੰਨਿ

-ਮਨ ਵਿਚ। ਤੇ-ਤੋਂ; ਨਾਲ। ਘਟ ਅੰਤਰਿ-ਹਿਰਦੇ ਅੰਦਰ। ਨਾਮੋ ਨਾਮੁ-ਨਾਮ ਹੀ ਨਾਮ।੧੨। ਨਾਵੈ ਨੋ-ਨਾਮ ਨੂੰ। ਲੋਚੈ-ਚਾਹੁੰਦੀ ਹੈ। ਜੇਤੀ-ਜਿਤਨੀ ਵੀ। ਆਈ-ਹੋਂਦ ਵਿਚ ਆਈ ਹੈ। ਤਿਨਾ-ਉਨ੍ਹਾਂ ਨੂੰ। ਧੁਰਿ-ਧੁਰ ਤੋਂ। ਪੁਰਬਿ-ਪਹਿਲੇ ਜਨਮਾਂ ਵਿਚ। ਜਿਨੀ-ਜਿਨ੍ਹਾਂ ਨੇ। ਸੇ-ਉਹ। ਵਡਭਾਗੀ-ਵੱਡੇ ਭਾਗਾਂ ਵਾਲੇ।੧੩। ਕਾਇਆ-ਸਰੀਰ। ਕੋਟੁ-ਕਿਲ੍ਹਾ। ਅਤਿ-ਵੱਡਾ। ਅਪਾਰਾ-ਬੇਅੰਤ ਪ੍ਰਭੂ। ਤਿਸੁ ਵਿਚਿ -ਉਸ (ਕਿਲ੍ਹੇ) ਵਿਚ। ਬਹਿ-ਬੈਠ ਕੇ। ਨਿਹਚਲੁ-ਅਚੱਲ।੧੪। ਅੰਤਰ ਘਰ-ਸਰੀਰ ਘਰ ਅੰਦਰ। ਬੰਕੇ-ਸੁੰਦਰ। ਸੁਹਾਇਆ-ਸੋਹਣਾ। ਗੁਰਮੁਖਿ-ਗੁਰੂ ਰਾਹੀਂ। ਵਿਰਲੈ ਕਿਨੈ-ਕਿਸੇ ਵਿਰਲੇ ਨੇ। ਇਤ ਸਾਥਿ-ਇਸ ਦੇ ਸਾਥ ਵਿਚ। ਨਿਬਹੈ-ਨਿਭਦਾ (ਪੂਰ ਉਤਰਦਾ) ਹੈ। ਸਾਲਾਹੇ-ਸਲਾਹੁੰਦਾ ਹੈ। ਸਚੇ-ਸੱਚੇ ਪ੍ਰਭੂ ਦੀ। ਸਚਾ-ਸੱਚਾ ਨਾਮ।੧੫। ਕਰਤੈ-ਕਰਤਾਰ ਨੇ। ਬਣਤ-ਵਿਓਂਤ। ਦੇਹੀ-ਸਰੀਰ। ਵਥੁ-ਵਸਤੂ। ਵਣਜਹਿ-ਵਪਾਰ ਕਰਦੇ ਹਨ। ਰੰਗਿ ਰਾਤੇ-ਪ੍ਰੇਮ ਵਿਚ ਰੰਗੇ ਹਨ। ਕੋ-ਕੋਈ।੧੬।੬।੨੦।

ਮਾਰੂ ਮਹਲਾ ੩ ॥ ਕਾਇਆ ਕੰਚਨੁ ਸਬਦੁ ਵੀਚਾਰਾ ॥ ਤਿਥੈ ਹਰਿ ਵਸੈ, ਜਿਸ ਦਾ ਅੰਤੁ ਨ ਪਾਰਾਵਾਰਾ ॥ ਅਨਦਿਨੁ ਹਰਿ ਸੇਵਿਹੁ ਸਚੀ ਬਾਣੀ, ਹਰਿ ਜੀਉ ਸਬਦਿ ਮਿਲਾਇਦਾ ॥੧॥(ਹੇ ਭਾਈ! ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ, (ਉਸ ਦਾ) ਸਰੀਰ ਸੋਨੇ ਵਰਗਾ ਸੁੰਦਰ ਤੇ ਪਵਿਤ੍ਰ ਹੋ ਜਾਂਦਾ ਹੈ। (ਕਿਉਂਕਿ) ਉਥੇ (ਸਰੀਰ ਵਿਚ) ਹਰੀ ਵਸਦਾ ਹੈ, ਜਿਸ ਦੇ ਪਾਰਾਵਾਰ ਦਾ ਕੋਈ ਅੰਤ ਨਹੀਂ ਲੱਭ ਸਕਦਾ। (ਹੇ ਭਾਈ! ਤੁਸੀਂ ਗੁਰੂ ਦੀ) ਸੱਚੀ ਬਾਣੀ ਦੁਆਰਾ ਹਰ ਰੋਜ ਹਰੀ ਦੀ ਸੇਵਾ ਭਗਤੀ ਕਰਦੇ ਰਿਹਾ ਕਰੋ, ਹਰੀ ਗੁਰੂ ਦੇ ਸ਼ਬਦ ਦੁਆਰਾ (ਮਨੁੱਖ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ।੧।

ਅੰਗ ੧੦੬੫ = ਹਰਿ ਚੇਤਹਿ ਤਿਨ ਬਲਿਹਾਰੈ ਜਾਉ ॥ ਗੁਰ ਕੈ ਸਬਦਿ ਤਿਨ ਮੇਲਿ ਮਿਲਾਉ ॥ ਤਿਨ ਕੀ ਧੂਰਿ ਲਾਈ ਮੁਖਿ ਮਸਤਕਿ, ਸਤਸੰਗਤਿ ਬਹਿ ਗੁਣ ਗਾਇਦਾ ॥੨॥ ਹਰਿ ਕੇ ਗੁਣ ਗਾਵਾ, ਜੇ ਹਰਿ ਪ੍ਰਭ ਭਾਵਾ ॥ ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥ ਗੁਰਬਾਣੀ ਚਹੁ ਕੁੰਡੀ ਸੁਣੀਐ, ਸਚੈ ਨਾਮਿ ਸਮਾਇਦਾ ॥੩॥ ਸੋ ਜਨੁ ਸਾਚਾ, ਜਿ ਅੰਤਰੁ ਭਾਲੇ ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥ ਗਿਆਨ ਅੰਜਨੁ ਪਾਏ ਗੁਰ ਸਬਦੀ, ਨਦਰੀ ਨਦਰਿ ਮਿਲਾਇਦਾ ॥੪॥ ਵਡੈ ਭਾਗਿ ਇਹੁ ਸਰੀਰੁ ਪਾਇਆ ॥ ਮਾਣਸ ਜਨਮਿ ਸਬਦਿ ਚਿਤੁ ਲਾਇਆ ॥ ਬਿਨੁ ਸਬਦੈ ਸਭੁ ਅੰਧ ਅੰਧੇਰਾ, ਗੁਰਮੁਖਿ ਕਿਸੈ ਬੁਝਾਇਦਾ ॥੫॥ ਇਕਿ ਕਿਤੁ ਆਏ ਜਨਮੁ ਗਵਾਏ ॥ ਮਨਮੁਖ ਲਾਗੇ ਦੂਜੈ ਭਾਏ ॥ ਏਹ ਵੇਲਾ ਫਿਰਿ ਹਾਥਿ ਨ ਆਵੈ, ਪਗਿ ਖਿਸਿਐ ਪਛੁਤਾਇਦਾ ॥੬॥ (ਹੇ ਭਾਈ! ਜਿਹੜੇ ਮਨੁੱਖ) ਹਰੀ ਨੂੰ ਚੇਤੇ ਕਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰੂ ਦੇ ਸ਼ਬਦ ਦੁਆਰਾ ਮੈਂ ਉਨ੍ਹਾਂ ਦੀ ਸੰਗਤ ਵਿਚ ਮਿਲਦਾ ਹਾਂ। ਮੈਂ ਉਨ੍ਹਾਂ ਦੀ ਚਰਨ ਧੂੜ ਅਪਣੇ ਮੂੰਹ ਅਤੇ ਮੱਥੇ ਉਤੇ ਲਾਉਂਦਾ ਹਾਂ ਅਤੇ (ਉਨ੍ਹਾਂ ਦੀ) ਸਤਸੰਗਤ ਵਿਚ ਬੈਠ ਕੇ ਹਰੀ ਦੇ ਗੁਣ ਗਾਉਂਦਾ ਹਾਂ (ਸੰ.ਸ.; ਫ.ਸ.; ਜਿਹੜੇ ਮਨੁੱਖ) ਸਤਸੰਗਤ ਵਿਚ ਬੈਠ ਕੇ ਹਰੀ ਦੇ ਗੁਣ ਗਾਉਂਦੇ ਹਨ, ਉਨ੍ਹਾਂ ਦੀ ਚਰਨ ਧੂੜ ਮੈਂ ਮੂੰਹ ਅਤੇ ਮੱਥੇ ਉਤੇ ਲਾਉਂਦਾ ਹਾਂ।੨। (ਹੇ ਭਾਈ!) ਮੈਂ ਹਰੀ ਦੇ ਗੁਣ ਤਾਂ ਹੀ ਗਾ ਸਕਦਾ ਹਾਂ, ਜੇ ਹਰੀ ਪ੍ਰਭੂ ਨੂੰ ਮੈਂ ਚੰਗਾ ਲੱਗਾਂ। (ਜਿਸ ਮਨੁੱਖ ਦੇ) ਹਿਰਦੇ ਅੰਦਰ ਗੁਰੂ ਦੇ ਸ਼ਬਦ ਦੁਆਰਾ ਹਰੀ ਦਾ ਨਾਮ ਵਸਿਆ ਹੈ, (ਉਸ ਦਾ ਜੀਵਨ) ਸੋਹਣਾ ਬਣ ਜਾਂਦਾ ਹੈ। (ਉਸ ਨੂੰ) ਚਾਰੇ ਪਾਸੇ ਗੁਰੂ ਦੀ ਬਾਣੀ ਹੀ ਗੂੰਜਦੀ ਸੁਣਾਈ ਦੇਂਦੀ ਹੈ ਅਤੇ (ਉਹ) ਸੱਚੇ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ।੩। (ਹੇ ਭਾਈ!) ਉਹ ਮਨੁੱਖ ਸੱਚਾ ਹੈ, ਜਿਹੜਾ ਅਪਣੇ ਹਿਰਦੇ ਅੰਦਰ ਪ੍ਰਭੂ ਨੂੰ ਖੋਜਦਾ ਹੈ। (ਉਹ) ਗੁਰੂ ਦੇ ਸ਼ਬਦ ਦੁਆਰਾ ਹਰੀ ਨੂੰ ਗਿਆਨ ਦੀ ਨਜਰ ਨਾਲ ਦੇਖ ਲੈਂਦਾ ਹੈ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਗਿਆਨ ਦਾ ਸੁਰਮਾ (ਅਪਣੀਆਂ ਅੱਖਾਂ ਵਿਚ) ਪਾਉਂਦਾ ਹੈ, ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ ਮੇਹਰ ਦੀ ਨਜਰ ਕਰਕੇ (ਉਸ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ।੪। (ਹੇ ਭਾਈ!) ਵੱਡੇ ਭਾਗਾਂ ਨਾਲ ਇਹ ਮਨੁੱਖਾ ਸਰੀਰ ਪਾਇਆ ਜਾਂਦਾ ਹੈ। ਮਨੁੱਖਾ ਜਨਮ ਵਿਚ ਹੀ ਗੁਰੂ ਦੇ ਸ਼ਬਦ ਵਿਚ ਚਿਤ ਲਾਇਆ ਜਾ ਸਕਦਾ ਹੈ। ਕਿਸੇ ਵਿਰਲੇ ਗੁਰਮੁਖ ਨੂੰ ਪ੍ਰਭੂ ਗੁਰੂ ਰਾਹੀਂ ਇਹ ਸਮਝ ਬਖਸ਼ਦਾ ਹੈ ਕਿ ਗੁਰੂ ਦੇ ਸ਼ਬਦ ਤੋਂ ਬਿਨਾ ਸਭ ਪਾਸੇ ਘੁੱਪ ਹਨ੍ਹੇਰਾ ਹੈ।੫। (ਹੇ ਭਾਈ!) ਕਈ ਮਨੁੱਖਾਂ ਨੇ ਅਪਣਾ ਜਨਮ ਨਿਸਫਲ ਹੀ ਗਵਾ ਲਿਆ ਹੈ, (ਉਹ ਸੰਸਾਰ ਵਿਚ) ਕਿਸ ਵਾਸਤੇ ਆਏ ਹਨ? (ਅਜੇਹੇ) ਮਨਮੁਖ ਦ੍ਵੈਤ ਭਾਵ ਵਿਚ ਲੱਗੇ ਹੋਏ ਹਨ। (ਮਨੁੱਖਾ ਜਨਮ ਦਾ) ਇਹ ਵੇਲਾ ਮੁੜ ਕੇ ਹੱਥ ਵਿਚ ਨਹੀਂ ਆਵੇਗਾ, ਪੈਰ ਖਿਸਕਣ (ਜੀਵਨ ਬਰਬਾਦ ਹੋਣ) ਤੇ ਮਨੁੱਖ ਪਛਤਾਉਂਦਾ ਹੈ।੬।

ਪਦਾਰਥ = ਕਾਇਆ-ਸਰੀਰ। ਕੰਚਨੁ-ਸੋਨਾ। ਤਿਥੈ-ਉਥੇ। ਪਾਰਾਵਾਰਾ-ਪਾਰਲਾ ਤੇ ਉਰਲਾ ਪਾਸਾ। ਅਨਦਿਨੁ-ਹਰ ਰੋਜ। ਸੇਵਿਹੁ-ਸੇਵਾ ਭਗਤੀ ਕਰਦੇ ਰਿਹਾ ਕਰੋ। ਸਚੀ ਬਾਣੀ-ਗੁਰੂ ਦੀ ਸੱਚੀ ਬਾਣੀ ਦੁਆਰਾ। ਸਬਦਿ-ਸ਼ਬਦ ਦੁਆਰਾ।੧। ਚੇਤਹਿ-ਚੇਤੇ ਕਰਦੇ ਹਨ। ਤਿਨ-ਉਨ੍ਹਾਂ ਤੋਂ। ਬਲਿਹਾਰੈ ਜਾਉ-ਕੁਰਬਾਨ ਜਾਂਦਾ ਹਾਂ। ਤਿਨ ਮੇਲਿ-ਉਨ੍ਹਾਂ ਦੀ ਸੰਗਤ ਵਿਚ। ਮਿਲਾਉ-ਮੈਂ ਮਿਲਦਾ ਹਾਂ; ਮਿਲਾ ਦਿਉ। ਧੂਰਿ-ਚਰਨ ਧੂੜ। ਲਾਈ-ਲਾਉਂਦਾ ਹਾਂ। ਮੁਖਿ-ਮੂੰਹ ਉਤੇ। ਮਸਤਕਿ-ਮੱਥੇ ਉਤੇ। ਬਹਿ-ਬੈਠ ਕੇ। ਗਾਇਦਾ-ਗਾਉਂਦੇ ਹਨ।੨। ਗਾਵਾ-ਮੈਂ ਗਾਵਾਂ। ਭਾਵਾ-ਮੈਂ ਚੰਗਾ ਲੱਗਾਂ। ਅੰਤਰਿ-ਹਿਰਦੇ ਅੰਦਰ। ਸੁਹਾਵਾ-ਸੋਹਣਾ। ਚਹੁ ਕੁੰਡੀ-ਚਾਰੇ ਪਾਸੇ (ਸਾਰੇ ਸੰਸਾਰ ਵਿਚ)। ਸਚੈ ਨਾਮਿ-ਸੱਚੇ ਪ੍ਰਭੂ ਦੇ ਨਾਮ ਵਿਚ। ਸਮਾਇਦਾ-ਲੀਨ ਰਹਿੰਦਾ ਹੈ।੩। ਸੋ-ਉਹ। ਜਨੁ ਸਾਚਾ-ਸੱਚਾ ਮਨੁੱਖ ਹੈ। ਜਿ-ਜਿਹੜਾ। ਅੰਤਰੁ-ਹਿਰਦੇ ਅੰਦਰ। ਭਾਲੇ-ਖੋਜਦਾ ਹੈ। ਨਦਰਿ-(ਗਿਆਨ ਦੀ) ਨਜਰ ਨਾਲ। ਨਿਹਾਲੇ-ਦੇਖਦਾ ਹੈ। ਅੰਜਨੁ-ਸੁਰਮਾ। ਨਦਰੀ-

ਮੇਹਰ ਦੀ ਨਜਰ ਕਰਨ ਵਾਲਾ। ਨਦਰਿ-ਮੇਹਰ ਦੀ ਨਜਰ ਕਰਕੇ।੪। ਵਡੈ ਭਾਗਿ-ਵੱਡੇ ਭਾਗਾਂ ਨਾਲ। ਮਾਣਸ ਜਨਮਿ-ਮਨੁੱਖਾ ਜਨਮ ਵਿਚ। ਸਬਦਿ-ਸ਼ਬਦ ਵਿਚ। ਅੰਧ ਅੰਧੇਰਾ-ਅੰਨ੍ਹਿਆਂ ਵਾਲਾ ਹਨ੍ਹੇਰਾ; ਘੁੱਪ ਹਨ੍ਹੇਰਾ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ ਨੂੰ। ਕਿਸਹਿ-ਕਿਸੇ (ਵਿਰਲੇ ਮਨੁੱਖ) ਨੂੰ। ਬੁਝਾਇਦਾ-ਸਮਝਾਉਂਦਾ ਹੈ।੫। ਇਕਿ-ਕਈ (ਅਨੇਕ)। ਕਿਤੁ ਆਏ-ਕਿਸ ਵਾਸਤੇ (ਸੰਸਾਰ ਵਿਚ) ਆਏ? ਗਵਾਏ-ਗਵਾ ਲਿਆ। ਮਨਮੁਖ-ਮਨ ਦੇ ਪਿੱਛੇ ਚਲਣ ਵਾਲੇ ਮਨੁੱਖ। ਦੂਜੈ ਭਾਏ-ਪ੍ਰਭੂ ਨੂੰ ਛਡ ਕੇ ਕਿਸੇ ਦੂਜੇ ਦੇ ਪ੍ਰੇਮ ਵਿਚ। ਫਿਰਿ-ਮੁੜ ਕੇ। ਹਾਥਿ-ਹੱਥ ਵਿਚ। ਪਗਿ ਖਿਸਿਐ-ਪੈਰ ਖਿਸਕਣ (ਜੀਵਨ ਬਰਬਾਦ ਹੋਣ) ਤੇ।੬।

ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ॥ ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥ ਸਚੋ ਸਚੁ ਵੇਖੈ ਸਭ ਥਾਈ, ਸਚੁ ਸੁਣਿ ਮੰਨਿ ਵਸਾਇਦਾ ॥੭॥ ਹਉਮੈ ਗਣਤ ਗੁਰ ਸਬਦਿ ਨਿਵਾਰੇ ॥ ਹਰਿ ਜੀਉ ਹਿਰਦੈ ਰਖਹੁ ਉਰ ਧਾਰੇ ॥ ਗੁਰ ਕੈ ਸਬਦਿ ਸਦਾ ਸਾਲਾਹੇ, ਮਿਲਿ ਸਾਚੇ ਸੁਖੁ ਪਾਇਦਾ ॥੮॥ ਸੋ ਚੇਤੇ ਜਿਸੁ ਆਪਿ ਚੇਤਾਏ ॥ ਗੁਰ ਕੈ ਸਬਦਿ ਵਸੈ ਮਨਿ ਆਏ ॥ ਆਪੇ ਵੇਖੈ ਆਪੇ ਬੂਝੈ, ਆਪੈ ਆਪੁ ਸਮਾਇਦਾ ॥੯॥ ਜਿਨਿ ਮਨ ਵਿਚਿ ਵਥੁ ਪਾਈ, ਸੋਈ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਆਪੁ ਪਛਾਣੈ ਸੋਈ ਜਨੁ ਨਿਰਮਲੁ ,ਬਾਣੀ ਸਬਦੁ ਸੁਣਾਇਦਾ ॥੧੦॥ ਏਹ ਕਾਇਆ ਪਵਿਤੁ ਹੈ ਸਰੀਰੁ ॥ ਗੁਰ ਸਬਦੀ ਚੇਤੈ ਗੁਣੀ ਗਹੀਰੁ ॥ ਅਨਦਿਨੁ ਗੁਣ ਗਾਵੈ ਰੰਗਿ ਰਾਤਾ, ਗੁਣ ਕਹਿ ਗੁਣੀ ਸਮਾਇਦਾ ॥੧੧॥ (ਹੇ ਭਾਈ!) ਗੁਰੂ ਦੇ ਸ਼ਬਦ ਦੁਆਰਾ (ਜਿਸ ਮਨੁੱਖ ਦਾ) ਸਰੀਰ ਪਵਿਤ੍ਰ ਹੋਇਆ ਹੈ, ਉਸ ਸਰੀਰ ਵਿਚ ਅਥਾਹ ਗੁਣਾਂ ਦਾ ਮਾਲਕ ਸਚਾ ਪ੍ਰਭੂ ਆ ਵਸਦਾ ਹੈ। (ਫਿਰ ਉਹ ਮਨੁੱਖ) ਸਭ ਜਗ੍ਹਾ ਪੂਰਨ ਸੱਚੇ ਪ੍ਰਭੂ ਨੂੰ ਹੀ ਦੇਖਦਾ ਹੈ ਅਤੇ ਸੱਚੇ ਪ੍ਰਭੂ ਦੇ ਨਾਮ ਨੂੰ ਸੁਣ ਕੇ (ਅਪਣੇ) ਮਨ ਵਿਚ ਵਸਾਈ ਰਖਦਾ ਹੈ।੭। (ਹੇ ਭਾਈ!) ਗੁਰੂ ਦੇ ਸ਼ਬਦ ਦੁਆਰਾ ਹਉਮੈ ਦੀ ਗਿਣਤੀਆਂ ਨੂੰ ਦੂਰ ਕਰਕੇ ਪ੍ਰਭੂ ਨੂੰ ਅਪਣੇ ਹਿਰਦੇ ਵਿਚ ਟਿਕਾਈ ਰੱਖੋ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਸਦਾ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, (ਉਹ) ਸੱਚੇ ਪ੍ਰਭੂ ਨਾਲ ਮਿਲ ਕੇ ਸੁਖ ਪਾਉਂਦਾ ਹੈ।੮। (ਹੇ ਭਾਈ!) ਉਹ ਮਨੁੱਖ ਪ੍ਰਭੂ ਨੂੰ ਚੇਤੇ ਕਰਦਾ ਹੈ, ਜਿਸ ਨੂੰ ਉਹ ਆਪ ਚੇਤੇ ਕਰਾਉਂਦਾ ਹੈ। ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਉਸ ਦੇ) ਮਨ ਵਿਚ ਆ ਵਸਦਾ ਹੈ। ਪ੍ਰਭੂ ਆਪ ਹੀ ਮਨੁੱਖ ਦੇ ਕਰਮ ਦੇਖਦਾ ਹੈ, ਆਪ ਹੀ (ਮਨੁੱਖ ਦੇ ਦਿਲ ਦੀ ਗੱਲ) ਸਮਝਦਾ ਹੈ ਅਤੇ ਆਪ ਹੀ (ਉਸ ਮਨੁੱਖ ਵਿਚ ਵਸਦਾ ਹੋਇਆ) ਅਪਣੇ ਆਪ ਨੂੰ ਅਪਣੇ ਆਪੇ ਵਿਚ ਲੀਨ ਕਰਦਾ ਹੈ; ਅਪਣੇ ਆਪ (ਸ੍ਵੈ ਸਰੂਪ) ਵਿਚ ਅਪਣਾ ਆਪ ਸਮਾਉਂਦਾ ਹੈ। ਭਾਵ ਸਮਾਉਣ ਵਾਲਾ ਪ੍ਰਭੂ ਅਤੇ ਜਿਸ ਮਨੁੱਖ ਵਿਚ ਸਮਾਉਣਾ ਹੈ, ਉਹ ਦੋਵੇਂ ਪ੍ਰਭੂ ਆਪ ਹੀ ਹੈ। ਮਨੁੱਖ ਅਪਣੇ ਆਪ ਵਿਚ ਕੁਛ ਨਹੀਂ, ਸਭ ਕੁਛ ਪ੍ਰਭੂ ਆਪ ਕਰਦਾ ਕਰਾਉਂਦਾ ਹੈ (ਸ਼ਬਦਾਰਥ)।੯। (ਹੇ ਭਾਈ!) ਜਿਸ ਮਨੁੱਖ ਨੇ ਮਨ ਵਿਚ ਨਾਮ ਰੂਪ ਵਸਤੂ ਪਾਈ ਹੈ, ਉਹ ਹੀ (ਇਸ ਦੀ ਕਦਰ) ਜਾਣਦਾ ਹੈ। (ਉਹ) ਗੁਰੂ ਦੇ ਸ਼ਬਦ ਦੁਆਰਾ ਅਪਣੇ ਆਪ ਨੂੰ ਪਛਾਣ ਲੈਂਦਾ ਹੈ। ਉਹ ਮਨੁੱਖ ਪਵਿਤ੍ਰ ਜੀਵਨ ਵਾਲਾ ਹੈ, (ਜਿਹੜਾ) ਅਪਣੇ ਆਪ ਨੂੰ ਪਛਾਣਦਾ ਹੈ, (ਅਤੇ ਉਹ ਸੰਗਤਾਂ ਨੂੰ) ਬਾਣੀ ਦਾ ਉਪਦੇਸ਼ ਸੁਣਾਉਂਦਾ ਹੈ।੧੦। (ਹੇ ਭਾਈ! ਉਸ ਮਨੁੱਖ ਦਾ) ਸਥੂਲ ਸਰੀਰ ਤੇ ਸੂਖਮ ਸਰੀਰ ਪਵਿਤ੍ਰ ਹੈ। (ਜਿਹੜਾ) ਗੁਰੂ ਦੇ ਸ਼ਬਦ ਦੁਆਰਾ ਅਥਾਹ ਗੁਣਾਂ ਦੇ ਮਾਲਕ ਪ੍ਰਭੂ ਨੂੰ ਚੇਤੇ ਕਰਦਾ ਹੈ। (ਉਹ) ਹਰ ਰੋਜ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਪ੍ਰਭੂ ਦੇ ਗੁਣ ਗਾਉਂਦਾ ਹੈ ਅਤੇ (ਉਹ) ਪ੍ਰਭੂ ਦੇ ਗੁਣ ਉਚਾਰ ਕੇ ਗੁਣਾਂ ਦੇ ਮਾਲਕ ਪ੍ਰਭੂ ਵਿਚ ਸਮਾ ਜਾਂਦਾ ਹੈ।੧੧।

ਪਦਾਰਥ = ਕੈ ਸਬਦਿ-ਦੇ ਸ਼ਬਦ ਦੁਆਰਾ। ਤਿਸੁ ਵਿਚ-ਉਸ ਵਿਚ। ਸਚੁ-ਸੱਚਾ ਪ੍ਰਭੂ। ਗੁਣੀ ਗਹੀਰਾ-ਅਥਾਹ ਗੁਣਾਂ ਦਾ ਮਾਲਕ। ਸਚੋ ਸਚੁ-ਪੂਰਨ ਸੱਚ ਸਰੂਪ ਪ੍ਰਭੂ ਨੂੰ ਹੀ। ਸਭ ਥਾਈ-ਸਭ ਜਗ੍ਹਾ। ਸਚੁ ਸੁਣਿ-ਸੱਚੇ ਪ੍ਰਭੂ ਦਾ ਨਾਮ ਸੁਣ ਕੇ। ਮੰਨਿ-ਮਨ ਵਿਚ।੭। ਹਉਮੈ ਗਣਤ-ਹੰਕਾਰ ਵਿਚ ਅਪਣੇ ਕੀਤੇ ਕੰਮਾਂ ਦੀਆਂ ਗਿਣਤੀਆਂ। ਨਿਵਾਰੇ-ਦੂਰ ਕਰਕੇ। ਹਿਰਦੈ-ਹਿਰਦੇ ਵਿਚ। ਰਖਹੁ ਉਰ ਧਾਰੇ-ਮਨ ਵਿਚ ਟਿਕਾਈ ਰੱਖੋ। ਸਾਲਾਹੇ-ਸਿਫਤ ਸਲਾਹ ਕਰਦਾ ਹੈ। ਮਿਲਿ ਸਾਚੇ-ਸੱਚੇ ਪ੍ਰਭੂ ਨਾਲ ਮਿਲ ਕੇ।੮। ਸੋ-ਉਹ (ਮਨੁੱਖ)। ਚੇਤੇ -ਯਾਦ ਕਰਦਾ ਹੈ। ਜਿਸੁ ਚੇਤਾਏ-ਜਿਸ ਨੂੰ ਚੇਤੇ ਕਰਾਉਂਦਾ ਹੈ। ਮਨਿ-ਮਨ ਵਿਚ। ਆਏ-ਆ ਕੇ। ਆਪੇ-ਆਪ ਹੀ। ਬੂਝੈ-ਸਮਝਦਾ ਹੈ। ਆਪੈ-ਅਪਣੇ ਆਪੇ ਵਿਚ। ਆਪੁ-ਅਪਣੇ ਆਪ ਨੂੰ। ਸਮਾਇਦਾ-ਲੀਨ ਕਰਦਾ ਹੈ।੯। ਜਿਨਿ-ਜਿਸ (ਮਨੁੱਖ) ਨੇ। ਵਥੁ-ਨਾਮ ਪਦਾਰਥ। ਸੋਈ-ਉਹ (ਮਨੁੱਖ) ਹੀ। ਕੈ ਸਬਦੇ-ਦੇ ਸ਼ਬਦ ਦੁਆਰਾ। ਆਪੁ-ਅਪਣੇ ਆਪ ਨੂੰ। ਜਨੁ-ਮਨੁੱਖ। ਨਿਰਮਲੁ-ਪਵਿਤ੍ਰ। ਸਬਦੁ -ਉਪਦੇਸ਼।੧੦। ਕਾਇਆ-ਸਥੂਲ ਸਰੀਰ। ਸਰੀਰੁ-ਸੂਖਮ ਸਰੀਰ। ਸਬਦੀ-ਸ਼ਬਦ ਦੁਆਰਾ। ਚੇਤੈ-ਯਾਦ ਕਰਦਾ ਹੈ। ਅਨਦਿਨੁ-ਹਰ ਰੋਜ। ਰੰਗਿ ਰਾਤਾ-ਪ੍ਰੇਮ ਵਿਚ ਰੰਗਿਆ। ਕਹਿ-ਉਚਾਰ ਕੇ। ਗੁਣੀ-ਗੁਣਾਂ ਦਾ ਮਾਲਕ ਪ੍ਰਭੂ। ਸਮਾਇਦਾ-ਲੀਨ ਹੋ ਜਾਂਦਾ ਹੈ।੧੧।

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥ ਦੂਜੈ ਭਾਇ ਭਰਮਿ ਭੁਲਾਇਆ ॥ ਹਰਿ ਨ ਚੇਤੈ ਸਦਾ ਦੁਖੁ ਪਾਏ, ਬਿਨੁ ਹਰਿ ਚੇਤੇ ਦੁਖੁ ਪਾਇਦਾ ॥੧੨॥ ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥ ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ ॥ ਹਰਿ ਸੇਵੇ ਹਰਿ ਮੰਨਿ ਵਸਾਏ, ਸੋਹੈ ਹਰਿ ਗੁਣ ਗਾਇਦਾ ॥੧੩॥ ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥ ਮਨੁਮਖ ਭੂਲੇ ਮੁਏ ਬਿਲਲਾਇ ॥ ਜਿਨ ਕਉ ਨਦਰਿ ਹੋਵੈ ਗੁਰ ਕੇਰੀ, ਹਰਿ ਜੀਉ ਆਪਿ ਮਿਲਾਇਦਾ ॥੧੪॥ ਕਾਇਆ ਕੋਟੁ ਪਕੇ ਹਟਨਾਲੇ ॥ ਗੁਰਮੁਖਿ ਲੇਵੈ ਵਸਤੁ ਸਮਾਲੇ ॥ ਹਰਿ ਕਾ ਨਾਮੁ ਧਿਆਇ ਦਿਨੁ ਰਾਤੀ, ਊਤਮ ਪਦਵੀ ਪਾਇਦਾ ॥੧੫॥ ਆਪੇ ਸਚਾ ਹੈ ਸੁਖ ਦਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥ ਨਾਨਕ

ਨਾਮੁ ਸਲਾਹੇ ਸਾਚਾ, ਪੂਰੈ ਭਾਗਿ ਕੋ ਪਾਇਦਾ ॥੧੬॥੭॥੨੧॥ (ਹੇ ਭਾਈ!) ਇਹ ਸਰੀਰ (ਜਿਸ ਨੂੰ ਉਪਰ ਪਵਿਤ੍ਰ ਦੱਸਿਆ ਹੈ) ਸਾਰਾ ਮਾਇਆ ਦਾ ਮੁੱਢ ਹੈ।(ਕਿਉਂਕਿ ਇਸ ਨੂੰ) ਦ੍ਵੈਤ ਭਾਵ ਨੇ ਭਰਮ ਵਿਚ ਭੁਲਾਇਆ ਹੋਇਆ ਹੈ।(ਜਿਸ ਕਰਕੇ ਮਨੁੱਖ) ਹਰੀ ਨੂੰ ਯਾਦ ਨਹੀਂ ਕਰਦਾ, (ਇਸੇ ਕਰਕੇ) ਸਦਾ ਦੁਖ ਪਾਉਂਦਾ ਹੈ, ਪ੍ਰਭੂ ਨੂੰ ਚੇਤੇ ਕੀਤੇ ਬਿਨਾ (ਮਨੁੱਖ) ਦੁੱਖ ਹੀ ਪਾਉਂਦਾ ਹੈ।੧੨।(ਹੇ ਭਾਈ!) ਜਿਹੜਾ ਮਨੁੱਖ ਸਤਿਗੁਰੂ ਦੀ ਸੇਵਾ ਕਰਦਾ ਹੈ, ਉਹ (ਜਗਤ ਵਿਚ ਆਇਆ) ਪ੍ਰਵਾਨ ਹੈ।(ਉਸ ਦਾ) ਸਰੀਰ ਤੇ ਆਤਮਾ ਪਵਿਤ੍ਰ ਹਨ, (ਉਹ) ਸੱਚੇ ਪ੍ਰਭੂ ਦੇ ਦਰ ਤੇ ਜਾਣ (ਪਹੁੰਚਣ) ਵਾਲਾ ਹੋ ਜਾਂਦਾ ਹੈ।(ਜਿਹੜਾ ਮਨੁੱਖ) ਹਰੀ ਦੀ ਸੇਵਾ ਭਗਤੀ ਕਰਦਾ ਹੈ, ਹਰੀ ਨੂੰ ਮਨ ਵਿਚ ਵਸਾਉਂਦਾ ਹੈ ਅਤੇ (ਜੀਭ ਨਾਲ) ਹਰੀ ਦੇ ਗੁਣ ਗਾਉਂਦਾ ਹੈ, (ਉਹ ਜਗਤ ਵਿਚ) ਸੋਭਨੀਕ ਹੈ।੧੩।(ਹੇ ਭਾਈ! ਚੰਗੇ) ਭਾਗਾਂ ਤੋਂ ਬਿਨਾ ਗੁਰੂ ਦੀ ਸੇਵਾ ਨਹੀਂ ਕੀਤੀ ਜਾ ਸਕਦੀ।ਮਨਮੁਖ (ਪ੍ਰਭੂ ਤੋਂ) ਭੁੱਲੇ ਹੋਏ ਵਿਰਲਾਪ ਕਰਦੇ ਹੀ ਮਰ ਗਏ ਹਨ।ਜਿਨ੍ਹਾਂ ਪੁਰਖਾਂ ਉਤੇ ਗੁਰੂ ਦੀ ਮੇਹਰ ਹੁੰਦੀ ਹੈ, (ਉਨ੍ਹਾਂ ਨੂੰ) ਪ੍ਰਭੂ ਆਪ ਹੀ ਅਪਨੇ ਨਾਲ ਮਿਲਾ ਲੈਂਦਾ ਹੈ।੧੪।(ਹੇ ਭਾਈ! ਮਨੁੱਖਾ) ਸਰੀਰ ਇਕ ਕਿਲ੍ਹਾ ਹੈ (ਜਿਸ ਵਿਚ) ਇੰਦ੍ਰੀਆਂ ਦੇ ਪੱਕੇ ਬਜਾਰ ਹਨ (ਵਿਸ਼ੇ ਵਿਕਾਰਾਂ ਦੇ ਮੀਂਹ ਨਾਲ ਢਹਿੰਦੇ ਨਹੀਂ)। ਗੁਰਮੁਖ (ਅਪਨੇ ਸਰੀਰ ਵਿਚ) ਨਾਮ ਪਦਾਰਥ ਸੰਭਾਲ ਲੈਂਦਾ ਹੈ।(ਉਹ) ਦਿਨ ਰਾਤ ਹਰੀ ਦਾ ਨਾਮ ਸਿਮਰ ਕੇ ਉਤਮ ਪਦਵੀ ਪਾ ਲੈਂਦਾ ਹੈ।੧੫।(ਹੇ ਭਾਈ!) ਸੱਚਾ ਪ੍ਰਭੂ ਆਪ ਹੀ ਸੁੱਖ ਦੇਣ ਵਾਲਾ ਹੈ।(ਉਹ ਪ੍ਰਭੂ) ਪੂਰੇ ਗੁਰੂ ਦੇ ਸ਼ਬਦ ਦੁਆਰਾ ਪਛਾਨਿਆ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਪ੍ਰਭੂ ਦੇ ਨਾਮ ਨੂੰ ਸਲਾਹੁੰਦਾ ਹੈ, (ਉਹ) ਸੱਚਾ ਹੈ, (ਪਰ ਪ੍ਰਭੂ ਦਾ ਨਾਮ) ਪੂਰੇ ਭਾਗਾਂ ਨਾਲ ਕੋਈ ਵਿਰਲਾ ਮਨੁੱਖ ਪ੍ਰਾਪਤ ਕਰਦਾ ਹੈ।੧੬।੭।੨੧।

ਪਦਾਰਥ = ਮੂਲੁ–ਮੁੱਢ; ਜੜ।ਦੂਜੈ ਭਾਇ–ਦ੍ਵੈਤ ਭਾਵ ਨੇ।ਭਰਮਿ–ਭਰਮ ਵਿਚ।ਨ ਚੇਤੈ–ਯਾਦ ਨਹੀਂ ਕਰਦਾ।੧੨।ਜਿ–ਜਿਹੜਾ। ਸੇਵੇ–ਸੇਵਾ ਕਰਦਾ ਹੇ।ਸੋ–ਉਹ।ਪਰਵਾਣੁ–ਪ੍ਰਵਾਨ।ਕਾਇਆ–ਸਰੀਰ।ਹੰਸੁ–ਆਤਮਾ।ਨਿਰਮਲੁ–ਪਵਿਤ੍ਰ।ਦਰਿ ਸਚੈ–ਸੱਚੇ ਪ੍ਰਭੂ ਦੇ ਦਰ ਉਤੇ।ਜਾਣੁ–ਜਾਣ (ਪਹੁੰਚਣ) ਵਾਲਾ।ਮੰਨਿ–ਮਨ ਵਿਚ।ਸੋਹੈ–ਸੋਭਨੀਕ ਹੈ।੧੩।ਬਿਨੁ ਭਾਗਾ–ਚੰਗੇ ਭਾਗਾਂ ਤੋਂ ਬਿਨਾ।ਮਨਮੁਖ –ਮਨ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ।ਭੂਲੇ–ਭੁੱਲੇ ਹੋਏ।ਮੁਏ–ਮਰ ਗਏ ਹਨ।ਬਿਲਲਾਇ–ਵਿਰਲਾਪ ਕਰਦੇ; ਦੁਖੀ ਹੋ ਕੇ। ਜਿਨ ਕਉ–ਜਿਨ੍ਹਾਂ ਉਤੇ।ਕੇਰੀ–ਦੀ।ਨਦਰਿ–ਮੇਹਰ ਦੀ ਨਜਰ।੧੪।ਕੋਟੁ–ਕਿਲ੍ਹਾ।ਹਟਨਾਲੇ–ਹੱਟੀਆਂ ਦੀ ਕਤਾਰਾਂ (ਬਜਾਰ)। ਵਸਤੁ–ਨਾਮ ਪਦਾਰਥ।ਗੁਰਮੁਖਿ–ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ।ਲੇਵੈ ਸਮਾਲੇ–ਸੰਭਾਲ ਲੈਂਦਾ ਹੈ।ਰਾਤੀ–ਰਾਤ। ਪਾਇਦਾ–ਪਾ ਲੈਂਦਾ ਹੈ।੧੫।ਆਪਿ–ਆਪ ਹੀ।ਸਚਾ–ਸੱਚਾ ਪ੍ਰਭੂ।ਕੈ ਸਬਦਿ–ਦੇ ਸ਼ਬਦ ਦੁਆਰਾ।ਪਛਾਤਾ–ਪਛਾਨਿਆ ਜਾਂਦਾ ਹੈ। ਸਲਾਹੇ–ਸਲਾਹੁੰਦਾ ਹੈ।ਸਾਚਾ–ਸੱਚਾ (ਮਨੁੱਖ)।ਪੂਰੈ ਭਾਗਿ–ਪੂਰੇ ਭਾਗਾਂ ਨਾਲ।ਕੋ–ਕੋਈ (ਵਿਰਲਾ ਮਨੁੱਖ)।੧੬।੭।੨੧।

ਅੰਗ ੧੦੬੬ = ਮਾਰੂ ਮਹਲਾ ੩॥ ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥ ਆਪੇ ਖੇਲ ਕਰੇ ਸਭਿ ਕਰਤਾ, ਸੁਣਿ ਸਾਚਾ ਮੰਨਿ ਵਸਾਇਦਾ ॥੧॥ ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ ਵਰ੍ਹੇ ਮਾਹ ਵਾਰ ਥਿਤੀ ਕਰਿ, ਇਸੁ ਜਗ ਮਹਿ ਸੋਝੀ ਪਾਇਦਾ ॥੨॥ ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥ ਗੁਰਬਾਣੀ ਵਰਤੀ ਜਗ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥ ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ, ਬਧਾ ਜਮਕਾਲੇ ॥ ਦੂਜੈ ਭਾਇ ਸਦਾ ਦੁਖੁ ਪਾਏ, ਤ੍ਰੈ ਗੁਣ ਭਰਮਿ ਭੁਲਾਇਦਾ ॥੪॥ ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥ ਸਾਚੈ ਸਬਦਿ ਸਦਾ ਹੈ ਮੁਕਤਾ, ਮਾਇਆ ਮੋਹੁ ਚੁਕਾਇਦਾ ॥੫॥ ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥ ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ, ਆਪੈ ਆਪੁ ਮਿਲਾਇਦਾ ॥੬॥ (ਹੇ ਭਾਈ! ਜਦ ਮਨੁੱਖ ਗੁਰੂ ਪਾਸੋਂ) ਪ੍ਰਭੂ ਦਾ ਸੱਚਾ ਨਾਮ ਸੁਣ ਕੇ ਮਨ ਵਿਚ ਵਸਾਉਂਦਾ ਹੈ, (ਤਾਂ ਉਸ ਨੂੰ ਗਿਆਨ ਹੋ ਜਾਂਦਾ ਹੈ ਕਿ) ਨਿਰਾਕਾਰ ਪ੍ਰਮਾਤਮਾ ਨੇ (ਅਪਣੇ ਆਪ ਤੋਂ) ਦਿਸਦਾ ਜਗਤ ਪੈਦਾ ਕੀਤਾ ਹੈ।ਮਾਇਆ ਦਾ ਮੋਹ ਵੀ (ਉਸ ਨੇ ਅਪਣੇ) ਹੁਕਮ ਵਿਚ ਹੀ ਬਣਾਇਆ ਹੈ। ਕਰਤਾਰ ਆਪ ਹੀ ਸਾਰੇ ਖੇਲ ਕਰ ਰਿਹਾ ਹੈ।੧।(ਹੇ ਭਾਈ!) ਮਾਇਆ ਮਾਈ ਰਾਹੀਂ (ਪ੍ਰਭੂ ਪਿਤਾ ਨੇ ਉਸ ਨੂੰ) ਪ੍ਰਸੂਤ ਕਰਕੇ ਤਿੰਨ ਗੁਣਾਂ ਵਾਲਾ ਜਗਤ ਪੈਦਾ ਕੀਤਾ ਹੈ।ਬ੍ਰਹਮਾਂ ਨੂੰ ਚਾਰ ਵੇਦ ਰਚਨ ਦਾ ਹੁਕਮ ਕੀਤਾ।(ਫਿਰ ਪ੍ਰਭੂ ਨੇ) ਸਾਲ, ਮਹੀਨੇ, ਦਿਨ ਤੇ ਤਿੱਥਾਂ ਪੈਦਾ ਕਰਕੇ ਇਸ ਜਗਤ ਵਿਚ (ਜੀਵਾਂ ਅੰਦਰ ਸਮੇਂ ਆਦਿ ਵਾਰੇ) ਸਮਝ ਪਾਈ ਹੈ।੨।(ਹੇ ਭਾਈ!) ਗੁਰੂ ਦੀ ਸੇਵਾ ਤੋਂ ਕਰਨ ਯੋਗ ਸ੍ਰੇਸਟ ਕਰਮ ਪ੍ਰਾਪਤ ਹੁੰਦਾ ਹੈ।ਪ੍ਰਭੂ ਦਾ ਨਾਮ ਅਪਣੇ ਹਿਰਦੇ ਵਿਚ ਟਿਕਾ ਕੇ ਰੱਖੋ।ਸਾਰੇ ਜਗਤ ਦੇ ਅੰਦਰ ਗੁਰੂ ਦੀ ਬਾਣੀ ਵਰਤ ਰਹੀ ਹੈ, (ਚਾਰੇ ਵਰਨਾਂ ਵਿਚੋਂ ਕੋਈ ਵੀ ਮਨੁੱਖ) ਇਸ ਬਾਣੀ ਤੋਂ ਪ੍ਰਭੂ ਦਾ ਨਾਮ ਪ੍ਰਾਪਤ ਕਰ ਸਕਦਾ ਹੈ।੩।(ਹੇ ਭਾਈ! ਜਿਹੜਾ ਮਨੁੱਖ) ਵੇਦ ਪੜ੍ਹਦਾ ਹੈ ਅਤੇ ਹਰ ਰੋਜ ਬਹਿਸਾਂ ਕਰਦਾ ਹੈ।(ਉਹ) ਪ੍ਰਭੂ ਦੇ ਨਾਮ ਨੂੰ ਚੇਤੇ ਨਹੀਂ ਕਰਦਾ, (ਉਸ ਨੂੰ) ਜਮਕਾਲ ਨੇ ਬੰਨ੍ਹ ਰੱਖਿਆ ਹੈ।(ਮਨੁੱਖ) ਦ੍ਵੈਤ ਭਾਵ ਵਿਚ ਲਗ ਕੇ ਸਦਾ ਦੁਖ ਪਾਉਂਦਾ ਹੈ ਅਤੇ ਤਿੰਨਾਂ ਗੁਣਾਂ ਦੇ ਭਰਮ ਵਿਚ (ਅਪਣੇ ਮਨ ਨੂੰ) ਭੁਲਾਈ ਰੱਖਦਾ ਹੈ।੪।(ਹੇ ਭਾਈ!) ਗੁਰਮੁਖ ਇਕ ਪ੍ਰਭੂ ਨਾਲ ਲਿਵ ਲਾਉਂਦਾ ਹੈ।(ਉਹ) ਤਿੰਨ ਤਰ੍ਹਾਂ ਦੀ ਵਾਸ਼ਨਾ ਮਨ ਵਿਚ ਹੀ ਮੁਕਾ ਦੇਂਦਾ ਹੈ।(ਉਹ) ਸੱਚੇ ਗੁਰੂ ਦੇ ਸ਼ਬਦ ਦੁਆਰਾ (ਵਾਸ਼ਨਾਵਾਂ ਤੋਂ) ਸਦਾ ਮੁਕਤ ਰਹਿੰਦਾ ਹੈ ਅਤੇ (ਅਪਣੇ ਅੰਦਰੋਂ)

ਮਾਇਆ ਦਾ ਮੋਹ ਵੀ ਦੂਰ ਕਰ ਦਿੰਦਾ ਹੈ।੫। ਜੋ ਮਨੁੱਖ ਧੁਰ ਤੋਂ ਹੀ ਭਗਤੀ ਵਿਚ ਰੰਗੇ ਹੋਏ ਹਨ, ਉਹ ਹੁਣ (ਮਨੁੱਖਾ ਜਨਮ ਵਿਚ) ਵੀ ਭਗਤੀ ਵਿਚ ਰੰਗੇ ਹੋਏ ਹਨ। (ਉਹ) ਗੁਰੂ ਦੀ ਕ੍ਰਿਪਾ ਨਾਲ ਪੂਰਨ ਅਡੋਲ ਅਵਸਥਾ ਵਿਚ ਮਸਤ ਰਹਿੰਦੇ ਹਨ। (ਜਿਸ ਮਨੁੱਖ ਨੇ) ਸਤਿਗੁਰੂ ਦੀ ਸੇਵਾ ਕਰਕੇ ਪ੍ਰਭੂ ਨੂੰ ਪਾਇਆ ਹੈ, (ਉਹ) ਅਪਣੇ ਆਪ ਨੂੰ ਪ੍ਰਭੂ ਦੇ ਆਪੇ ਵਿਚ ਮਿਲਾ ਲੈਂਦਾ ਹੈ।੬।

ਪਦਾਰਥ = ਨਿਰੰਕਾਰਿ–ਨਿਰਾਕਾਰ ਪ੍ਰਮਾਤਮਾ ਨੇ। ਆਕਾਰੁ–ਦਿਸਦਾ ਜਗਤ। ਉਪਾਇਆ–ਪੈਦਾ ਕੀਤਾ ਹੈ। ਹੁਕਮਿ–ਹੁਕਮ ਵਿਚ। ਆਪੇ–ਆਪ ਹੀ। ਕਰਤਾ–ਰਚਨਹਾਰ ਪ੍ਰਭੂ। ਸੁਣਿ–ਸੁਣ ਕੇ। ਸਾਚਾ–ਸੱਚਾ ਨਾਮ। ਮੰਨਿ–ਮਨ ਵਿਚ।੧। ਮਾਇਆ ਮਾਈ–ਮਾਇਆ ਮਾਂ ਰਾਹੀਂ। ਤ੍ਰੈ ਗੁਣ–ਤਿੰਨ ਗੁਣਾਂ ਵਾਲਾ ਜਗਤ। ਪਰਸੂਤਿ–ਸਬੰਧ ਬਣਾ ਕੇ; ਗਰਭ ਧਾਰਨ ਕਰਕੇ। ਜਮਾਇਆ–ਪੈਦਾ ਕੀਤਾ। ਨੋ–ਨੂੰ। ਫੁਰਮਾਇਆ–ਹੁਕਮ ਕੀਤਾ। ਵਰ੍ਹੇ–ਸਾਲ। ਮਾਹ–ਮਹੀਨੇ। ਵਾਰ–ਦਿਨ। ਥਿਤੀ–ਤਿੱਥਾਂ। ਕਰਿ–ਕਰਕੇ। ਜਗ ਮਹਿ–ਜਗਤ ਵਿਚ। ਸੋਝੀ–ਸਮਝ; ਗਿਆਨ।੨। ਤੇ–ਤੋਂ; ਰਾਹੀਂ। ਕਰਣੀ–ਕਰਨ ਯੋਗ ਕੰਮ। ਸਾਰ–ਸ੍ਰੇਸ਼ਟ। ਉਰਿ–ਹਿਰਦੇ ਵਿਚ। ਰਾਖਹੁ ਧਾਰਿ–ਟਿਕਾ ਕੇ ਰੱਖੋ। ਜਗ ਅੰਤਰਿ–ਜਗਤ ਦੇ ਅੰਦਰ। ਵਰਤੀ–ਵਰਤ ਰਹੀ ਹੈ; ਪ੍ਰਗਟ ਹੋਈ ਹੈ।੩। ਪੜੈ–ਪੜ੍ਹਦਾ ਹੈ। ਅਨਦਿਨੁ–ਹਰ ਰੋਜ। ਵਾਦ–ਝਗੜੇ; ਬਹਿਸਾਂ। ਸਮਾਲੇ–ਸੰਭਾਲਦਾ ਹੈ; ਕਰਦਾ ਹੈ। ਨ ਚੇਤੈ–ਯਾਦ ਨਹੀਂ ਕਰਦਾ। ਬਧਾ–ਬੰਨ੍ਹਿਆ ਹੈ। ਜਮਕਾਲੇ–ਕਾਲ ਕਰਨ ਵਾਲੇ ਜਮ ਨੇ। ਦੂਜੈ ਭਾਇ–ਪ੍ਰਭੂ ਤੋਂ ਬਿਨਾ ਕਿਸੇ ਹੋਰ ਦੇ ਪਿਆਰ ਵਿਚ। ਤ੍ਰੈ ਗੁਣ–ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ। ਭਰਮਿ–ਭਰਮ ਵਿਚ। ਭੁਲਾਇਦਾ–ਭੁਲਾਈ ਰਖਦਾ ਹੈ।੪। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਏਕਸੁ ਸਿਉ–ਇਕ ਪ੍ਰਭੂ ਨਾਲ। ਲਿਵ–ਬਿਰਤੀ; ਪਿਆਰ। ਤ੍ਰਿਬਿਧਿ ਮਨਸਾ–ਤਿੰਨ ਤਰ੍ਹਾਂ ਦੀ ਵਾਸ਼ਨਾ (ਰਜੋ, ਸਤੋ ਤੇ ਤਮੋ ਗੁਣਾਂ ਰੂਪ ਮਨ ਦੀ ਬ੍ਰਿਤੀ); ਕਰਮ, ਉਪਾਸ਼ਨਾ ਤੇ ਗਿਆਨ ਜਾਂ ਸੁਤ, ਬਿਤ (ਧਨ) ਤੇ ਲੋਕ ਦੀ ਇੱਛਾ। ਮਨਹਿ–ਮਨ ਵਿਚ ਹੀ। ਸਮਾਏ–ਮੁਕਾ ਦੇਂਦਾ ਹੈ। ਸਾਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਰਾਹੀਂ। ਮੁਕਤਾ–(ਵਾਸ਼ਨਾਵਾਂ ਤੋਂ) ਛੁਟਕਾਰਾ। ਚੁਕਾਇਦਾ–ਦੂਰ ਕਰਦਾ ਹੈ।੫। ਧੁਰਿ–ਧੁਰ (ਪ੍ਰਭੂ ਦੀ ਹਜੂਰੀ) ਤੋਂ। ਰਾਤੇ–ਰੰਗੇ ਹੋਏ ਹਨ। ਸੇ–ਉਹ (ਮਨੁੱਖ)। ਹੁਣਿ–ਹੁਣ ਦੇ ਮਨੁੱਖਾ ਜਨਮ ਵਿਚ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਸਹਜੇ–ਪੂਰਨ ਅਡੋਲ ਅਵਸਥਾ ਵਿਚ। ਮਾਤੇ–ਮਸਤ ਹਨ। ਸੇਵਿ–ਸੇਵਾ ਕਰਕੇ। ਆਪੈ–ਪ੍ਰਭੂ ਦੇ ਆਪੇ ਵਿਚ। ਆਪੁ–ਅਪਣੇ ਆਪ ਨੂੰ।੬।

ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥ ਸੂਹਾ ਰੰਗੁ ਦਿਨ ਥੋੜੇ ਹੋਵੈ, ਇਸੁ ਜਾਦੇ ਬਿਲਮ ਨ ਲਾਇਦਾ ॥੭॥ ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥ ਪੂਰੈ ਭਾਗਿ ਕੋ ਇਹੁ ਰੰਗੁ ਪਾਏ, ਗੁਰਮਤੀ ਰੰਗੁ ਚੜਾਇਦਾ ॥੮॥ ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥ ਦੂਜੈ ਲਾਗੇ ਜਨਮੁ ਗਵਾਇਆ, ਬਿਨੁ ਬੂਝੇ ਦੁਖੁ ਪਾਇਦਾ ॥੯॥ ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥ ਸਚਾ ਪ੍ਰਭੁ ਸਚਾ ਵਾਪਾਰਾ, ਨਾਮੁ ਅਮੋਲਕੁ ਪਾਇਦਾ ॥੧੦॥ ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹੁ ਬਣਤ ਬਣਾਈ ॥ ਗੁਰਮੁਖਿ ਹੋਵੈ ਸੁ ਕਾਇਆ ਸੋਧੈ, ਆਪਹਿ ਆਪੁ ਮਿਲਾਇਦਾ ॥੧੧॥ (ਹੇ ਭਾਈ!) ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਭਰਮ ਦੇ ਕਰਕੇ ਪ੍ਰਭੂ ਨੂੰ ਨਹੀਂ ਪਾ ਸਕਦਾ। (ਉਹ) ਦ੍ਵੈਤ ਭਾਵ ਵਿਚ ਲੱਗਾ ਹੋਇਆ ਦੁਖ ਪਾਉਂਦਾ ਹੈ। ਮਾਇਆ ਦਾ ਮੋਹ ਕਸੁੰਭੇ ਦੇ ਗੂੜ੍ਹੇ ਲਾਲ ਰੰਗ ਵਰਗਾ ਹੈ, (ਇਹ) ਥੋੜੇ ਦਿਨ ਹੀ ਰਹਿੰਦਾ ਹੁੰਦਾ ਹੈ, ਇਸ ਨੂੰ ਜਾਂਦਿਆਂ (ਨਾਸ਼ ਹੁੰਦਿਆਂ) ਦੇਰ ਨਹੀਂ ਲਗਦੀ।੭। (ਹੇ ਭਾਈ! ਜੋ ਮਨੁੱਖ ਅਪਣੇ) ਇਸ ਮਨ ਨੂੰ ਪ੍ਰਭੂ ਦੇ ਭੈ ਅਤੇ ਪ੍ਰੇਮ ਵਿਚ ਰੰਗਾ ਲਵੇ। ਇਸ ਰੰਗ ਦੁਆਰਾ (ਉਹ) ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਪੂਰੇ ਭਾਗਾਂ ਨਾਲ ਕੋਈ ਵਿਰਲਾ ਮਨੁੱਖ ਇਹ ਰੰਗ ਪ੍ਰਾਪਤ ਕਰਦਾ ਹੈ, ਗੁਰੂ ਦੀ ਮੱਤ ਦੁਆਰਾ (ਉਹ ਅਪਣੇ ਮਨ ਉਤੇ ਇਹ) ਰੰਗ ਚੜ੍ਹਾਉਂਦਾ ਹੈ; ਗੁਰੂ ਦੀ ਸਿੱਖਿਆ ਦੇ ਕੇ (ਹੋਰਨਾਂ ਸੰਗੀਆਂ ਨੂੰ ਵੀ ਇਹ) ਰੰਗ ਚੜ੍ਹਾਉਂਦਾ ਹੈ (ਸੰ.ਸ.; ਫ.ਸ.)।੮। ਮਨਮੁਖ ਮਨੁੱਖ ਬਹੁਤ ਹੰਕਾਰ ਕਰਦਾ ਹੈ। (ਉਹ) ਰੱਬੀ ਦਰਗਾਹ ਵਿਚ ਕਦੇ ਵੀ ਆਦਰ ਪ੍ਰਾਪਤ ਨਹੀਂ ਕਰ ਸਕਦਾ। (ਇਸ ਨੇ ਪ੍ਰਭੂ ਨੂੰ ਛਡ ਕੇ) ਦੂਜੇ ਪਾਸੇ ਲਗ ਕੇ ਅਪਣਾ ਜਨਮ ਨਿਸਫਲ ਗਵਾ ਲਿਆ ਹੈ, (ਗੁਰੂ ਦੀ ਮੱਤ ਨੂੰ) ਸਮਝੇ ਬਿਨਾ ਉਹ ਦੁਖ ਹੀ ਪਾਉਂਦਾ ਹੈ।੯। (ਹੇ ਭਾਈ!) ਮੇਰੇ ਪ੍ਰਭੂ ਨੇ (ਹਰੇਕ ਜੀਵ ਦੇ) ਅੰਦਰ ਅਪਣੇ ਆਪ ਨੂੰ ਲੁਕਾਇਆ ਹੋਇਆ ਹੈ। ਗੁਰੂ ਦੀ ਕ੍ਰਿਪਾ ਨਾਲ ਮਿਲਾਇਆ (ਮਨੁੱਖ) ਹਰੀ ਨੂੰ ਮਿਲਦਾ ਹੈ। ਪ੍ਰਭੂ ਸੱਚਾ ਹੈ, (ਉਸ ਦਾ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਣਾ) ਸੱਚਾ ਵਪਾਰ ਹੈ, (ਵਡਭਾਗੀ ਮਨੁੱਖ ਹੀ ਪ੍ਰਭੂ ਦਾ) ਅਮੋਲਕ ਨਾਮ ਪ੍ਰਾਪਤ ਕਰਦਾ ਹੈ।੧੦। (ਹੇ ਭਾਈ!) ਇਸ ਸਰੀਰ ਦੀ ਕੀਮਤ ਕਿਸੇ ਮਨੁੱਖ ਨੇ ਨਹੀਂ ਪਾਈ (ਸਰੀਰ ਬਹੁਤ ਅਮੋਲਕ ਹੈ। ਕਿਉਂਕਿ) ਇਸ ਦੀ ਬਣਤ ਮੇਰੇ ਮਾਲਕ ਨੇ ਬਣਾਈ ਹੈ। (ਜਿਹੜਾ ਮਨੁੱਖ) ਗੁਰੂ ਅਨੁਸਾਰੀ ਹੁੰਦਾ ਹੈ, ਉਹ ਅਪਣੇ ਸਰੀਰ ਨੂੰ (ਵਿਸ਼ਿਆਂ ਤੋਂ ਬਚਾ ਕੇ) ਸ਼ੁੱਧ ਰੱਖਦਾ ਹੈ, (ਉਸ ਨੂੰ) ਪ੍ਰਭੂ ਆਪ ਹੀ ਅਪਣੇ ਚਰਨਾਂ ਵਿਚ ਮਿਲਾ ਲੈਂਦਾ ਹੈ (ਸੰ.ਸ.; ਫ.ਸ.; ਇੰਗਲਿਸ਼ ਟੀਕਾ) ਆਪਾ ਭਾਵ ਨੂੰ ਅਪਣੇ ਵਿਚ ਮਿਲਾ ਲੈਂਦਾ ਹੈ (ਦਰਪਣ; ਨਿਰਣੈ)।੧੧।

ਪਦਾਰਥ = ਮੋਹਿ–ਮੋਹ ਵਿਚ। ਭਰਮਿ–ਭਰਮ ਦੇ ਕਾਰਣ। ਨ ਪਾਏ–ਨਹੀਂ ਪਾ ਸਕਦਾ। ਦੂਜੈ ਭਾਇ–ਪ੍ਰਭੂ ਤੋਂ ਬਿਨਾ ਕਿਸੇ ਹੋਰ ਦੇ ਪਿਆਰ ਵਿਚ। ਸੂਹਾ ਰੰਗੁ–ਕਸੁੰਭੇ ਦਾ ਗੂੜ੍ਹਾ ਲਾਲ ਰੰਗ (ਮਾਇਆ ਦਾ ਮੋਹ)। ਜਾਦੇ–ਜਾਂਦਿਆਂ (ਨਾਸ਼ ਹੁੰਦਿਆਂ)। ਬਿਲਮ–ਦੇਰ। ਨ ਲਾਇਦਾ–ਨਹੀਂ ਲਗਦੀ।੭। ਭੈ–ਡਰ। ਭਾਇ–ਪ੍ਰੇਮ ਵਿਚ। ਰੰਗਾਏ–ਰੰਗਾ ਲਵੇ। ਇਤੁ ਰੰਗਿ–ਇਸ ਰੰਗ ਦੁਆਰਾ। ਸਾਚੇ ਮਾਹਿ–ਸੱਚੇ

ਪ੍ਰਭੂ ਵਿਚ।ਸਮਾਏ–ਲੀਨ ਹੋ ਜਾਂਦਾ ਹੈ।ਪੂਰੈ ਭਾਗਿ–ਪੂਰੇ ਭਾਗਾਂ ਨਾਲ।ਕੋ–ਕੋਈ (ਵਿਰਲਾ)।੮।ਮਨਮੁਖੁ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਕਰੇ–ਕਰਦਾ ਹੈ।ਕਬ ਹੀ–ਕਦੇ ਵੀ।ਮਾਨੁ–ਆਦਰ।ਦੂਜੈ ਲਾਗੇ–ਪ੍ਰਭੂ ਨੂੰ ਛਡ ਕ ਦੂਜੇ ਪਾਸੇ ਲਗ ਕੇ।ਬਿਨੁ ਬੂਝੇ–ਸਮਝੇ ਬਿਨਾ।੯।ਪ੍ਰਭਿ–ਪ੍ਰਭੂ ਨੇ।ਅੰਦਰਿ–(ਹਰੇਕ ਜੀਵ ਦੇ) ਅੰਦਰ।ਆਪੁ–ਆਪਣੇ ਆਪ ਨੂੰ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।੧੦।ਕਾਇਆ ਕੀ–ਸਰੀਰ ਦੀ।ਕਿਨੈ–ਕਿਸੇ ਨੇ ਵੀ।ਠਾਕੁਰਿ–ਮਾਲਕ ਨੇ।ਬਣਤ ਬਣਾਈ–ਰਚਨਾ ਕੀਤੀ ਹੈ।ਗੁਰਮੁਖਿ –ਗੁਰੂ ਅਨੁਸਾਰੀ ਮਨੁੱਖ।ਸੁ–ਉਹ।ਸੋਧੈ–ਸੋਧਦਾ ਹੈ।ਆਪਹਿ–ਅਪਣੇ ਵਿਚ।ਆਪੁ–ਆਪ ਹੀ; ਆਪਾ ਭਾਵ ਨੂੰ।੧੧।

ਕਾਇਆ ਵਿਚਿ ਤੋਟਾ, ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥ ਗੁਰਮੁਖਿ ਵਣਜਿ ਸਦਾ ਸੁਖੁ ਪਾਏ, ਸਹਜੇ ਸਹਜਿ ਮਿਲਾਇਦਾ ॥੧੨॥ ਸਚਾ ਮਹਲੁ ਸਚੇ ਭੰਡਾਰਾ ॥ ਆਪੇ ਦੇਵੈ ਦੇਵਣਹਾਰਾ ॥ ਗੁਰਮੁਖਿ ਸਾਲਾਹੇ ਸੁਖ ਦਾਤੇ, ਮਨਿ ਮੇਲੇ ਕੀਮਤਿ ਪਾਇਦਾ ॥੧੩॥ ਕਾਇਆ ਵਿਚਿ ਵਸਤੁ ,ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥ ਜਿਸ ਦਾ ਹਟੁ ਸੋਈ ਵਥੁ ਜਾਣੈ ,ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥ ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥ ਆਪੇ ਮੇਲਿ ਮਿਲਾਏ ਆਪੇ, ਸਬਦੇ ਸਹਜਿ ਸਮਾਇਦਾ ॥੧੫॥ ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮਿ ਮਿਲੈ ਵਡਿਆਈ, ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥ (ਹੇ ਭਾਈ! ਵਿਸ਼ੇ ਵਿਕਾਰਾਂ ਵਿਚ ਲੱਗ ਕੇ) ਸਰੀਰ ਵਿਚ ਘਾਟਾ ਹੁੰਦਾ ਹੈ ਅਤੇ (ਨਾਮ ਸਿਮਰਨ ਵਿਚ ਜੁੜੇ) ਸਰੀਰ ਵਿਚ ਲਾਭ ਮਿਲਦਾ ਹੈ।ਗੁਰਮੁਖ ਵੇਪ੍ਰਵਾਹ ਪ੍ਰਭੂ ਨੂੰ (ਅਪਣੇ ਸਰੀਰ ਅੰਦਰ) ਖੋਜਦਾ ਹੈ।ਗੁਰਮੁਖ (ਨਾਮ ਦਾ) ਵਪਾਰ ਕਰਕੇ ਸਦਾ ਸੁਖ ਪਾਉਂਦਾ ਹੈ ਅਤੇ ਸੁਭਾਵਕ ਹੀ (ਅਪਣੇ ਮਨ ਨੂੰ) ਸਹਿਜ ਅਵਸਥਾ ਮਿਲਾਈ ਰੱਖਦਾ ਹੈ।੧੨।(ਹੇ ਭਾਈ!) ਪ੍ਰਭੂ ਦਾ ਮਹਿਲ ਸੱਚਾ ਹੈ ਅਤੇ (ਉਸ ਦੇ) ਭੰਡਾਰ ਵੀ ਸੱਚੇ ਹਨ।ਦੇਣ ਵਾਲਾ ਪ੍ਰਭੂ ਆਪ ਹੀ (ਇਨ੍ਹਾਂ ਖਜਾਨਿਆਂ ਵਿਚੋਂ ਜੀਵਾਂ ਨੂੰ ਪਦਾਰਥ) ਦੇਂਦਾ ਹੈ।ਗੁਰਮੁਖਿ ਸੁੱਖਾਂ ਦੇ ਦਾਤੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, (ਉਹ) ਪ੍ਰਭੂ ਨੂੰ ਮਨ ਵਿਚ ਮੇਲ (ਟਿਕਾ) ਕੇ ਉਸ ਦੇ ਨਾਮ ਦੀ ਕਦਰ ਪਾਉਂਦਾ ਹੈ।੧੩।(ਹੇ ਭਾਈ!) ਸਰੀਰ ਵਿਚ ਨਾਮ ਪਦਾਰਥ ਮੌਜੂਦ ਹੈ, (ਪਰ ਇਸ ਦੀ) ਕੀਮਤ ਗੁਰੂ ਤੋਂ ਬਿਨਾ (ਕਿਸੇ ਨੇ) ਨਹੀਂ ਪਾਈ।ਗੁਰਮੁਖ ਨੂੰ ਪ੍ਰਭੂ ਆਪ ਹੀ (ਨਾਮ ਦੀ ਬਖਸ਼ਿਸ਼ ਕਰਕੇ) ਵਡਿਆਈ ਦੇਂਦਾ ਹੈ।ਜਿਸ ਪ੍ਰਭੂ ਦਾ ਇਹ ਸਰੀਰ ਰੂਪ ਹੱਟ ਬਣਾਇਆ ਹੋਇਆ ਹੈ, ਉਹ ਹੀ (ਸਰੀਰ ਵਿਚ ਪਏ) ਨਾਮ ਪਦਾਰਥ ਨੂੰ ਜਾਣਦਾ ਹੈ, (ਇਹ ਨਾਮ ਪਦਾਰਥ ਪ੍ਰਭੂ ਮਨੁੱਖ ਨੂੰ) ਗੁਰੂ ਰਾਹੀਂ ਦੇਂਦਾ ਹੈ, (ਪਰ ਉਹ ਇਹ ਦਾਤ) ਦੇ ਕੇ ਪਛਤਾਉਂਦਾ ਨਹੀਂ।੧੪।(ਹੇ ਭਾਈ!) ਹਰਿ ਜੀਉ ਸਾਰੇ ਜੀਵਾਂ ਵਿਚ ਸਮਾ ਰਿਹਾ ਹੈ।(ਪਰ ਉਹ) ਗੁਰੂ ਦੀ ਕ੍ਰਿਪਾ ਨਾਲ ਪਾਇਆ ਜਾਂਦਾ ਹੈ।ਪ੍ਰਭੂ ਆਪ ਹੀ (ਮਨੁੱਖ ਨੂੰ) ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾਉਂਦਾ ਹੈ, (ਪ੍ਰਭੂ ਮਨੁੱਖ ਨੂੰ) ਗੁਰੂ ਦੇ ਸ਼ਬਦ ਦੁਆਰਾ ਸਹਿਜ ਪਦ ਵਿਚ ਸਮਾਈ ਰੱਖਦਾ ਹੈ।੧੫।(ਹੇ ਭਾਈ!) ਸੱਚਾ ਪ੍ਰਭੂ ਆਪ ਹੀ ਗੁਰੂ ਦੇ ਸ਼ਬਦ ਵਿਚ ਮਿਲਾਉਦਾ (ਜੋੜਦਾ) ਹੈ।ਗੁਰੂ ਦੇ ਸ਼ਬਦ ਰਾਹੀਂ ਹੀ (ਪ੍ਰਭੂ ਮਨੁੱਖ ਦੇ) ਮਨ ਵਿਚੋਂ ਭਰਮ ਦੂਰ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਨਾਮ ਦੁਆਰਾ ਹੀ (ਮਨੁੱਖ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ ਅਤੇ ਨਾਮ ਦੁਆਰਾ ਹੀ (ਮਨੁੱਖ) ਆਤਮਕ ਸੁਖ ਪ੍ਰਾਪਤ ਕਰਦਾ ਹੈ।੧੬।੮।੨੨।

ਪਦਾਰਥ = ਕਾਇਆ–ਸਰੀਰ।ਤੋਟਾ–ਘਾਟਾ।ਲਾਹਾ–ਲਾਭ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ; ਗੁਰੂ ਰਾਹੀਂ।ਖੋਜੇ–ਖੋਜਦਾ ਹੈ। ਵੇਪਰਵਾਹਾ–ਬੇ ਪ੍ਰਵਾਹ ਪ੍ਰਭੂ ਨੂੰ।ਵਣਜਿ–ਵਪਾਰ ਕਰਕੇ।ਪਾਏ–ਪਾਉਂਦਾ ਹੈ।ਸਹਜੇ–ਸੁਭਾਵਕ ਹੀ।ਸਹਜਿ–ਸਹਿਜ ਅਵਸਥਾ ਵਿਚ। ੧੨।ਮਹਲੁ–ਪ੍ਰਭੂ ਦਾ ਟਿਕਾਣਾ।ਭੰਡਾਰਾ–ਖਜਾਨੇ।ਦੇਵਣਹਾਰਾ–ਦੇਣ ਵਾਲਾ ਪ੍ਰਭੂ।ਸਾਲਾਹੇ–ਸਿਫਤ ਸਲਾਹ ਕਰਦਾ ਹੈ।ਮਨਿ ਮੇਲੇ– ਮਨ ਵਿਚ ਮੇਲ (ਟਿਕਾ) ਕੇ।ਕੀਮਤਿ ਪਾਇਦਾ–ਕਦਰ ਪਾਉਂਦਾ ਹੈ।੧੩।ਵਸਤੁ–ਨਾਮ ਪਦਾਰਥ।ਆਪੇ–ਆਪ ਹੀ।ਦੇ–ਦੇਂਦਾ ਹੈ। ਹਟੁ–(ਸਰੀਰ ਰੂਪ) ਹੱਟ।ਸੋਈ–ਉਹ ਹੀ।ਵਥੁ–ਨਾਮ ਪਦਾਰਥ।ਦੇਇ–ਦੇ ਕੇ।੧੪।ਸਭ ਮਹਿ–ਸਾਰੇ ਜੀਵਾਂ ਵਿਚ।ਰਹਿਆ ਸਮਾਈ –ਵਿਆਪਕ ਹੋ ਰਿਹਾ ਹੈ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਮੇਲਿ–(ਗੁਰੂ ਨਾਲ) ਮਿਲਾ ਕੇ।ਸਬਦੇ–ਗੁਰੂ ਦੇ ਸ਼ਬਦ ਰਾਹੀਂ। ਸਮਾਇਦਾ–ਲੀਨ ਕਰੀ ਰੱਖਦਾ ਹੈ।੧੫।ਸਚਾ–ਸੱਚਾ ਪ੍ਰਭੂ।ਸਬਦਿ–ਸ਼ਬਦ ਵਿਚ।ਸਬਦੇ–ਸ਼ਬਦ ਰਾਹੀਂ।ਵਿਚਹੁ–ਮਨ ਵਿਚੋਂ।ਚੁਕਾਏ –ਦੂਰ ਕਰਦਾ ਹੈ।ਨਾਮਿ–ਨਾਮ ਰਾਹੀਂ।ਨਾਮੇ ਹੀ–ਨਾਮ ਰਾਹੀਂ ਹੀ।੧੬।੮।੨੨।

ਮਾਰੂ ਮਹਲਾ ੩ ॥ ਅਗਮ ਅਗੋਚਰ ਵੇਪਰਵਾਹੇ ॥ ਆਪੇ ਮਿਹਰਵਾਨ ਅਗਮ ਅਥਾਹੇ ॥ ਅਪੜਿ ਕੋਇ ਨ ਸਕੈ ਤਿਸ ਨੋ, ਗੁਰ ਸਬਦੀ ਮੇਲਾਇਆ ॥੧॥ ਤੁਧੁ ਨੋ ਸੇਵਹਿ ਜੋ ਤੁਧੁ ਭਾਵਹਿ ॥ ਗੁਰ ਕੈ ਸਬਦੇ ਸਚਿ ਸਮਾਵਹਿ ॥ ਅਨਦਿਨੁ ਗੁਣ ਰਵਹਿ ਦਿਨੁ ਰਾਤੀ, ਰਸਨਾ ਹਰਿ ਰਸੁ ਭਾਇਆ ॥੨॥ ਸਬਦਿ ਮਰਹਿ ਸੇ ਮਰਣੁ ਸਵਾਰਹਿ ॥ ਹਰਿ ਕੇ ਗੁਣ ਹਿਰਦੈ ਉਰ ਧਾਰਹਿ ॥ ਜਨਮੁ ਸਫਲੁ ਹਰਿ ਚਰਣੀ ਲਾਗੇ, ਦੂਜਾ ਭਾਉ ਚੁਕਾਇਆ ॥੩॥ ਹਰਿ ਜੀਉ ਮੇਲੇ ਆਪਿ ਮਿਲਾਏ ॥ ਗੁਰ ਕੈ ਸਬਦੇ ਆਪੁ ਗਵਾਏ ॥ ਅਨਦਿਨੁ ਸਦਾ ਹਰਿ ਭਗਤੀ ਰਾਤੇ, ਇਸੁ ਜਗ ਮਹਿ ਲਾਹਾ ਪਾਇਆ ॥੪॥ ਤੇਰੇ ਗੁਣ ਕਹਾ ਮੈ ਕਹਣੁ ਨ ਜਾਈ ॥ ਅੰਤੁ ਨ ਪਾਰਾ ਕੀਮਤਿ ਨਹੀਂ ਪਾਈ ॥ ਆਪੇ ਦਇਆ ਕਰੇ ਸੁਖ ਦਾਤਾ, ਗੁਣ ਮਹਿ ਗੁਣੀ ਸਮਾਇਆ ॥੫॥ ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨੁਮੁਖੁ ਅਗਿਆਨੀ ਅੰਧੁ ਅੰਧਾਰਾ ॥ ਧੰਧੈ ਧਾਵਤੁ ਜਨਮੁ ਗਵਾਇਆ, ਬਿਨੁ ਨਾਵੈ ਦੁਖੁ ਪਾਇਆ ॥੬॥ ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ

ਪ੍ਰਭੂ! ਹੇ ਇੰਦਰੀਆਂ ਦੀ ਪਹੁੰਚ ਤੋਂ ਪਰੇ ਵੇਪ੍ਰਵਾਹ ਪ੍ਰਭੂ!। ਤੂੰ ਆਪ ਹੀ (ਸਾਰੇ ਜੀਵਾਂ ਉਤੇ) ਮੇਹਰ ਕਰਨ ਵਾਲਾ ਹੈਂ, ਅਗਮ ਅਤੇ ਅਥਾਹ ਹੈਂ। ਉਸ ਪ੍ਰਭੂ ਤੱਕ ਕੋਈ ਜੀਵ ਪਹੁੰਚ ਨਹੀਂ ਸਕਦਾ, (ਜਿਸ ਮਨੁੱਖ ਨੂੰ ਉਸ ਨੇ ਅਪਣੇ ਨਾਲ ਮਿਲਾਇਆ ਹੈ, ਉਸ ਨੂੰ) ਗੁਰੂ ਦੇ ਸ਼ਬਦ ਦੁਆਰਾ ਮਿਲਾਇਆ ਹੈ।੧। ਹੇ ਪ੍ਰਭੂ! ਜਿਹੜੇ ਮਨੁੱਖ ਤੈਨੂੰ ਸਿਮਰਦੇ ਹਨ, ਉਹ ਤੈਨੂੰ ਚੱਗੇ ਲਗਦੇ ਹਨ। (ਉਹ) ਗੁਰੂ ਦੇ ਸ਼ਬਦ ਦੁਆਰਾ ਤੇਰੇ ਸੱਚ ਸਰੂਪ ਵਿਚ ਸਮਾ ਜਾਂਦੇ ਹਨ। (ਉਹ) ਹਰ ਰੋਜ ਦਿਨ ਰਾਤ ਤੇਰੇ ਗੁਣ ਉਚਾਰਦੇ ਰਹਿੰਦੇ ਹਨ ਅਤੇ ਹੇ ਹਰੀ! (ਉਨ੍ਹਾਂ ਦੀ) ਜੀਭ ਨੂੰ ਤੇਰਾ ਨਾਮ ਰਸ ਚੰਗਾ ਲਗਦਾ ਹੈ।੨। (ਹੇ ਭਾਈ! ਜੋ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦੇ ਹਨ, ਉਹ ਅਪਣੀ ਮੌਤ ਨੂੰ ਸਵਾਰ ਲੈਂਦੇ ਹਨ (ਬੁਰੀ ਮੌਤ ਨਹੀਂ ਮਰਦੇ, ਮਰਨ ਵੇਲੇ ਦੁਖ ਨਹੀਂ ਹੁੰਦਾ)। ਉਹ ਹਰੀ ਦੇ ਗੁਣ ਅਪਣੇ ਧੁਰ ਹਿਰਦੇ ਵਿਚ ਟਿਕਾਈ ਰੱਖਦੇ ਹਨ। (ਉਨ੍ਹਾਂ ਦਾ) ਮਨੁੱਖਾ ਜਨਮ ਸਫਲ ਹੈ, (ਕਿਉਂਕਿ ਉਹ) ਹਰੀ ਦੇ ਚਰਨੀਂ ਲੱਗੇ ਹੋਏ ਹਨ ਅਤੇ (ਉਨ੍ਹਾਂ ਨੇ ਅਪਣੇ ਅੰਦਰੋਂ) ਦ੍ਵੈਤ ਭਾਵ ਵੀ ਦੂਰ ਕਰ ਦਿਤਾ ਹੈ।੩। (ਜੋ ਪੁਰਖ) ਪੂਜਨੀਕ ਹਰੀ ਨੇ (ਸਾਧ ਸੰਗਤ) ਮੇਲੇ ਹਨ, (ਉਨ੍ਹਾਂ ਨੂੰ ਫਿਰ) ਹਰੀ ਨੇ ਆਪ ਹੀ ਅਪਣੇ ਨਾਲ ਮਿਲਾ ਲਿਆ ਹੈ। (ਕਿਉਂਕਿ ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ ਆਪਾ ਭਾਵ ਗਵਾ ਲਿਆ ਹੈ। (ਉਹ) ਹਰ ਰੋਜ ਹਰੀ ਦੀ ਭਗਤੀ ਵਿਚ ਰੰਗੇ ਰਹਿੰਦੇ ਹਨ, (ਉਨ੍ਹਾਂ ਨੇ) ਇਸ ਜਗਤ ਵਿਚ (ਮਨੁੱਖਾ ਜਨਮ ਦਾ) ਲਾਭ ਪ੍ਰਾਪਤ ਕਰ ਲਿਆ ਹੈ।੪। ਹੇ ਪ੍ਰਭੂ! ਮੈਂ ਤੇਰੇ ਗੁਣ ਕਥਨ ਤਾਂ ਕਰਦਾ ਹਾਂ, (ਪਰ ਤੇਰੇ ਸਾਰੇ ਗੁਣ) ਮੈਥੋਂ ਕਥਨ ਨਹੀਂ ਕੀਤੇ ਜਾ ਸਕਦੇ। (ਕਿਉਂਕਿ ਤੇਰੇ) ਪਾਰਲੇ ਪਾਸੇ ਦਾ ਕੋਈ ਅੰਤ ਨਹੀਂ ਅਤੇ ਨਾ ਹੀ (ਤੇਰੀ) ਕੀਮਤ ਪਾਈ ਜਾ ਸਕਦੀ ਹੈ। (ਹੇ ਭਾਈ!) ਸੁੱਖਾਂ ਦਾ ਦਾਤਾ ਪ੍ਰਭੂ ਜੇ ਆਪ ਹੀ ਦਇਆ ਕਰੇ, ਤਾਂ ਗੁਣਾਂ ਵਾਲਾ ਪ੍ਰਭੂ ਅਪਣੇ ਗੁਣਾਂ ਵਿਚ ਸਮਾਇਆ ਦਿਸ ਪੈਂਦਾ ਹੈ (ਸ਼ਬਦਾਰਥ); ਗੁਣ ਗਾਉਣ ਵਾਲੇ ਮਨੁੱਖ ਨੂੰ ਅਪਣੇ ਗੁਣਾਂ ਵਿਚ ਲੀਨ ਕਰ ਲੈਂਦਾ ਹੈ (ਦਰਪਣ)।੫। (ਹੇ ਭਾਈ!) ਇਸ ਜਗਤ ਵਿਚ (ਸਾਰੇ ਪਾਸੇ) ਮੋਹ ਪਸਰਿਆ ਹੋਇਆ ਹੈ। ਮਨਮੁਖ ਅਗਿਆਨੀ ਮੋਹ ਦੇ ਹਨ੍ਹੇਰੇ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ। (ਉਸ ਨੇ) ਧੰਧਿਆਂ ਵਿਚ ਦੌੜਦਿਆਂ ਅਪਣਾ ਜਨਮ ਨਿਸਫਲ ਗਵਾ ਲਿਆ ਹੈ ਅਤੇ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਦੁਖ ਪਾਇਆ ਹੈ।੬।

ਪਦਾਰਥ = ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!। ਅਗੋਚਰ–ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਆਪੇ–ਆਪ ਹੀ। ਅਥਾਹੇ–ਬਹੁਤ ਡੂੰਘਾ। ਅਪੜਿ ਨ ਸਕੈ–ਪਹੁੰਚ ਨਹੀਂ ਸਕਦਾ। ਤਿਸ ਨੋ–ਉਸ (ਪ੍ਰਭੂ) ਤੱਕ। ਸਬਦੀ–ਸ਼ਬਦ ਦੁਆਰਾ।੧। ਤੁਧੁ ਨੋ–ਤੈਨੂੰ। ਸੇਵਹਿ–ਸਿਮਰਦੇ ਹਨ। ਤੁਧੁ ਭਾਵਹਿ–ਤੈਨੂੰ ਚੰਗੇ ਲਗਦੇ ਹਨ। ਸਬਦੇ–ਸ਼ਬਦ ਦੁਅਰਾ। ਸਚਿ–ਸੱਚੇ ਨਾਮ ਵਿਚ। ਸਮਾਵਹਿ–ਲੀਨ ਰਹਿੰਦੇ ਹਨ। ਅਨਦਿਨੁ–ਹਰ ਰੋਜ। ਰਵਹਿ–ਉਚਾਰਦੇ ਹਨ। ਰਾਤੀ–ਰਾਤ। ਰਸਨਾ–ਜੀਭ। ਰਸੁ–ਸੁਆਦ। ਭਾਇਆ–ਚੰਗਾ ਲਗਦਾ ਹੈ।੨। ਸਬਦਿ–ਸ਼ਬਦ ਦੁਆਰਾ। ਮਰਹਿ–(ਆਪਾ ਭਾਵ ਤੋਂ) ਮਰਦੇ ਹਨ। ਸੇ–ਉਹ (ਮਨੁੱਖ)। ਮਰਣੁ–ਮੌਤ ਨੂੰ। ਸਵਾਰਹਿ–ਸਵਾਰ ਲੈਂਦੇ ਹਨ। ਹਿਰਦੈ ਉਰ–ਧੁਰ ਹਿਰਦੇ ਵਿਚ। ਧਾਰਹਿ–ਟਿਕਾਈ ਰੱਖਦੇ ਹਨ। ਦੂਜਾ ਭਾਉ–ਦ੍ਵੈਤ ਭਾਵ। ਚੁਕਾਇਆ–ਦੂਰ ਕਰ ਦਿਤਾ ਹੈ।੩। ਆਪਿ–ਆਪ ਹੀ। ਆਪੁ–ਆਪਾ ਭਾਵ। ਗਵਾਏ–ਗਵਾ ਲਿਆ ਹੈ। ਰਾਤੇ–ਰੰਗੇ ਰਹਿੰਦੇ ਹਨ। ਜਗ ਮਹਿ–ਜਗਤ ਵਿਚ। ਲਾਹਾ–ਲਾਭ।੪। ਕਹਾ–ਕਥਨ ਕਰਾਂ। ਕਹਣੁ ਨ ਜਾਈ–ਕਥਨ ਨਹੀਂ ਕੀਤੇ ਜਾ ਸਕਦੇ। ਪਾਰਾ–ਪਾਰਲਾ ਪਾਸਾ। ਗੁਣ ਮਹਿ–ਗੁਣਾਂ ਵਿਚ। ਗੁਣੀ–ਗੁਣਾਂ ਦਾ ਮਾਲਕ ਪ੍ਰਭੂ। ਸਮਾਇਆ–ਮਿਲਿਆ ਹੋਇਆ।੫। ਪਾਸਾਰਾ–ਪਸਰਿਆ ਹੈ। ਮਨਮੁਖੁ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਅੰਧੁ–ਅੰਨ੍ਹਾ। ਅੰਧਾਰਾ–ਹਨ੍ਹੇਰੇ ਵਿਚ। ਧੰਧੈ–ਧੰਧਿਆਂ ਵਿਚ। ਧਾਵਤੁ–ਦੌੜਦਿਆਂ।੬।

ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥ ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ,ਅਗਿਆਨੁ ਅੰਧੇਰੁ ਗਵਾਇਆ ॥੭॥ ਤੇਰੇ ਨਾਮ ਅਨੇਕ ਕੀਮਤਿ ਨਹੀਂ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥ ਕੀਮਤਿ ਕਉਣੁ ਕਰੇ ਪ੍ਰਭ ਤੇਰੀ, ਤੂ ਆਪੇ ਸਹਜਿ ਸਮਾਇਆ ॥੮॥ ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥ ਆਪੇ ਤੋਲੇ ਤੋਲਿ ਤੋਲਾਏ, ਗੁਰ ਸਬਦੀ ਮੇਲਿ ਤੋਲਾਇਆ ॥੯॥ ਸੇਵਕ ਸੇਵਹਿ ਕਰਹਿ ਅਰਦਾਸਿ ॥ ਤੂ ਆਪੇ ਮੇਲਿ ਬਹਾਲਹਿ ਪਾਸਿ ॥ ਸਭਨਾ ਜੀਆ ਕਾ ਸੁਖ ਦਾਤਾ, ਪੂਰੈ ਕਰਮਿ ਧਿਆਇਆ ॥੧੦॥ ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥ ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥ ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ, ਹਰਿ ਜੀਉ ਮੇਰੇ ਭਾਇਆ ॥੧੧॥ (ਹੇ ਭਾਈ! ਜੇ) ਪ੍ਰਭੂ ਦੀ ਮੇਹਰ ਹੋਵੇ, ਤਾਂ (ਮਨੁੱਖ ਨੂੰ) ਸਤਿਗੁਰੂ ਪ੍ਰਾਪਤ ਹੁੰਦਾ ਹੈ। (ਫਿਰ ਉਹ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਅੰਦਰੋਂ) ਹਉਮੈ ਦੀ ਮੈਲ ਜਲਾ ਦੇਂਦਾ ਹੈ। (ਉਸ ਦਾ) ਮਨ ਪਵਿਤ੍ਰ ਹੋ ਜਾਂਦਾ ਹੈ ਅਤੇ ਗੁਰੂ ਦਾ ਗਿਆਨ ਰੂਪ ਰਤਨ (ਉਸ ਦੇ ਹਿਰਦੇ ਵਿਚ) ਚਾਨਣ ਕਰ ਦੇਂਦਾ ਹੈ, (ਜਿਸ ਨਾਲ ਉਹ ਅਪਣੇ ਅੰਦਰੋਂ) ਅਗਿਆਨ ਦਾ ਹਨ੍ਹੇਰਾ ਦੂਰ ਕਰ ਲੈਂਦਾ ਹੈ।੭। (ਹੇ ਪ੍ਰਭੂ!) ਤੇਰੇ ਅਨੇਕਾਂ ਨਾਮ ਹਨ, (ਜਿਨ੍ਹਾਂ ਦੀ) ਕੀਮਤ ਨਹੀਂ ਪਾਈ ਜਾ ਸਕਦੀ (ਕਿਸੇ ਦੁਨਿਆਵੀ ਕੀਮਤ ਨਾਲ ਨਾਮ ਪ੍ਰਾਪਤ ਨਹੀਂ ਹੁੰਦਾ)। ਹੇ ਹਰੀ! (ਮੇਰੇ ਤੇ ਮਿਹਰ ਕਰ, ਤੇਰਾ) ਸੱਚਾ ਨਾਮ ਮੈਂ ਅਪਣੇ ਹਿਰਦੇ ਵਿਚ ਵਸਾਵਾਂ। ਹੇ ਪ੍ਰਭੂ! ਤੇਰੀ ਕੀਮਤ ਕੌਣ ਕਰ ਸਕਦਾ ਹੈ? (ਕੋਈ ਨਹੀਂ ਪਾ ਸਕਦਾ), ਤੂੰ ਆਪ ਸੁਭਾਵਕ ਹੀ ਸਭ ਜਗ੍ਹਾ ਸਮਾਇਆ (ਵਿਆਪਕ) ਹੈਂ; ਅਨੰਦ ਵਿਚ ਲੀਨ ਹੈਂ।੮। (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ ਦਾ ਨਾਮ ਅਮੋਲਕ ਹੈ। (ਇਸ ਨਾਮ ਨੂੰ) ਤੋਲਣ ਵਾਲਾ ਕੋਈ ਜੀਵ ਨਹੀਂ ਹੋਇਆ ਹੈ। (ਅਪਣੇ ਨਾਮ ਨੂੰ) ਪ੍ਰਭੂ ਆਪ ਹੀ ਤੋਲਦਾ

(ਵਿਚਾਰਦਾ) ਹੈ ਅਤੇ ਤੋਲ ਕੇ (ਗੁਰਮੁਖਾਂ ਪਾਸੋਂ) ਤੁਲਾਉਂਦਾ (ਵਿਚਾਰ ਕਰਾਉਂਦਾ) ਹੈ, ਗੁਰੂ ਦੇ ਸ਼ਬਦ ਦੁਆਰਾ (ਅਪਣੇ ਨਾਲ ਗੁਰਮੁਖਾਂ ਨੂੰ) ਮੇਲ ਕੇ (ਨਾਮ ਦਾ) ਤੋਲ (ਵਿਚਾਰ) ਕਰਾਉਂਦਾ ਹੈ।੯।(ਹੇ ਪ੍ਰਭੂ! ਤੇਰੇ) ਸੇਵਕ ਤੇਰੀ ਸੇਵਾ ਭਗਤੀ ਕਰਦੇ ਹਨ ਅਤੇ (ਤੇਰੇ ਅੱਗੇ) ਅਰਦਾਸ ਕਰਦੇ ਹਨ।ਤੂੰ ਆਪ ਹੀ (ਉਨ੍ਹਾਂ ਨੂੰ ਅਪਣੇ ਨਾਲ) ਮੇਲ ਕੇ ਅਪਣੇ ਪਾਸ ਬਿਠਾਉਂਦਾ ਹੈਂ।ਤੂੰ ਸਾਰੇ ਜੀਵਾਂ ਦਾ ਸੁਖ ਦਾਤਾ ਹੈਂ, ਤੇਰੀ ਪੂਰੀ ਮੇਹਰ ਨਾਲ ਹੀ (ਸੇਵਕਾਂ ਨੇ ਤੈਨੂੰ) ਸਿਮਰਿਆ ਹੈ।੧੦।(ਜਿਹੜਾ ਮਨੁੱਖ) ਪ੍ਰਭੂ ਦੇ ਸੱਚੇ ਨਾਮ ਦੀ ਕਮਾਈ ਕਰਦਾ ਹੈ, ਜਤ ਸਤ ਤੇ ਸੰਜਮ ਆਦਿ ਸਾਧਨ (ਨਾਮ ਸਿਮਰਨ ਵਿਚ ਹੀ) ਆ ਜਾਂਦੇ ਹਨ।ਜਿਹੜਾ ਮਨੁੱਖ ਹਰੀ ਦੇ ਗੁਣ ਗੁਣ ਗਾਉਂਦਾ ਹੈ, (ਉਸ ਦਾ) ਮਨ ਪਵਿਤ੍ਰ ਹੋ ਜਾਂਦਾ ਹੈ।(ਉਸ ਨੂੰ) ਇਸ ਵਿਹੁ ਰੂਪ ਸੰਸਾਰ ਵਿਚ ਰਹਿੰਦਿਆਂ ਹਰੀ ਦਾ ਅੰਮ੍ਰਿਤ ਨਾਮ ਪ੍ਰਾਪਤ ਹੋ ਜਾਂਦਾ ਹੈ, (ਉਹ) ਮੇਰੇ ਹਰਿ ਜੀ ਨੂੰ ਚੰਗਾ ਲਗਦਾ ਹੈ।੧੧।

ਪਦਾਰਥ = ਕਰਮੁ–ਬਖਸ਼ਿਸ਼।ਤਾ–ਤਾਂ।ਪਾਏ–ਪ੍ਰਾਪਤ ਹੁੰਦਾ ਹੈ।ਸਬਦਿ–ਸ਼ਬਦ ਦੁਆਰਾ।ਜਲਾਏ–ਸਾੜ ਦੇਂਦਾ ਹੈ।ਨਿਰਮਲੁ–ਪਵਿਤ੍ਰ।ਅੰਧੇਰੁ–ਹਨ੍ਹੇਰਾ।ਗਵਾਇਆ–ਦੂਰ ਕਰ ਲੈਂਦਾ ਹੈ।੭।ਪਾਈ–ਪਾਈ ਜਾ ਸਕਦੀ।ਸਚਾ–ਸੱਚਾ।ਹਰਿ–ਹੇ ਹਰੀ!।ਵਸਾਈ–ਮੈਂ ਵਸਾਵਾਂ।ਹਿਰਦੈ–ਹਿਰਦੇ ਵਿਚ।ਪ੍ਰਭ–ਹੇ ਪ੍ਰਭੂ!।ਸਹਜਿ–ਸੁਭਾਵਕ ਹੀ; ਅਨੰਦ ਵਿਚ।ਸਮਾਇਆ–ਵਿਆਪਕ ਹੈ।੮।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ।ਅਪਾਰਾ–ਬੇਅੰਤ।ਕੋ–ਕੋਈ ਜੀਵ।ਤੋਲਣਹਾਰਾ–ਤੋਲਣ ਵਾਲਾ (ਨਾਮ ਇਤਨਾ ਅਮੋਲਕ ਹੈ ਕਿ ਇਸ ਦੀ ਕੀਮਤ ਪਾਉਣ ਵਾਲਾ ਕੋਈ ਨਹੀਂ)।ਆਪੇ–ਆਪ ਹੀ।ਤੋਲੇ–ਤੋਲਦਾ (ਵਿਚਾਰਦਾ ਹੈ; ਕਦਰ ਕਰਦਾ ਹੈ; ਪਰਖਦਾ ਹੈ)।ਤੋਲਿ–ਵਿਚਾਰ (ਪਰਖ ਕੇ)।ਤੋਲਾਏ–ਵਿਚਾਰ (ਜਾਂ ਪਰਖ) ਕਰਾਉਂਦਾ ਹੈ।ਸਬਦੀ–ਸ਼ਬਦ ਦੁਆਰਾ।ਮੇਲਿ–ਮਿਲਾ ਕੇ।ਤੋਲਾਇਆ–ਵਿਚਾਰ; ਕਦਰ; ਪਰਖ ਕਰਾਉਂਦਾ ਹੈ।੯।ਸੇਵਹਿ–ਸੇਵਾ ਭਗਤੀ ਕਰਦੇ ਹਨ।ਕਰਹਿ–ਕਰਦੇ ਹਨ।ਬਹਾਲਹਿ–ਬਿਠਾਉਂਦਾ ਹੈਂ।ਮੇਲਿ–ਮਿਲਾ ਕੇ।ਪੂਰੈ ਕਰਮਿ–ਪੂਰੀ ਮੇਹਰ ਨਾਲ; ਪੂਰੇ ਭਾਗਾਂ ਨਾਲ।੧੦।ਜਤੁ–ਕਾਮ ਵਾਸ਼ਨਾ ਨੂੰ ਰੋਕਣ ਦਾ ਜਤਨ।ਸਤੁ–ਸਤਵਾਦੀ ਜੀਵਨ।ਸੰਜਮੁ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ।ਜਿ–ਜਿਹੜਾ।ਸਚੁ ਕਮਾਵੈ–ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।ਬਿਖੁ ਮਹਿ–ਵਿਹੁ ਰੂਪ ਸੰਸਾਰ ਵਿਚ।ਭਾਇਆ–ਚੰਗਾ ਲਗਦਾ ਹੈ।੧੧।

ਜਿਸ ਨੋ ਬੁਝਾਏ ਸੋਈ ਬੂਝੈ ॥ ਹਰਿ ਗੁਣ ਗਾਵੈ ਅੰਦਰੁ ਸੂਝੈ ॥ ਹਉਮੈ ਮੇਰਾ ਠਾਕਿ ਰਹਾਏ, ਸਹਜੇ ਹੀ ਸਚੁ ਪਾਇਆ ॥੧੨॥ ਬਿਨੁ ਕਰਮਾ ਹੋਰ ਫਿਰੈ ਘਨੇਰੀ ॥ ਮਰਿ ਮਰਿ ਜੰਮੈ ਚੁਕੈ ਨ ਫੇਰੀ ॥ ਬਿਖੁ ਕਾ ਰਾਤਾ ਬਿਖੁ ਕਮਾਵੈ, ਸੁਖੁ ਨ ਕਬਹੂ ਪਾਇਆ ॥੧੩॥ ਬਹੁਤੇ ਭੇਖ ਕਰੇ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨੈ ਨ ਮਾਰੀ ॥ ਜੀਵਤੁ ਮਰੈ ਤਾ ਮੁਕਤਿ ਪਾਏ, ਸਚੈ ਨਾਇ ਸਮਾਇਆ ॥੧੪॥ ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥ ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ, ਹਉਮੈ ਮਾਰਿ ਸਮਾਇਆ ॥੧੫॥ (ਹੇ ਭਾਈ!) ਜਿਸ ਮਨੁੱਖ ਨੂੰ ਪ੍ਰਭੂ (ਰੁਹਾਨੀ) ਸਮਝ ਬਖਸ਼ਦਾ ਹੈ, ਉਹ ਹੀ ਸਮਝਦਾ ਹੈ।(ਉਹ) ਹਰੀ ਦੇ ਗੁਣ ਗਾਉਂਦਾ ਹੈ ਅਤੇ (ਉਸ ਦਾ) ਹਿਰਦਾ ਸੂਝ ਬੂਝ ਵਾਲਾ ਹੋ ਜਾਂਦਾ ਹੈ।(ਉਹ) ਹਉਮੈ ਤੇ ਮੇਰਾਪਣ ਨੂੰ ਰੋਕ ਰਖਦਾ ਹੈ, (ਇਸ ਤਰ੍ਹਾਂ ਉਸ ਨੇ) ਸੁਤੇ ਸਿਧ ਹੀ ਸੱਚੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ।੧੨।(ਹੇ ਭਾਈ!) ਚੰਗੇ ਭਾਗਾਂ ਤੋਂ ਬਿਨਾ ਹੋਰ ਬਹੁਤ ਦੁਨੀਆਂ ਭਟਕਦੀ ਫਿਰਦੀ ਹੈ।(ਦੁਨੀਆਂ) ਮਰ ਮਰ ਕੇ ਜੰਮਦੀ ਰਹਿੰਦੀ ਹੈ, (ਉਸ ਦੀ) ਆਵਾਗੌਣ ਦੀ ਫੇਰੀ ਮੁੱਕਦੀ ਨਹੀਂ।(ਪ੍ਰਭੂ ਦੇ ਨਾਮ ਨੂੰ ਛੱਡ ਕੇ) ਮਾਇਆ ਰੂਪ ਜਹਿਰ ਦਾ ਰੰਗਿਆ ਮਨੁੱਖ ਜਹਿਰ ਰੂਪ ਮਾਇਆ ਦੀ ਹੀ ਕਮਾਈ ਕਰਦਾ ਹੈ, (ਉਹ) ਕਦੇ ਵੀ ਆਤਮਕ ਸੁਖ ਨਹੀਂ ਪਾ ਸਕਦਾ।੧੩।(ਹੇ ਭਾਈ!) ਭੇਖਧਾਰੀ ਮਨੁੱਖ ਬਹੁਤੇ ਭੇਖ ਧਾਰਨ ਕਰਦਾ ਹੈ।(ਪਰ) ਗੁਰੂ ਦੇ ਸ਼ਬਦ ਤੋਂ ਬਿਨਾ ਕਿਸੇ ਮਨੁੱਖ ਨੇ ਵੀ (ਅਪਣੇ ਅੰਦਰੋਂ) ਹਉਮੈ ਨਹੀਂ ਮਾਰੀ।(ਜਦੋਂ ਮਨੁੱਖ) ਜੀਵਤ ਭਾਵ ਤੋਂ ਮਰਦਾ ਹੈ ਅਤੇ ਸੱਚੇ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ, ਤਦ (ਉਹ) ਮੁਕਤੀ ਪ੍ਰਾਪਤ ਕਰਦਾ ਹੈ।੧੪।(ਹੇ ਭਾਈ!) ਬੇਸਮਝੀ ਕਰਕੇ (ਪਦਾਰਥਾਂ ਦੀ) ਤ੍ਰਿਸ਼ਨਾ ਦੀ ਅੱਗ ਇਸ ਸਰੀਰ ਨੂੰ ਜਲਾਉਂਦੀ ਰਹਿੰਦੀ ਹੈ।(ਤ੍ਰਿਸ਼ਨਾ ਦੀ ਅੱਗ) ਉਸ ਮਨੁੱਖ ਦੀ ਬੁਝਦੀ ਹੈ, ਜਿਹੜਾ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ।(ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਅਪਣੇ ਅੰਦਰੋਂ) ਕ੍ਰੋਧ ਨੂੰ ਦੂਰ ਕਰ ਲੈਂਦਾ ਹੈ, (ਉਸ ਦਾ) ਸਰੀਰ ਤੇ ਮਨ ਸ਼ਾਂਤ ਰਹਿੰਦਾ ਹੈ, (ਉਹ) ਹਉਮੈ ਨੂੰ ਮਾਰ ਕੇ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ।੧੫।

ਅੰਗ ੧੦੬੮ = ਸਚਾ ਸਾਹਿਬੁ ਸਚੀ ਵਡਿਆਈ ॥ ਗੁਰ ਪਰਸਾਦੀ ਵਿਰਲੈ ਪਾਈ ॥ ਨਾਨਕੁ ਏਕ ਕਹੈ ਬੇਨੰਤੀ, ਨਾਮੇ ਨਾਮਿ ਸਮਾਇਆ ॥੧੬॥੧॥੨੩॥(ਹੇ ਭਾਈ! ਉਹ) ਮਾਲਕ ਸੱਚਾ ਹੈ ਅਤੇ (ਉਸ ਦੀ) ਵਡਿਆਈ ਵੀ ਸੱਚੀ ਹੈ।ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਨੇ (ਪ੍ਰਭੂ ਪਾਸੋਂ ਵਡਿਆਈ) ਪ੍ਰਾਪਤ ਕੀਤੀ ਹੈ।ਨਾਨਕ ਇਕ ਬੇਨਤੀ ਆਖਦਾ ਹੈ ਕਿ (ਜਿਸ ਨੇ ਵਡਿਆਈ ਪ੍ਰਾਪਤ ਕੀਤੀ ਹੈ, ਉਹ ਮਨੁੱਖ) ਪ੍ਰਭੂ ਦੇ ਨਾਮ ਸਿਮਰਨ ਦੁਆਰਾ ਨਾਮ ਵਾਲੇ ਪ੍ਰਭੂ ਵਿਚ ਲੀਨ ਹੋ ਗਿਆ ਹੈ।੧੬।੧।੨੩।

ਪਦਾਰਥ = ਜਿਸ ਨੋ–ਜਿਸ (ਮਨੁੱਖ) ਨੂੰ।ਬੁਝਾਏ–ਸਮਝ ਬਖਸ਼ਦਾ ਹੈ।ਸੋਈ–ਉਹ ਹੀ।ਬੂਝੈ–ਸਮਝਦਾ ਹੈ।ਅੰਦਰੁ–ਹਿਰਦਾ।ਸੂਝੈ–ਸੂਝ ਬੂਝ ਵਾਲਾ।ਮੇਰਾ–ਮਮਤਾ।ਠਾਕਿ ਰਹਾਏ–ਰੋਕ ਰੱਖਦਾ ਹੈ।ਸਹਜੇ ਹੀ–ਸੁਭਾਵਕ ਹੀ।ਸਚੁ–ਸੱਚੇ ਪ੍ਰਭੂ ਨੂੰ।੧੨।ਕਰਮਾ–ਚੰਗੇ ਭਾਗ; ਬਖਸ਼ਿਸ਼।ਫਿਰੈ–ਭਟਕਦੀ ਫਿਰਦੀ ਹੈ।ਘਨੇਰੀ–ਬਹੁਤ (ਦੁਨੀਆਂ)।ਮਰਿ ਮਰਿ–ਮਰ ਮਰ ਕੇ।ਜੰਮੈ–ਜੰਮਦੀ ਰਹਿੰਦੀ ਹੈ।ਚੁਕੈ

ਨ–ਮੁੱਕਦੀ ਨਹੀਂ। ਫੇਰੀ–ਜਨਮ ਮਰਨ ਦਾ ਗੇੜ। ਬਿਖ ਕਾ–ਮਾਇਆ ਰੂਪ ਜਹਿਰ ਦਾ। ਰਾਤਾ–ਰੰਗਿਆ ਹੋਇਆ। ਬਿਖੁ ਕਮਾਵੈ–ਜਹਿਰ ਰੂਪ ਮਾਇਆ ਹੀ ਕਮਾਉਂਦਾ ਹੈ। ਕਬਹੂ–ਕਦੇ ਵੀ। ੧੩। ਭੇਖਧਾਰੀ–ਸਾਧੂਆਂ ਵਾਲਾ ਭੇਖ ਧਾਰਨ ਵਾਲਾ ਮਨੁੱਖ। ਕਰੇ–ਕਰਦਾ ਹੈ। ਕਿਨੈ–ਕਿਸੇ ਨੇ ਵੀ। ਜੀਵਤ ਮਰੈ–ਜੀਵਤ ਭਾਵ ਤੋਂ ਮਰਦਾ ਹੈ। ਤਾ–ਤਾਂ; ਤਦ। ਸਚੈ ਨਾਇ–ਸੱਚੇ ਪ੍ਰਭੂ ਦੇ ਨਾਮ ਵਿਚ। ਸਮਾਇਆ –ਲੀਨ ਹੋਇਆ ਹੈ। ੧੪। ਅਗਿਆਨੁ–ਬੇਸਮਝੀ। ਤਨਹਿ–ਸਰੀਰ ਨੂੰ। ਜਲਾਏ–ਸਾੜਦੀ ਹੈ। ਤਿਸ ਦੀ–ਉਸ (ਮਨੁੱਖ) ਦੀ। ਬੁਝੈ–ਬੁਝ ਜਾਂਦੀ ਹੈ। ਜਿ–ਜਿਹੜਾ। ਤਨੁ–ਸਰੀਰ। ਸੀਤਲੁ–ਠੰਢਾ; ਸ਼ਾਂਤ। ਨਿਵਾਰੇ–ਦੂਰ ਕਰਦਾ ਹੈ। ਮਾਰਿ–ਮਾਰ ਕੇ। ਸਮਾਇਆ–ਲੀਨ ਰਹਿੰਦਾ ਹੈ। ੧੫। ਸਚਾ ਸਾਹਿਬੁ–ਮਾਲਕ ਸੱਚਾ ਹੈ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਵਿਰਲੈ ਪਾਈ–ਵਿਰਲੇ ਮਨੁੱਖ ਨੇ ਪ੍ਰਾਪਤ ਕੀਤੀ ਹੈ। ਨਾਮੇ–ਨਾਮ ਸਿਮਰਨ ਦੁਆਰਾ। ਨਾਮਿ–ਨਾਮ ਵਾਲੇ ਪ੍ਰਭੂ ਵਿਚ। ੧੬। ੧। ੨੩।

ਮਾਰੂ ਮਹਲਾ ੩ ॥ ਨਦਰੀ ਭਗਤਾ ਲੈਹੁ ਮਿਲਾਏ ॥ ਭਗਤ ਸਲਾਹਨਿ ਸਦਾ ਲਿਵ ਲਾਏ ॥ ਤਉ ਸਰਣਾਈ ਉਬਰਹਿ ਕਰਤੇ, ਆਪੇ ਮੇਲਿ ਮਿਲਾਇਆ ॥੧॥ ਪੂਰੈ ਸਬਦਿ ਭਗਤਿ ਸੁਹਾਈ ॥ ਅੰਤਰਿ ਸੁਖੁ ਤੇਰੈ ਮਨਿ ਭਾਈ ॥ ਮਨੁ ਤਨੁ ਸਚੀ ਭਗਤੀ ਰਾਤਾ, ਸਚੇ ਸਿਉ ਚਿਤੁ ਲਾਇਆ ॥੨॥ ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥ ਅੰਤਰਿ ਅਗਿਆਨੁ ਸਬਦਿ ਬੁਝਾਏ, ਸਤਿਗੁਰ ਤੇ ਸੁਖੁ ਪਾਇਆ ॥੩॥ ਮਨਮੁਖ ਅੰਧਾ ਅੰਧੁ ਕਮਾਏ ॥ ਬਹੁ ਸੰਕਟ ਜੋਨੀ ਭਰਮਾਏ ॥ ਜਮ ਕਾ ਜੇਵੜਾ ਕਦੇ ਨ ਕਾਟੈ, ਅੰਤੇ ਬਹੁ ਦੁਖੁ ਪਾਇਆ ॥੪॥ ਆਵਣ ਜਾਣਾ ਸਬਦਿ ਨਿਵਾਰੇ ॥ ਸਚੁ ਨਾਮੁ ਰਖੈ ਉਰ ਧਾਰੇ ॥ ਗੁਰ ਕੈ ਸਬਦਿ ਮਰੈ ਮਨੁ ਮਾਰੇ, ਹਉਮੈ ਜਾਇ ਸਮਾਇਆ ॥੫॥ ਆਵਣ ਜਾਣੈ ਪਰਜ ਵਿਗੋਈ ॥ ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥ ਅੰਤਰਿ ਜੋਤਿ ਸਬਦਿ ਸੁਖੁ ਵਸਿਆ, ਜੋਤੀ ਜੋਤਿ ਮਿਲਾਇਆ ॥੬॥(ਹੇ ਪ੍ਰਭੂ!) ਤੂੰ ਮੇਹਰ ਦੀ ਨਜਰ ਕਰਕੇ ਅਪਣੇ ਭਗਤਾਂ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈਂ। (ਕਿਉਂਕਿ ਉਹ) ਭਗਤ ਸਦਾ ਹੀ ਲਿਵ ਲਾ ਕੇ ਤੇਰੀ ਸਿਫਤ ਸਲਾਹ ਕਰਦੇ ਹਨ। ਹੇ ਕਰਤਾਰ! (ਜਿਹੜੇ ਪੁਰਖ) ਤੇਰੀ ਸਰਣ ਵਿਚ ਆਉਂਦੇ ਹਨ, (ਉਹ ਮਾਇਆ ਦੇ ਮੋਹ ਤੋਂ) ਬਚ ਜਾਂਦੇ ਹਨ, (ਤੂੰ ਉਨ੍ਹਾਂ ਨੂੰ) ਆਪ ਹੀ ਗੁਰੂ ਨਾਲ ਮਿਲਾ ਕੇ (ਅਪਣੇ ਨਾਲ) ਮਿਲਾ ਲੈਂਦਾ ਹੈਂ। ੧। (ਹੇ ਪ੍ਰਭੂ!) ਪੂਰੇ ਗੁਰੂ ਦੇ ਸ਼ਬਦ ਦੁਆਰਾ ਕੀਤੀ ਭਗਤੀ ਤੈਨੂੰ ਸੋਹਣੀ ਲਗਦੀ ਹੈ। (ਭਗਤੀ ਕਰਨ ਨਾਲ ਮਨੁੱਖ ਦੇ) ਹਿਰਦੇ ਅੰਦਰ ਸੁਖ ਹੁੰਦਾ ਹੈ, ਹੇ ਪ੍ਰਭੂ! (ਭਗਤੀ ਕਰਨੀ) ਤੇਰੇ ਮਨ ਵਿਚ ਚੰਗੀ ਲਗਦੀ ਹੈ। (ਜਿਸ ਮਨੁੱਖ ਦਾ) ਮਨ ਤੇ ਸਰੀਰ ਸੱਚੀ ਭਗਤੀ ਵਿਚ ਰੰਗਿਆ ਹੋਇਆ ਹੈ, (ਉਸ ਨੇ) ਸੱਚੇ ਪ੍ਰਭੂ ਨਾਲ ਅਪਣਾ ਚਿੱਤ ਲਾਇਆ ਹੈ। ੨। (ਹੇ ਭਾਈ! ਭਗਤੀ ਹੀਣ ਮਨੁੱਖ ਦਾ) ਸਰੀਰ ਸਦਾ ਹਉਮੈ ਦੀ ਅੱਗ ਵਿਚ ਜਲਦਾ ਰਹਿੰਦਾ ਹੈ। (ਜਿਸ ਮਨੁੱਖ ਉਤੇ) ਪ੍ਰਭੂ ਦੀ ਬਖਸ਼ਿਸ਼ ਹੋਵੇ, (ਉਸ ਨੂੰ) ਪੂਰਾ ਗੁਰੂ ਮਿਲਦਾ ਹੈ। (ਉਸ ਦੇ) ਅੰਦਰ ਜੋ ਅਗਿਆਨ ਹੈ, (ਇਸ ਨੂੰ ਉਹ) ਗੁਰੂ ਦੇ ਸ਼ਬਦ ਦੁਆਰਾ ਦੂਰ ਕਰਕੇ (ਹਉਮੈ ਦੀ ਅੱਗ ਨੂੰ) ਬੁਝਾ ਲੈਂਦਾ ਹੈ, (ਇਉਂ ਉਸ ਨੇ) ਸਤਿਗੁਰੂ ਤੋਂ ਆਤਮਕ ਸੁਖ ਪ੍ਰਾਪਤ ਕਰ ਲਿਆ ਹੈ। ੩। (ਹੇ ਭਾਈ! ਮਾਇਆ ਦੇ ਮੋਹ ਵਿਚ) ਅੰਨ੍ਹਾ ਹੋਇਆ ਮਨੁੱਮੁਖ ਅੰਨ੍ਹਿਆਂ ਵਾਂਗ ਕੰਮ ਕਰਦਾ ਹੈ। (ਜਿਸ ਕਰਕੇ ਉਹ) ਜੋਨੀਆਂ ਵਿਚ ਭਟਕਦਾ ਬਹੁਤ ਕਸ਼ਟ ਭੋਗਦਾ ਹੈ। (ਉਹ ਅਪਣੇ ਗਲ ਵਿਚੋਂ) ਜਮ ਦਾ ਫਾਹਾ ਕਦੇ ਕੱਟ ਨਹੀਂ ਸਕਦਾ, (ਇਸ ਲਈ ਉਹ) ਅੰਤ ਸਮੇਂ ਬਹੁਤ ਦੁਖ ਪਾਉਂਦਾ ਹੈ। ੪। (ਹੇ ਭਾਈ! ਜਿਹੜਾ ਮਨੁੱਖ ਅਪਣੇ) ਹਿਰਦੇ ਵਿਚ ਪ੍ਰਭੂ ਦਾ ਸੱਚਾ ਨਾਮ ਧਾਰਨ ਕਰੀ ਰੱਖਦਾ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਜੰਮਣਾ ਮਰਨਾ ਦੂਰ ਕਰ ਲੈਂਦਾ ਹੈ। (ਅਤੇ ਉਹ) ਗੁਰੂ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰ ਜਾਂਦਾ ਹੈ, ਮਨ ਨੂੰ ਵੀ ਮਾਰ ਲੈਂਦਾ ਹੈ, (ਉਸ ਦੀ) ਹਉਮੈ ਦੂਰ ਹੋ ਜਾਂਦੀ ਹੈ ਅਤੇ (ਉਹ) ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ੫। (ਹੇ ਭਾਈ!) ਜੰਮਣ ਮਰਨ ਦੇ ਗੇੜ ਵਿਚ ਪਰਜਾ ਖੁਆਰ ਹੋਈ ਰਹਿੰਦੀ ਹੈ। ਸਤਿਗੁਰੂ ਦੇ ਉਪਦੇਸ਼ ਤੋਂ ਬਿਨਾ ਕੋਈ ਵੀ ਮਨੁੱਖ ਸਥਿਰ ਨਹੀਂ ਹੋ ਸਕਦਾ। ਗੁਰੂ ਦੇ ਸ਼ਬਦ ਰਾਹੀਂ (ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਦੀ ਜੋਤ ਪ੍ਰਗਟ ਹੁੰਦੀ ਹੈ, (ਉਸ ਦੇ ਅੰਦਰ) ਆਤਮਕ ਸੁਖ ਆ ਵਸਿਆ ਹੈ, (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤਿ ਵਿਚ ਮਿਲ ਜਾਂਦੀ ਹੈ। ੬।

ਪਦਾਰਥ = ਨਦਰੀ–ਮੇਹਰ ਦੀ ਨਜਰ ਕਰਕੇ। ਲੈਹੁ ਮਿਲਾਏ–ਮਿਲਾ ਲੈਂਦਾ ਹੈਂ। ਸਲਾਹਨਿ–ਸਿਫਤ ਸਲਾਹ ਕਰਦੇ ਹਨ। ਲਿਵ ਲਾਏ–ਸੁਰਤ ਜੋੜ ਕੇ। ਤਉ–ਤੇਰੀ। ਉਬਰਹਿ–ਬਚ ਜਾਂਦੇ ਹਨ। ਕਰਤੇ–ਹੇ ਕਰਤਾਰ!। ਮੇਲਿ–(ਗੁਰੂ ਨਾਲ) ਮਿਲਾ ਕੇ। ੧। ਪੂਰੈ ਸਬਦਿ–ਪੂਰੇ ਗੁਰੂ ਦੇ ਸ਼ਬਦ ਰਾਹੀਂ। ਸੁਹਾਈ–ਸੋਹਣੀ ਲਗਦੀ ਹੈ। ਅੰਤਰਿ–ਹਿਰਦੇ ਅੰਦਰ। ਮਨਿ–ਮਨ ਵਿਚ। ਭਾਈ–ਚੰਗੀ ਲਗਦੀ ਹੈ। ਤਨੁ–ਸਰੀਰ। ਰਾਤਾ–ਰੰਗਿਆ ਹੈ। ਸਚੇ ਸਿਉ–ਸੱਚੇ ਪ੍ਰਭੂ ਨਾਲ। ੨। ਸਦ–ਸਦਾ। ਜਲੈ–ਸੜਦਾ ਹੈ। ਕਰਮੁ–ਬਖਸ਼ਿਸ਼। ਭੇਟੇ–ਮਿਲ ਜਾਂਦਾ ਹੈ। ਬੁਝਾਏ–ਬੁਝਾ (ਸ਼ਾਂਤ ਕਰ) ਲੈਂਦਾ ਹੈ। ਤੇ–ਤੋਂ। ੩। ਮਨਮੁਖੁ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਅੰਧਾ–ਅੰਨ੍ਹਾ। ਅੰਧੁ ਕਮਾਏ–ਅੰਨ੍ਹਿਆਂ ਵਾਂਗ ਕੰਮ ਕਰਦਾ ਹੈ। ਬਹੁ ਸੰਕਟ–ਬਹੁਤ ਕਸ਼ਟ। ਜੋਨੀ ਭਰਮਾਏ–ਜੋਨੀਆਂ ਵਿਚ ਭਟਕਦਾ ਹੈ। ਜੇਵੜਾ–ਫਾਹਾ। ਨ ਕਾਟੈ–ਕੱਟ ਨਹੀਂ ਸਕਦਾ। ਅੰਤੇ–ਅੰਤ ਸਮੇਂ। ੪। ਆਵਣ ਜਾਣਾ–ਜੰਮਣਾ ਮਰਨਾ। ਨਿਵਾਰੇ–ਦੂਰ ਕਰਦਾ ਹੈ। ਰਖੈ ਉਰ ਧਾਰੇ–ਹਿਰਦੇ ਵਿਚ ਟਿਕਾਈ ਰਖਦਾ ਹੈ। ਮਰੈ–ਜੀਵਤ ਭਾਵ ਤੋਂ ਮਰਦਾ ਹੈ। ਮਨੁ ਮਾਰੇ–ਮਨ ਨੂੰ ਮਾਰਦਾ ਹੈ (ਬੁਰਾ ਸੁਭਾਵ ਦੂਰ ਕਰਦਾ ਹੈ)। ਜਾਇ–ਦੂਰ ਹੋ ਜਾਂਦੀ ਹੈ। ਸਮਾਇਆ–ਲੀਨ ਹੋ ਜਾਂਦਾ ਹੈ। ੫। ਆਵਣ ਜਾਣੈ–ਜੰਮਣ ਮਰਨ ਵਿਚ। ਪਰਜ–ਪਰਜਾ। ਵਿਗੋਈ–ਖੁਆਰ ਹੁੰਦੀ

ਹੈ। ਥਿਰੁ–ਸਥਿਰ; ਕਾਇਮ। ਜੋਤੀ ਜੋਤਿ ਮਿਲਾਇਆ–ਮਨੁੱਖ ਦੀ ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਜਾਂਦੀ ਹੈ।੬।
ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥ ਸਤਿਗੁਰੁ ਸੇਵੇ ਤਾ ਮੁਕਤੁ ਹੋਵੈ, ਪੰਚ ਦੂਤ ਵਸਿ ਆਇਆ ॥੭ ॥ ਬਾਝੁ ਗੁਰੂ ਹੈ ਮੋਹੁ ਗੁਬਾਰਾ ॥ ਫਿਰਿ ਫਿਰਿ ਡੁਬੈ ਵਾਰੋ ਵਾਰਾ ॥ ਸਤਿਗੁਰ ਭੇਟੇ ਸਚੁ ਦ੍ਰਿੜਾਏ, ਸਚੁ ਨਾਮੁ ਮਨਿ ਭਾਇਆ ॥੮॥ ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥ ਸਚੀ ਧੁਨਿ ਸਚੇ ਗੁਣ ਗਾਵਾ, ਸਚੇ ਮਾਹਿ ਸਮਾਇਆ ॥੯॥ ਘਰੈ ਅੰਦਰਿ ਕੋ ਘਰੁ ਪਾਏ ॥ ਗੁਰ ਕੈ ਸਬਦੇ ਸਹਜਿ ਸੁਭਾਏ ॥ ਓਥੈ ਸੋਗੁ ਵਿਜੋਗੁ ਨ ਵਿਆਪੈ, ਸਹਜੇ ਸਹਜਿ ਸਮਾਇਆ ॥੧੦॥ ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥ ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ, ਦੁਖੋ ਦੁਖੁ ਕਮਾਇਆ ॥ ੧੧॥(ਹੇ ਭਾਈ!) ਪੰਜ ਕਾਮਾਦਿਕ ਦੂਤਾਂ ਦੇ ਪ੍ਰਭਾਵ ਕਰਕੇ ਜੀਵ ਵਿਕਾਰ ਚਿਤਵਦੇ ਰਹਿੰਦੇ ਹਨ। ਇਹ ਸਾਰਾ ਪਸਾਰਾ ਮਾਇਆ ਦੇ ਮੋਹ ਦਾ ਹੈ।(ਜੇ ਮਨੁੱਖ) ਸਤਿਗੁਰੂ ਦੀ ਸੇਵਾ ਕਰੇ, ਤਾਂ (ਉਹ ਇਨ੍ਹਾਂ ਤੋਂ) ਮੁਕਤ ਹੋ ਜਾਂਦਾ ਹੈ ਅਤੇ ਪੰਜ ਦੂਤ (ਉਸ ਦੇ) ਵਸ ਵਿਚ ਆ ਜਾਂਦੇ ਹਨ।੭।(ਹੇ ਭਾਈ!) ਗੁਰੂ ਦੇ ਉਪਦੇਸ਼ ਤੋਂ ਬਿਨਾ (ਜੀਵਨ ਵਿਚ) ਮੋਹ ਰੂਪ ਘੁੱਪ ਹਨ੍ਹੇਰਾ ਕਾਇਮ ਰਹਿੰਦਾ ਹੈ।(ਜਿਸ ਕਰਕੇ ਜੀਵ) ਮੁੜ ਮੁੜ ਬਾਰ ਬਾਰ (ਮੋਹ ਦੇ ਸਮੁੰਦਰ ਵਿਚ) ਡੁਬਦਾ ਹੈ।(ਜਿਸ ਮਨੁੱਖ ਨੂੰ) ਸਤਿਗੁਰੂ ਮਿਲ ਜਾਂਦਾ ਹੈ, (ਗੁਰੂ ਉਸ ਦੇ ਹਿਰਦੇ ਵਿਚ) ਸੱਚਾ ਨਾਮ ਦ੍ਰਿੜ ਕਰਾ ਦੇਂਦਾ ਹੈ, (ਫਿਰ ਉਸ ਮਨੁੱਖ ਦੇ) ਮਨ ਵਿਚ ਸੱਚਾ ਨਾਮ ਚੰਗਾ ਲੱਗਣ ਲਗ ਜਾਂਦਾ ਹੈ।੮। (ਹੇ ਭਾਈ!) ਪ੍ਰਭੂ ਦਾ ਸਤਸੰਗਤ ਰੂਪ ਦਰ ਸੱਚਾ ਹੈ ਅਤੇ (ਉਸ ਦਾ) ਦਰਬਾਰ ਵੀ ਸੱਚਾ ਹੈ।(ਜਿਹੜੇ ਮਨੁੱਖ) ਗੁਰੂ ਦੇ ਸ਼ਬਦਿ ਵਿਚ ਪਿਆਰ ਪਾ ਲੈਂਦੇ ਹਨ, (ਉਹ) ਸੱਚੇ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ।(ਜੇ ਮੇਰੇ ਉਤੇ ਪ੍ਰਭੂ ਦੀ ਮੇਹਰ ਹੋਵੇ ਤਾਂ) ਮੈਂ ਸੰਗੀਤ ਦੀ ਸੱਚੀ ਧੁਨ ਨਾਲ ਪ੍ਰਭੂ ਦੇ ਗੁਣ ਗਾਵਾਂ ਅਤੇ ਸੱਚੇ ਪ੍ਰਭੂ ਵਿਚ ਲੀਨ ਹੋਇਆ ਰਹਾਂ।੯।(ਹੇ ਭਾਈ! ਅੰਨਵੈ ਅੱਖਰ। ਜਿਹੜਾ) ਕੋਈ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਸਹਿਜ ਸੁਭਾਵਕ ਹੀ ਸਰੀਰ ਰੂਪ ਘਰ ਦੇ ਅੰਦਰ ਪ੍ਰਭੂ ਦਾ ਘਰ ਪ੍ਰਾਪਤ ਕਰ ਲੈਂਦਾ ਹੈ।(ਉਹ) ਸੁਭਾਵਕ ਹੀ ਅਡੋਲ ਅਵਸਥਾ ਵਿਚ ਸਮਾਇਆ ਰਹਿੰਦਾ ਹੈ, ਉਥੇ (ਅਡੋਲ ਅਵਸਥਾ ਵਿਚ) ਸੋਗ ਤੇ (ਪ੍ਰਭੂ ਦਾ) ਵਿਯੋਗ ਨਹੀਂ ਵਿਆਪਦਾ।੧੦।(ਹੇ ਭਾਈ!) ਇਕ ਪ੍ਰਭੂ ਨੂੰ ਛਡ ਕੇ ਕਿਸੇ ਦੂਜੇ ਦੇ ਪਿਆਰ ਵਿਚ ਦੁਸ਼ਟ ਮਨੁੱਖਾਂ ਦਾ ਵਾਸਾ ਹੈ।(ਉਹ) ਮਾਇਆ ਦਾ ਬਹੁਤਾ ਮੋਹ ਅਤੇ ਪਦਾਰਥਾਂ ਦੀ ਪਿਆਸ ਹੋਣ ਕਰਕੇ ਭਟਕਦੇ ਫਿਰਦੇ ਹਨ।(ਉਹ) ਖੋਟੀ ਸੰਗਤ ਵਿਚ ਬੈਠਦੇ ਹਨ, (ਜਿਸ ਕਰਕੇ) ਸਦਾ ਦੁਖ ਪਾਉਂਦੇ ਹਨ, (ਉਹ ਅਜੇਹੇ) ਕੰਮ ਕਰਦੇ ਹਨ (ਜਿਨ੍ਹਾਂ ਤੋਂ) ਨਿਰਾ ਦੁਖ ਹੀ ਦੁਖ ਮਿਲਦਾ ਹੈ।੧੧।
ਪਦਾਰਥ = ਪੰਚ ਦੂਤ–ਪੰਜ ਕਾਮਾਦਿਕ ਵੈਰੀ। ਚਿਤਵਹਿ–ਚਿਤਵਦੇ ਰਹਿੰਦੇ ਹਨ। ਪਸਾਰਾ–ਖਿਲਾਰਾ। ਸੇਵੇ–ਸੇਵਾ ਕਰੇ। ਤਾ–ਤਾਂ; ਤਦ। ਵਸਿ–ਵਸ ਵਿਚ।੭। ਬਾਝੁ–ਬਿਨਾ। ਗੁਬਾਰਾ–ਘੁੱਪ ਹਨ੍ਹੇਰਾ। ਫਿਰਿ ਫਿਰਿ–ਮੁੜ ਮੁੜ। ਵਾਰੋ ਵਾਰਾ–ਬਾਰ ਬਾਰ। ਭੇਟੇ–ਮਿਲ ਜਾਂਦਾ ਹੈ। ਸਚੁ–ਸੱਚਾ ਨਾਮ। ਦ੍ਰਿੜਾਏ–ਹਿਰਦੇ ਵਿਚ ਪੱਕਾ ਕਰ ਦੇਂਦਾ ਹੈ। ਮਨਿ–ਮਨ ਵਿਚ। ਭਾਇਆ–ਚੰਗਾ ਲਗਦਾ ਹੈ।੮। ਸਾਚਾ ਦਰ–ਸੱਚਾ ਦਰਵਾਜਾ। ਦਰਵਾਰਾ–ਦਰਬਾਰ। ਸੇਵਹਿ–ਸੇਵਾ ਭਗਤੀ ਕਰਦੇ ਹਨ। ਸਬਦਿ ਪਿਆਰਾ–ਸ਼ਬਦ ਵਿਚ ਪਿਆਰ ਪਾਉਂਦੇ ਹਨ। ਸਚੀ ਧੁਨਿ–ਸੰਗੀਤ ਦੀ ਸੱਚੀ ਸੁਰ ਨਾਲ। ਗਾਵਾ–ਮੈਂ ਗਾਵਾਂ। ਸਚੇ ਮਾਹਿ–ਸੱਚੇ ਪ੍ਰਭੂ ਵਿਚ। ਸਮਾਇਆ–ਲੀਨ ਹੋਇਆ ਰਹਾਂ।੯। ਘਰੈ ਅੰਦਰਿ–ਸਰੀਰ ਰੂਪ ਘਰ ਦੇ ਅੰਦਰ। ਕੋ–ਕੋਈ (ਵਿਰਲਾ ਮਨੁੱਖ)। ਘਰੁ–ਪ੍ਰਭੂ ਦਾ ਘਰ। ਪਾਏ–ਪ੍ਰਾਪਤ ਕਰਦਾ ਹੈ। ਕੈ ਸਬਦੇ–ਦੇ ਸ਼ਬਦ ਦੁਆਰਾ। ਸਹਜਿ ਸੁਭਾਏ–ਸਹਿਜ ਸੁਭਾਵਕ ਹੀ। ਓਥੈ–ਉਥੇ (ਅਡੋਲ ਅਵਸਥਾ ਵਿਚ)। ਵਿਜੋਗੁ–ਵਿਛੋੜਾ। ਸਹਜੇ ਸਹਜਿ–ਸੁਭਾਵਕ ਹੀ ਅਡੋਲ ਅਵਸਥਾ ਵਿਚ। ਸਮਾਇਆ–ਲੀਨ ਰਹਿੰਦਾ ਹੈ।੧੦। ਦੂਜੈ ਭਾਇ–ਕਿਸੇ ਦੂਜੇ ਦੇ ਪਿਆਰ ਵਿਚ। ਦੁਸਟਾ ਕਾ–ਭੈੜੇ ਕੰਮ ਕਰਨ ਵਾਲੇ ਮਨੁੱਖਾਂ ਦਾ। ਭਉਦੇ ਫਿਰਹਿ–ਭਟਕਦੇ ਫਿਰਦੇ ਹਨ। ਬਹੁ–ਬਹੁਤਾ। ਪਿਆਸਾ–ਰੁਚੀ; ਤ੍ਰਿਸ਼ਨਾ। ਕੁਸੰਗਤਿ–ਖੋਟੀ ਸੰਗਤ ਵਿਚ। ਬਹਹਿ–ਬੈਠਦੇ ਹਨ। ਪਾਵਹਿ–ਪਾਉਂਦੇ ਹਨ। ਦੁਖੋ ਦੁਖੁ–ਦੁੱਖ ਹੀ ਦੁੱਖ। ਕਮਾਇਆ–ਕੰਮ ਕਰਦੇ ਹਨ।੧੧।
ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ਸਹਜੇ ਗੁਣ ਰਵਹਿ ਦਿਨੁ ਰਾਤੀ, ਜੋਤੀ ਜੋਤਿ ਮਿਲਾਇਆ ॥੧੨॥ ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥ ਉਡਹਿ ਨ ਮੂਲੇ ਨ ਆਵਹਿ ਨ ਜਾਹੀ, ਨਿਜ ਘਰਿ ਵਾਸਾ ਪਾਇਆ ॥੧੩॥ ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥ ਆਪੇ ਕ੍ਰਿਪਾ ਕਰੇ ਸੁਖ ਦਾਤਾ, ਆਪੇ ਮੇਲਿ ਮਿਲਾਇਆ ॥੧੪॥ (ਹੇ ਭਾਈ!) ਸਤਿਗੁਰੂ ਤੋਂ ਬਿਨਾ ਚੰਗੀ ਸੰਗਤ ਪ੍ਰਾਪਤ ਨਹੀਂ ਹੁੰਦੀ; ਸਤਿਗੁਰੂ ਦੀ ਸੰਗਤ ਕੀਤੇ ਬਿਨਾ ਪ੍ਰਭੂ ਦਾ ਮਿਲਾਪ ਪ੍ਰਾਪਤ ਨਹੀਂ ਹੁੰਦਾ (ਮੇਰਾ ਵਿਚਾਰ)। ਗੁਰੂ ਦੇ ਸ਼ਬਦ ਤੋਂ ਬਿਨਾ ਕੋਈ (ਮਨੁੱਖ ਸੰਸਾਰ ਸਮੁੰਦਰ ਤੋਂ) ਪਾਰਲਾ ਕਿਨਾਰਾ ਪ੍ਰਾਪਤ ਨਹੀਂ ਕਰ ਸਕਦਾ।(ਜੋ ਮਨੁੱਖ) ਸੁਭਾਵਕ ਹੀ ਦਿਨ ਰਾਤ ਪ੍ਰਭੂ ਦੇ ਗੁਣ ਉਚਾਰਦੇ ਹਨ, (ਉਨ੍ਹਾਂ ਦੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਜਾਂਦੀ ਹੈ।੧੨।(ਹੇ ਭਾਈ!) ਸਰੀਰ ਇਕ ਬ੍ਰਿਛ ਹੈ, (ਇਸ ਸਰੀਰ) ਵਿਚ ਜੀਵ ਰੂਪ ਪੰਛੀ ਦਾ ਵਾਸਾ ਹੈ।(ਜਿਹੜੇ ਜੀਵ) ਨਾਮ ਅੰਮ੍ਰਿਤ ਚੁਗਦੇ ਹਨ ਅਤੇ ਗੁਰੂ ਦੇ ਸ਼ਬਦ ਵਿਚ ਨਿਵਾਸ ਕਰਦੇ ਹਨ।(ਉਹ) ਉੱਕਾ ਹੀ ਉਡਦੇ ਨਹੀਂ (ਜੀਵਾਤਮਾ ਜੂਨਾਂ ਵਿਚ ਭਟਕਦਾ ਨਹੀਂ, ਕਿਉਂਕਿ ਉਨ੍ਹਾਂ ਨੇ) ਅਪਣੇ ਅਸਲੀ ਘਰ ਵਿਚ ਵਾਸਾ ਪਾਇਆ ਹੈ, (ਇਸ ਕਰਕੇ ਉਹ ਮੁੜ ਕੇ) ਨਾ ਜੰਮਦੇ ਹਨ ਤੇ ਨਾ ਹੀ ਮਰਦੇ ਹਨ।੧੩।(ਜਿਹੜੇ ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰਦੇ ਹਨ ਅਤੇ (ਸ਼ਬਦ ਰਾਹੀਂ

ਅਪਣੇ) ਸਰੀਰ ਨੂੰ ਸੋਧ ਲੈਂਦੇ ਹਨ (ਵਿਕਾਰਾਂ ਤੋਂ ਬਚਾ ਕੇ ਪਵਿਤ੍ਰ ਕਰਦੇ ਹਨ।ਉਹ) ਮੋਹ ਦੀ ਠਗਬੂਟੀ ਨਹੀਂ ਖਾਂਦੇ ਅਤੇ ਭਰਮ ਨੂੰ ਦੂਰ ਕਰ ਲੈਂਦੇ ਹਨ।(ਉਨ੍ਹਾਂ ਉਤੇ) ਆਪ ਹੀ ਸੁਖਾਂ ਦਾ ਦਾਤਾ ਪ੍ਰਭੂ ਕ੍ਰਿਪਾ ਕਰਦਾ ਹੈ ਅਤੇ (ਉਨ੍ਹਾਂ ਨੂੰ) ਪ੍ਰਭੂ ਆਪ ਹੀ ਗੁਰੂ ਨਾਲ ਮੇਲ ਕੇ ਅਪਣਾ ਨਾਲ ਮਿਲਾ ਲੈਂਦਾ ਹੈ।੧੪।

ਅੰਗ ੧੦੬੯ = ਸਦ ਹੀ ਨੇੜੈ ਦੂਰਿ ਨ ਜਾਣਹੁ ॥ ਗੁਰ ਕੈ ਸਬਦਿ ਨਜੀਕਿ ਪਛਾਣਹੁ ॥ ਬਿਗਸੈ ਕਮਲੁ ਕਿਰਣਿ ਪਰਗਾਸੈ, ਪਰਗਟੁ ਕਰਿ ਦੇਖਾਇਆ ॥੧੫॥ ਆਪੇ ਕਰਤਾ ਸਚਾ ਸੋਈ ॥ ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥ ਨਾਨਕ ਨਾਮੁ ਮਿਲੈ ਵਡਿਆਈ, ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥(ਹੇ ਭਾਈ!) ਪ੍ਰਭੂ ਸਦਾ ਹੀ (ਸਭ ਜੀਵਾਂ ਦੇ) ਨੇੜੇ ਹੈ, (ਉਸ ਨੂੰ ਅਪਣੇ ਤੋਂ) ਦੂਰ ਨਾ ਜਾਣੋ।ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਨੂੰ) ਨੇੜੇ ਵਸਦਾ ਪਛਾਣੋ।(ਜਿਸ ਮਨੁੱਖ ਦੇ ਅੰਦਰ ਗੁਰੂ ਦੇ ਸ਼ਬਦ ਰੂਪ ਸੂਰਜ ਦੀ) ਕਿਰਣ ਚਾਨਣ ਕਰਦੀ ਹੈ, (ਉਸ ਦਾ) ਹਿਰਦਾ ਕਮਲ ਖਿੜ ਜਾਂਦਾ ਹੈ, (ਗੁਰੂ ਨੇ ਉਸ ਨੂੰ ਪ੍ਰਭੂ) ਪ੍ਰਗਟ ਕਰਕੇ ਦਿਖਾ ਦਿਤਾ ਹੈ।੧੫।(ਹੇ ਭਾਈ!) ਉਹ ਸੱਚਾ ਪ੍ਰਭੂ ਆਪ ਹੀ ਜਗਤ ਨੂੰ ਪੈਦਾ ਕਰਨ ਵਾਲਾ ਹੈ।ਉਹ ਆਪ ਹੀ (ਜੀਵਾਂ ਨੂੰ) ਮਾਰ ਕੇ ਜੀਵਨ ਦੇਂਦਾ ਹੈ, (ਉਸ ਤੋਂ ਬਿਨਾ ਮਰਨ ਵਾਲਾ ਤੇ ਜਿਵਾਲਣ ਵਾਲਾ) ਹੋਰ ਕੋਈ ਨਹੀਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਪ੍ਰਭੂ ਦਾ ਨਾਮ ਮਿਲ ਜਾਂਦਾ ਹੈ, (ਉਸ ਨੇ ਨਾਮ ਸਿਮਰ ਕੇ) ਆਪਾ ਭਾਵ ਦੂਰ ਕਰਕੇ ਆਤਮਕ ਸੁਖ ਪਾ ਲਿਆ ਹੈ, (ਜਿਸ ਕਰਕੇ ਉਸ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।੧੬।੨।੨੪।

ਪਦਾਰਥ = ਬਾਝਹੁ–ਬਿਨਾ।ਬਿਨੁ ਸਬਦੇ–ਸ਼ਬਦ ਤੋਂ ਬਿਨਾ।ਪਾਰੁ–(ਸੰਸਾਰ ਸਮੁੰਦਰ ਦਾ) ਪਾਰਲਾ ਕਿਨਾਰਾ।ਸਹਜੇ–ਸੁਭਾਵਕ ਹੀ। ਰਵਹਿ–ਉਚਾਰਦੇ ਹਨ।ਰਾਤੀ–ਰਾਤ।ਜੋਤੀ–ਪ੍ਰਭੂ ਦੀ ਜੋਤ ਵਿਚ।ਜੋਤਿ–ਮਨੁੱਖ ਦੀ ਆਤਮ ਜੋਤਿ।੧੨।ਕਾਇਆ–ਸਰੀਰ।ਬਿਰਖੁ–ਬ੍ਰਿਛ।ਪੰਖੀ–ਜੀਵਾਤਮਾ ਰੂਪ ਪੰਛੀ।ਉਡਹਿ ਨ–ਉਡਦਾ (ਭਟਕਦਾ) ਨਹੀਂ।ਮੂਲੇ–ਉੱਕਾ ਹੀ।ਨ ਆਵਹਿ–ਜੰਮਦੇ ਨਹੀਂ।ਨ ਜਾਹੀ–ਮਰਦੇ ਨਹੀਂ।ਨਿਜ ਘਰਿ–ਅਪਣੇ ਅਸਲੀ ਘਰ ਵਿਚ; ਪ੍ਰਭੂ ਦੇ ਚਰਨਾਂ ਵਿਚ।੧੩।ਸੋਧਹਿ–ਸੋਧਦੇ ਹਨ; ਪੜਤਾਲ ਕਰਦੇ ਹਨ। ਨਿਵਾਰਹਿ–ਦੂਰ ਕਰਦੇ ਹਨ।ਆਪੇ–ਆਪ ਹੀ।ਮੇਲਿ ਮਿਲਾਇਆ–ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।੧੪।ਸਦ ਹੀ–ਸਦਾ ਹੀ।ਕੈ ਸਬਦਿ–ਦੇ ਸ਼ਬਦ ਰਾਹੀਂ।ਨਜੀਕਿ–ਨਜਦੀਕ (ਨੇੜੇ)।ਬਿਗਸੈ–ਖਿੜ ਜਾਂਦਾ ਹੈ।ਕਮਲੁ–ਹਿਰਦਾ ਕਮਲ।ਪਰਗਾਸੈ –ਚਾਨਣ ਕਰਦੀ ਹੈ।ਕਰਿ–ਕਰਕੇ।੧੫।ਕਰਤਾ ਸਚਾ–ਜਗਤ ਨੂੰ ਪੈਦਾ ਕਰਨ ਵਾਲਾ ਸੱਚਾ ਪ੍ਰਭੂ।ਸੋਈ–ਉਹ ਹੀ।ਮਾਰਿ–ਮਾਰ ਕੇ। ਜੀਵਾਲੇ–ਜੀਵਨ ਦੇਂਦਾ ਹੈ।ਅਵਰੁ–ਹੋਰ।ਆਪੁ–ਆਪਾ ਭਾਵ।ਗਵਾਇ–ਦੂਰ ਕਰਕੇ।੧੬।੨।੨੪।

ਮੋਹ ਠਗਉਰੀ = ਮੋਹ ਬੇਹੋਸ਼ ਕਰਨ ਵਾਲੀ ਠਗਬੂਟੀ ਦੇ ਸਮਾਨ ਹੈ, ਮਨੁੱਖ ਦੀ ਹੋਸ਼ ਗੁਆ ਕੇ ਅਸਲੀਅਤ ਦੀ ਪਛਾਣ ਨਹੀਂ ਹੋਣ ਦਿੰਦਾ।ਠਗਮੂਰੀ ਰਾਹੀਆਂ ਨੂੰ ਬੇਹੋਸ਼ ਕਰਨ ਵਾਲੀ ਬੂਟੀ ਹੈ, ਜੋ ਰਾਹੀਆਂ ਨੂੰ ਠੱਗ ਲੋਕ ਪਿਲਾ ਕੇ ਲੁੱਟ ਲੈਂਦੇ ਹਨ।

ਮਾਰੂ ਸੋਲਹੇ ਮਹਲਾ ੪ ੴ ਸਤਿਗੁਰ ਪ੍ਰਸਾਦਿ ॥ ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥ ਗੁਰਮੁਖਿ ਸਚੁ ਵਸੈ ਘਟ ਅੰਤਰਿ, ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ, ਗੁਰ ਚਰਣੀ ਚਿਤੁ ਲਾਈ ਹੇ ॥੨॥ ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥ ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ, ਸਤਿਗੁਰ ਕੀ ਸੇਵਾ ਭਾਈ ਹੇ ॥੩॥ ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥ ਨਾਨਕ ਤਿਨ ਕੀ ਫਿਰਿ ਗਤਿ ਹੋਵੈ, ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥ ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥ ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ,ਰਖਿ ਲੇਵਹੁ ਗੁਰ ਸਰਣਾਈ ਹੇ ॥੫॥ ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥ ਤਹ ਅਨਹਦ ਸਬਦ ਵਜਹਿ ਧੁਨਿ ਬਾਣੀ, ਸਹਜੇ ਸਹਜਿ ਸਮਾਈ ਹੇ ॥੬॥ (ਹੇ ਭਾਈ!) ਸੱਚਾ ਪ੍ਰਭੂ ਆਪ (ਗੁਰਮੁਖਾਂ ਦਾ ਜੀਵਨ) ਸਵਾਰਨ ਵਾਲਾ ਹੈ।(ਗੁਰਮੁਖ ਨੂੰ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ) ਕੋਈ ਹੋਰ ਦੂਜਾ ਕੰਮ (ਜੋ ਪ੍ਰਭੂ ਤੋਂ ਦੂਰ ਲੈ ਜਾਵੇ) ਸੁੱਝਦਾ ਹੀ ਨਹੀਂ।ਗੁਰਮੁਖ ਦੇ ਹਿਰਦੇ ਅੰਦਰ ਸੱਚਾ ਪ੍ਰਭੂ ਵਸਦਾ ਹੈ, (ਉਹ) ਸੁਭਾਵਕ ਹੀ ਸੱਚੇ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ।੧।(ਹੇ ਭਾਈ! ਵੈਸੇ ਤਾਂ) ਸੱਚਾ ਪ੍ਰਭੂ ਸਾਰੇ ਜੀਵਾਂ ਦੇ ਮਨ ਵਿਚ ਵਸਦਾ ਹੈ।(ਪਰ ਜਿਹੜਾ ਮਨੁੱਖ) ਗੁਰੂ ਦੀ ਕਿਰਪਾ ਨਾਲ ਸਹਿਜ ਅਵਸਥਾ ਵਿਚ ਲੀਨ ਹੁੰਦਾ ਹੈ।(ਉਸ ਨੇ) ਗੁਰੂ ਨੂੰ ਯਾਦ ਕਰਦਿਆਂ ਸਦਾ ਰਹਿਣ ਵਾਲਾ ਆਤਮਕ ਸੁਖ ਪਾਇਆ ਹੈ ਅਤੇ (ਉਹ) ਗੁਰੂ ਦੇ ਚਰਨਾਂ ਵਿਚ ਅਪਣਾ ਚਿਤ ਲਾਈ ਰਖਦਾ ਹੈ।੨।(ਹੇ ਭਾਈ!) ਸਤਿਗੁਰੂ ਹੀ ਗਿਆਨ ਦੇਣ ਵਾਲਾ ਹੈ ਅਤੇ ਸਤਿਗੁਰੂ ਹੀ ਪੂਜਾ ਕਰਨ ਯੋਗ ਹਸਤੀ ਹੈ।(ਇਸ ਲਈ) ਮੈਂ ਸਤਿਗੁਰੂ ਦੀ ਹੀ ਸੇਵਾ ਕਰਦਾ ਹਾਂ, (ਕਿਉਂਕਿ ਗੁਰੂ ਵਰਗਾ) ਹੋਰ ਕੋਈ ਦੂਜਾ ਨਹੀਂ ਹੈ।ਮੈਂ ਅਮੋਲਕ ਨਾਮ ਧਨ ਸਤਿਗੁਰੂ ਤੋਂ ਹੀ ਪ੍ਰਾਪਤ ਕੀਤਾ ਹੈ, (ਇਸ ਲਈ ਮੈਨੂੰ) ਸਤਿਗੁਰੂ ਦੀ ਸੇਵਾ ਕਰਨੀ ਚੰਗੀ ਲੱਗੀ ਹੈ।੩।(ਹੇ ਭਾਈ!) ਜੋ ਮਨੁੱਖ ਸਤਿਗੁਰੂ ਦੀ ਸੇਵਾ ਤੋਂ ਬਿਨਾ ਦੂਜੇ ਪਾਸੇ ਲੱਗੇ ਹੋਏ ਹਨ।(ਉਹ) ਭਾਗ ਹੀਣ ਮਨੁੱਖ ਭਰਮ ਵਿਚ ਪੈ ਕੇ ਜੰਮਦੇ ਮਰਦੇ ਰਹਿੰਦੇ ਹਨ ਅਤੇ (ਬਾਰ ਬਾਰ ਜੰਮਦੇ) ਮਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਦੀ ਫਿਰ ਵੀ (ਜਨਮ ਮਰਨ ਤੋਂ) ਮੁਕਤੀ ਹੋ ਜਾਂਦੀ ਹੈ, ਜਿਹੜੇ

ਗੁਰੂ ਦੀ ਸ਼ਰਣ ਵਿਚ ਆ ਕੇ ਰਹਿੰਦੇ ਹਨ।੪।(ਹੇ ਭਾਈ! ਗੁਰੂ ਨਾਲ) ਗੁਰਮੁਖ ਦੀ ਪ੍ਰੀਤ ਸਦਾ ਹੀ ਸੱਚੀ ਹੁੰਦੀ ਹੈ।(ਇਸ ਲਈ) ਮੈਂ ਵੀ ਸਤਿਗੁਰੂ ਤੋਂ ਪ੍ਰਭੂ ਦਾ ਨਾਮ ਮੰਗਦਾ ਹਾਂ (ਜਿਸ ਨੂੰ ਪ੍ਰਾਪਤ ਕਰਕੇ ਹੋਰ ਕਿਸੇ ਪਾਸੋਂ ਕੁਛ) ਮੰਗਣਾ ਨਾ ਪਵੇ।ਹੇ ਹਰਿ ਜੀਉ! ਕ੍ਰਿਪਾ ਕਰਕੇ (ਮੇਰੇ ਤੇ) ਦਿਆਲੂ ਹੋਵੋ, ਮੈਨੂੰ ਗੁਰੂ ਦੀ ਸਰਣ ਵਿਚ ਰੱਖ ਲਵੋ ਜੀ।੫।(ਹੇ ਭਾਈ!) ਸਤਿਗੁਰੂ ਨੇ ਅੰਮ੍ਰਿਤ ਨਾਮ ਦਾ ਰਸ (ਮੇਰੇ ਹਿਰਦੇ ਵਿਚ) ਚੁਆ ਦਿਤਾ ਹੈ।ਆਤਮ ਮੰਡਲ ਵਿਚ ਪ੍ਰਭੂ ਪ੍ਰਗਟ ਹੋ ਆਇਆ ਹੈ।ਉਥੇ (ਆਤਮ ਮੰਡਲ ਵਿਚ) ਬਾਣੀ ਦੀ ਧੁਨੀ ਦੁਆਰਾ ਅਨਹਦ ਸ਼ਬਦ ਵਜਦੇ ਹਨ ਅਤੇ ਸੁਭਾਵਕ ਹੀ ਪੂਰਨ ਅਡੋਲ ਅਵਸਥਾ ਵਿਚ ਸਮਾਇ ਰਹੀਦਾ ਹੈ।੬।

ਪਦਾਰਥ = ਸਚਾ–ਸੱਚਾ ਪ੍ਰਭੂ।ਆਪਿ–ਆਪ ਹੀ।ਸਵਾਰਣਹਾਰਾ–ਜੀਵਨ ਨੂੰ ਸਵਾਰਨ ਵਾਲਾ।ਅਵਰ–ਹੋਰ ਕੋਈ।ਨ ਸੂਝਸਿ–ਸੁੱਝਦਾ ਨਹੀਂ।ਬੀਜੀ ਕਾਰਾ–ਦੂਜਾ ਕੰਮ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਘਟ ਅੰਤਰਿ–ਹਿਰਦੇ ਅੰਦਰ।ਸਹਜੇ–ਸੁਭਾਵਕ ਹੀ।ਸਚਿ–ਸੱਚੇ ਪ੍ਰਭੂ ਵਿਚ।ਸਮਾਈ ਹੇ–ਲੀਨ ਰਹਿੰਦਾ ਹੈ।੧।ਸਭਨਾ–ਸਾਰੇ ਜੀਵਾਂ ਦੇ।ਮਨ ਮਾਹੀ–ਮਨ ਵਿਚ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਸਹਜਿ–ਸਹਿਜ ਅਵਸਥਾ ਵਿਚ।ਸਮਾਹੀ–ਲੀਨ ਹੁੰਦਾ ਹੈ।ਕਰਤ–ਯਾਦ ਕਰਦਿਆਂ।ਲਾਈ ਹੇ–ਲਾਈ (ਜੋੜੀ) ਰਖਦਾ ਹੈ।੨। ਗਿਆਨੁ–ਆਤਮਕ ਸੂਝ ਬੂਝ।ਸੇਵੀ–ਮੈਂ ਸੇਵਾ ਕਰਦਾ ਹਾਂ।ਰਤਨੁ–ਅਮੋਲਕ।ਭਾਈ ਹੇ–ਚੰਗੀ ਲਗੀ ਹੈ।੩।ਦੂਜੈ–ਦੂਜੇ ਪਾਸੇ (ਦੇਵੀ ਦੇਵਤਿਆਂ ਦੀ ਪੂਜਾ ਵਿਚ)।ਆਵਹਿ ਜਾਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ।ਮਰਹਿ–ਮਰਦੇ ਹਨ।ਅਭਾਗੇ–ਭਾਗੀ ਹੀਣ ਮਨੁੱਖ।ਤਿਨ ਕੀ–ਉਨ੍ਹਾਂ (ਮਨੁੱਖਾਂ) ਦੀ।ਫਿਰਿ–ਫਿਰ ਵੀ।ਗਤਿ–ਜਨਮ ਮਰਨ ਤੋਂ ਛੁਟਕਾਰਾ।ਜਿ–ਜਿਹੜੇ।ਗੁਰਮੁਖਿ–ਗੁਰੂ ਦੀ।੪। ਸਾਚੀ–ਸੱਚੀ (ਨਾ ਟੁੱਟਣ ਵਾਲੀ)।ਤੇ–ਤੋਂ।ਮਾਗਉ–ਮੈਂ ਮੰਗਦਾ ਹਾਂ।ਅਜਾਚੀ–ਜੋ ਜਾਚਿਆ ਨਾ ਜਾ ਸਕੇ; ਅਤੋਲਵਾਂ; ਅਮਿਣਵਾਂ; ਅਜਾਚਕ (ਹੋਰ ਕਿਸੇ ਕੋਲੋਂ ਕੁਛ ਮੰਗਣਾ ਹੀ ਨਾ ਪਵੇ ਭਾਵ ਦਰ ਦਰ ਦਾ ਮੰਗਤਾ ਨਾ ਰਹਾਂ)।ਹੋਹੁ–ਹੋਵੋ।੫।ਅੰਮ੍ਰਿਤ ਰਸੁ–ਅੰਮ੍ਰਿਤ ਨਾਮ ਦਾ ਰਸ।ਚੁਆਇਆ–ਪਿਲਾਇਆ।ਦਸਵੈ ਦੁਆਰਿ–ਦਸਮੇਂ ਦੁਆਰ ਵਿਚ (ਸਰੀਰਕ ਰੁਝੇਵਿਆਂ ਤੋਂ ਉਚੀ ਆਤਮਾ ਦੇ ਧੁਰ ਅੰਦਰ ਨਿਰਮਲ ਅਵਸਥਾ, ਜਿਥੇ ਮਨ ਦੀ ਉਧੇੜ ਬੁਣ ਮੁੱਕ ਜਾਂਦੀ ਹੈ)।ਤਹ–ਉਥੇ (ਆਤਮ ਮੰਡਲ ਵਿਚ)।ਅਨਹਦ ਸਬਦ–ਬਿਨਾ ਵਜਾਏ ਅਪਣੇ ਆਪ ਵੱਜਣ ਵਾਲੇ ਸ਼ਬਦ।ਵਜਹਿ–ਵੱਜਦੇ ਹਨ।ਧੁਨਿ ਬਾਣੀ–ਬਾਣੀ ਦੀ ਧੁਨੀ ਦੁਆਰਾ।ਸਹਜੇ–ਸੁਭਾਵਕ ਹੀ।ਸਹਜਿ –ਅਡੋਲ ਅਵਸਥਾ ਵਿਚ।ਸਮਾਈ ਹੇ–ਲੀਨ ਰਹੀਦਾ ਹੈ।੬।

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ ਬਿਨੁ ਸਤਿਗੁਰ ਕੋ ਸੀਝੈ ਨਾਹੀ, ਗੁਰ ਚਰਣੀ ਚਿਤੁ ਲਾਈ ਹੇ ॥੭॥ ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ, ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ, ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥ ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ, ਕਰਮਿ ਮਿਲੈ ਸੁਖੁ ਪਾਈ ਹੇ ॥੧੦॥ ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥ ਨਾਮੇ ਨਾਮਿ ਰਤੇ ਸੁਖੁ ਪਾਇਆ, ਨਾਮਿ ਰਹਿਆ ਲਿਵ ਲਾਈ ਹੇ ॥੧੧॥(ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਭਾਗਾਂ ਵਿਚ ਕਰਤਾਰ ਨੇ ਧੁਰ ਤੋਂ ਹੀ (ਨਾਮ ਸਿਮਰਨ ਦੀ ਦਾਤ) ਲਿਖ ਕੇ ਪਾਈ ਹੋਈ ਹੈ।(ਉਨ੍ਹਾਂ ਦੀ) ਉਮਰ ਹਰ ਰੋਜ ਗੁਰੂ ਨੂੰ ਯਾਦ ਕਰਦਿਆਂ ਬੀਤਦੀ ਹੈ।ਸਤਿਗੁਰੂ ਦੀ ਸ਼ਰਣ ਵਿਚ ਪਏ ਬਿਨਾ ਕੋਈ ਮਨੁੱਖ (ਜੀਵਨ ਵਿਚ) ਸਫਲ ਨਹੀਂ ਹੋ ਸਕਦਾ, (ਇਸੇ ਕਰਕੇ) ਤੂੰ ਗੁਰੂ ਦੇ ਚਰਨਾਂ ਵਿਚ ਚਿਤ ਲਾਈ ਰੱਖ।੭।(ਹੇ ਭਾਈ! ਨਾਮ ਦੀ ਦਾਤ) ਜਿਸ ਮਨੁੱਖ ਨੂੰ ਪ੍ਰਭੂ ਦੇਣਾ ਚਾਹੁੰਦਾ ਹੈ, ਉਸ ਨੂੰ ਪ੍ਰਭੂ ਆਪ ਹੀ (ਨਾਮ ਦੀ ਦਾਤ) ਦੇਂਦਾ ਹੈ।(ਉਹ ਮਨੁੱਖ) ਗੁਰੂ ਰਾਹੀਂ ਨਾਮ ਪਦਾਰਥ ਪ੍ਰਾਪਤ ਕਰ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਪ੍ਰਭੂ ਆਪ ਹੀ ਕ੍ਰਿਪਾ ਕਰਕੇ ਨਾਮ ਪਦਾਰਥ ਦੇਂਦਾ ਹੈ, (ਉਹ) ਨਾਮ ਵਿਚ ਲੀਨ ਰਹਿੰਦਾ ਹੈ।੮। (ਹੇ ਭਾਈ! ਗੁਰੂ ਪਾਸੋਂ ਜਿਸ ਮਨੁੱਖ ਨੇ) ਸੁਭਾਵਕ ਹੀ ਨਾਮ ਪਦਾਰਥ ਪ੍ਰਾਪਤ ਕਰ ਲਿਆ ਹੈ, (ਉਸ ਦੇ) ਮਨ ਵਿਚ ਗਿਆਨ ਰਤਨ ਪ੍ਰਗਟ ਹੋਇਆ ਹੈ।(ਉਸ ਨੇ) ਇਹ ਵਡਿਆਈ ਗੁਰੂ ਤੋਂ ਪ੍ਰਾਪਤ ਕੀਤੀ ਹੈ ਅਤੇ (ਉਹ) ਸਤਿਗੁਰੂ ਤੋਂ ਸਦਾ ਸਦਕੇ ਜਾਂਦਾ ਹੈ।੯।(ਹੇ ਭਾਈ! ਜਿਵੇਂ ਜਦੋਂ) ਸੂਰਜ ਪ੍ਰਗਟ ਹੁੰਦਾ ਹੈ, ਤਾਂ ਰਾਤ ਦਾ ਹਨ੍ਹੇਰਾ ਮਿਟ ਜਾਂਦਾ ਹੈ।(ਇਸੇ ਤਰ੍ਹਾਂ) ਗੁਰੂ ਦੇ ਬੇਅੰਤ ਅਮੋਲਕ ਗਿਆਨ ਰਤਨ ਨਾਲ ਅਗਿਆਨ ਰੂਪ ਹਨ੍ਹੇਰਾ ਮਿਟ ਜਾਂਦਾ ਹੈ।ਸਤਿਗੁਰੂ ਦਾ ਬਖਸ਼ਿਆ ਗਿਆਨ ਰਤਨ ਬਹੁਤ ਕੀਮਤੀ ਹੈ, ਪ੍ਰਭੂ ਦੀ ਮੇਹਰ ਨਾਲ (ਜਿਸ ਮਨੁੱਖ ਨੂੰ ਇਹ) ਮਿਲਦਾ ਹੈ, (ਉਹ ਆਤਮਕ) ਸੁਖ ਪ੍ਰਾਪਤ ਕਰ ਲੈਂਦਾ ਹੈ।੧੦।(ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਦੁਆਰਾ ਨਾਮ ਮਿਲ ਜਾਂਦਾ ਹੈ, (ਸਭ ਪਾਸੇ ਉਸ ਦੀ) ਸੋਭਾ ਪ੍ਰਗਟ ਹੋ ਜਾਂਦੀ ਹੈ।(ਉਹ) ਚਾਰੇ ਜੁਗਾਂ (ਸਾਰੇ ਜਗਤ) ਵਿਚ ਪਵਿਤ੍ਰ ਜੀਵਨ ਵਾਲਾ ਅਤੇ ਸਾਰੇ ਲੋਕਾਂ ਵਿਚ ਚੰਗਾ ਮੰਨਿਆ ਜਾਂਦਾ ਹੈ।ਨਾਮ ਸਿਮਰਨ ਰਾਹੀਂ ਨਾਮੀ ਪ੍ਰਭੂ ਵਿਚ ਰੰਗਿਆ ਹੋਣ ਕਰਕੇ (ਉਸ ਨੇ) ਸੁਖ ਪ੍ਰਾਪਤ ਕਰ ਲਿਅ ਹੈ ਅਤੇ (ਉਹ) ਨਾਮ ਵਿਚ ਲਿਵ ਲਾਈ ਰਖਦਾ ਹੈ।੧੧।

ਪਦਾਰਥ = ਜਿਨ ਕਉ–ਜਿਨ੍ਹਾਂ ਨੂੰ।ਕਰਤੈ–ਕਰਤਾਰ ਨੇ।ਧੁਰਿ–ਧੁਰ ਤੋਂ।ਲਿਖਿ–ਲਿਖ ਕੇ।ਅਨਦਿਨੁ–ਹਰ ਰੋਜ।ਕਰਤ–ਕਰਦਿਆਂ। ਵਿਹਾਈ–ਬੀਤਦੀ ਹੈ।ਕੋ–ਕੋਈ (ਮਨੁੱਖ)।ਸੀਝੈ ਨਾਹੀ–ਸਫਲ ਨਹੀਂ ਹੁੰਦਾ।ਲਾਈ ਹੇ–ਜੋੜੀ ਰੱਖ।੭।ਜਿਸੁ–ਜਿਸ ਨੂੰ।ਭਾਵੈ–

ਚਾਹੁੰਦਾ ਹੈ। ਆਪੇ-ਆਪ ਹੀ। ਦੇਇ-ਦੇਂਦਾ ਹੈ। ਗੁਰਮੁਖਿ-ਗੁਰੂ ਰਾਹੀਂ। ਲੇਇ-ਲੈਂਦਾ ਹੈ। ਕਰੇ-ਕਰਕੇ। ਨਾਮਿ-ਨਾਮ ਵਿਚ। ਸਮਾਈ-ਲੀਨ ਰਹਿੰਦਾ ਹੈ।੮। ਮਨਿ-ਮਨ ਵਿਚ। ਭਇਆ-ਹੋਇਆ ਹੈ। ਸਹਜੇ-ਸੁਭਾਵਕ ਹੀ। ਤੇ-ਤੋਂ। ਪਾਈ-ਪ੍ਰਾਪਤ ਕੀਤੀ ਹੈ। ਕਉ-ਨੂੰ। ਸਦ-ਸਦਾ। ਬਲਿ ਜਾਈ-ਸਦਕੇ ਜਾਂਦਾ ਹੈ।੯। ਸੂਰੁ-ਸੂਰਜ। ਨਿਸਿ ਅੰਧਿਆਰਾ-ਰਾਤ ਦਾ ਹਨ੍ਹੇਰਾ। ਰਤਨਿ ਅਪਾਰਾ-ਬੇਅੰਤ ਕੀਮਤੀ ਗਿਆਨ ਰਤਨ ਨਾਲ। ਅਤਿ ਭਾਰੀ-ਬਹੁਤ ਕੀਮਤੀ। ਕਰਮਿ-ਮੇਹਰ ਨਾਲ।੧੦। ਸੋਇ-ਸੋਭਾ। ਚਹੁ ਜੁਗਿ-ਚਾਰੇ ਜੁਗਾਂ (ਸਾਰੇ ਜਗਤ) ਵਿਚ। ਨਿਰਮਲੁ-ਪਵਿਤ੍ਰ। ਹਛਾ-ਚੰਗਾ। ਲੋਇ-ਲੋਕਾਂ ਵਿਚ। ਨਾਮੇ-ਨਾਮ ਦੁਆਰਾ। ਨਾਮਿ-ਪ੍ਰਭੂ ਵਿਚ। ਰਤੇ-ਰੰਗਿਆ ਹੋਇਆ।੧੧।

ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਨਾਮਿ ਸਮਾਇ ਸਮਾਵੈ, ਨਾਨਕ ਨਾਮੁ ਧਿਆਈ ਹੇ ॥੧੨॥

(ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਪਾਸੋਂ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ। ਉਹ ਸੁਭਾਵਕ ਹੀ ਜਾਗਦਾ ਹੈ ਤੇ ਸੁਭਾਵਕ ਹੀ ਸੌਂਦਾ ਹੈ (ਉਸ ਦੀ ਸਾਰੀ ਕਿਰਿਆ ਨਿਰਯਤਨ ਹੁੰਦੀ ਹੈ, ਉਹ ਕੋਈ ਵੀ ਕੰਮ ਹਠ ਨਾਲ ਨਹੀਂ ਕਰਦਾ)। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਗੁਰੂ ਦੁਆਰਾ ਨਾਮ ਵਿਚ ਲੀਨ ਹੋ ਕੇ ਪ੍ਰਭੂ ਨਾਲ ਮਿਲ ਜਾਂਦਾ ਹੈ ਅਤੇ ਸਦਾ ਨਾਮ ਸਿਮਰਦਾ ਰਹਿੰਦਾ ਹੈ।੧੨।

ਅੰਗ ੧੦੭੦ = ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥ ਹਰਿ ਹਰਿ ਕਰਤ ਸਦਾ ਮਨੁ ਬਿਗਸੈ, ਹਰਿ ਚਰਣੀ ਮਨੁ ਲਾਈ ਹੇ ॥੧੩॥ ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥ ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ,ਸਤਿਗੁਰ ਕੀ ਸੇਵਾ ਲਾਈ ਹੇ ॥੧੪॥ ਜਿਨਿ ਸਤਿਗੁਰੁ ਜਾਤਾ, ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖ ਦਾਤਾ ॥ ਆਤਮੁ ਚੀਨਿ ਪਰਮ ਪਦੁ ਪਾਇਆ, ਸੇਵਾ ਸੁਰਤਿ ਸਮਾਈ ਹੇ ॥੧੫॥ ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥ ਆਪਿ ਮਿਲਿਆ ਜਗਜੀਵਨੁ ਦਾਤਾ, ਨਾਨਕ ਅੰਕਿ ਸਮਾਈ ਹੇ ॥੧੬॥੧॥

(ਹੇ ਭਾਈ!) ਭਗਤਾਂ ਦੇ ਮੂੰਹ ਤੋਂ ਉਚਾਰਨ ਹੋਈ ਬਾਣੀ ਅੰਮ੍ਰਿਤ ਰੂਪ ਹੈ; ਭਗਤਾਂ ਦੇ ਮੂੰਹ ਵਿਚ ਅੰਮ੍ਰਿਤ ਬਾਣੀ ਸਦਾ ਟਿਕੀ ਰਹਿੰਦੀ ਹੈ (ਉਹ ਬਾਣੀ ਪੜ੍ਹਦੇ ਰਹਿੰਦੇ ਹਨ)। ਗੁਰੂ ਅਨੁਸਾਰੀ ਮਨੁੱਖ ਹਰੀ ਦਾ ਨਾਮ ਬੋਲ ਕੇ (ਹੋਰਨਾਂ ਨੂੰ ਸੁਣਾਉਣ ਲਈ) ਬਿਆਨ ਕਰਦਾ ਹੈ। (ਉਸ ਦਾ) ਮਨ ਹਰੀ ਹਰਿ ਨਾਮ ਦਾ ਸਿਮਰਨ ਕਰਦਿਆਂ ਸਦਾ ਖਿੜਿਆ ਰਹਿੰਦਾ ਹੈ ਅਤੇ (ਉਹ ਅਪਣਾ) ਮਨ ਹਰੀ ਦੇ ਚਰਨਾਂ ਵਿਚ ਲਾਈ (ਜੋੜੀ) ਰਖਦਾ ਹੈ।੧੩। (ਹੇ ਪ੍ਰਭੂ!) ਅਸੀਂ (ਸਾਰੇ ਜੀਵ) ਮੂਰਖ ਅਗਿਆਨੀ ਹਾਂ, (ਸਾਨੂੰ) ਕੁਛ ਗਿਆਨ ਨਹੀਂ ਹੈ। (ਹੁਣ) ਸਤਿਗੁਰੂ ਤੋਂ ਮਨ ਵਿਚ (ਪ੍ਰਭੂ ਬਾਰੇ) ਸਮਝ ਪਈ ਹੈ। (ਅਰਦਾਸ ਕਰਦੇ ਹਾਂ ਕਿ) ਹੇ ਹਰਿ ਜੀਉ! ਕ੍ਰਿਪਾ ਕਰਕੇ (ਸਾਡੇ ਉਤੇ) ਮਿਹਰਵਾਨ ਹੋਵੋ, (ਸਾਨੂੰ) ਸਤਿਗੁਰੂ ਦੀ ਸੇਵਾ ਵਿਚ ਲਾਈ ਰਖੋ।੧੪। (ਹੇ ਭਾਈ!) ਜਿਸ ਮਨੁੱਖ ਨੇ ਸਤਿਗੁਰੂ ਨੂੰ ਜਾਣਿਆ ਹੈ, ਉਸ ਨੇ ਪਛਾਣ ਲਿਆ ਹੈ ਕਿ ਇਕ ਪ੍ਰਭੂ ਹੀ ਸੁੱਖਾਂ ਦਾ ਦਾਤਾ ਹੈ ਅਤੇ ਉਹ ਸਭ ਜਗ੍ਹਾ (ਜਾਂ ਸਾਰੇ ਜੀਵਾਂ ਵਿਚ) ਵਿਆਪਕ ਹੋ ਰਿਹਾ ਹੈ। (ਉਸ ਨੇ ਅਪਣੀ) ਆਤਮਾ ਨੂੰ ਪਛਾਣ ਕੇ ਪਰਮ ਪਦ ਪਾਇਆ ਹੈ ਅਤੇ (ਉਸ ਦੀ) ਸੁਰਤ ਪ੍ਰਭੂ ਦੀ ਸੇਵਾ ਭਗਤੀ ਵਿਚ ਜੁੜੀ ਰਹਿੰਦੀ ਹੈ।੧੫। (ਹੇ ਭਾਈ!) ਜਿਨਾਂ ਪੁਰਖਾਂ ਨੂੰ ਆਦਿ ਤੋਂ ਹੀ ਵਡਿਆਈ ਮਿਲੀ ਹੋਈ ਹੈ। (ਉਨ੍ਹਾਂ ਦੇ) ਮਨ ਵਿਚ ਸਤਿਗੁਰੂ ਵਸਿਆ ਹੈ ਅਤੇ (ਉਹ ਸਤਿਗੁਰੂ ਦੇ ਚਰਨਾਂ ਵਿਚ) ਲਿਵ ਲਾਈ ਰੱਖਦੇ ਹਨ। ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ (ਉਨ੍ਹਾਂ ਨੂੰ) ਆਪ ਆ ਮਿਲਿਆ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਪ੍ਰਭੂ ਦੀ ਗੋਦ ਵਿਚ ਸਮਾਏ ਰਹਿੰਦੇ ਹਨ।੧੬।੧।

ਪਦਾਰਥ = ਗੁਰਮੁਖਿ-ਗੁਰੂ ਰਾਹੀਂ। ਸਹਜੇ-ਸੁਭਾਵਕ ਹੀ; ਨਿਰਯਤਨ। ਸੋਵੈ-ਸੌਂਦਾ ਹੈ। ਨਾਮਿ-ਨਾਮ ਵਿਚ। ਸਮਾਇ-ਲੀਨ ਹੋ ਕੇ। ਸਮਾਵੈ-ਸਮਾ (ਮਿਲ) ਜਾਂਦਾ ਹੈ। ਧਿਆਈ ਹੇ-ਸਿਮਰਦਾ ਹੈ।੧੨। ਮੁਖਿ-ਮੂੰਹ ਤੋਂ; ਮੂੰਹ ਵਿਚ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਆਖਿ-ਉਚਾਰ (ਬੋਲ) ਕੇ। ਵਖਾਣੀ-ਬਿਆਨ ਕਰਦਾ ਹੈ। ਕਰਤ-ਸਿਮਰਨ ਕਰਦਿਆਂ। ਬਿਗਸੈ-ਖਿੜਿਆ ਰਹਿੰਦਾ ਹੈ। ਲਾਈ ਹੇ-ਲਾਈ (ਜੋੜੀ) ਰਖਦਾ ਹੈ।੧੩। ਹਮ-ਅਸੀਂ (ਜੀਵ)। ਤੇ-ਤੋਂ; ਪਾਸੋਂ। ਪੜੀ-ਪਈ ਹੈ। ਮਨ ਮਾਹੀ-ਮਨ ਵਿਚ। ਹੋਹੁ-ਹੋਵੋ।੧੪। ਜਿਨਿ-ਜਿਸ ਨੇ। ਜਾਤਾ-ਜਾਣਿਆ ਹੈ। ਤਿਨਿ-ਉਸ ਨੇ। ਏਕੁ-ਇਕ ਪ੍ਰਭੂ ਨੂੰ। ਪਛਾਤਾ-ਪਛਾਣਿਆ ਹੈ। ਸਰਬੇ-ਸਭ ਜਗ੍ਹਾ; ਸਾਰੇ ਜੀਵਾਂ ਵਿਚ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਆਤਮੁ-ਆਤਮਾ (ਅਪਣੇ ਆਪ) ਨੂੰ। ਚੀਨਿ-ਪਛਾਣ ਕੇ। ਪਰਮ ਪਦੁ-ਸਭ ਤੋਂ ਉਚਾ ਆਤਮਕ ਪਦ। ਸਮਾਈ-ਲੀਨ (ਜੁੜੀ) ਰਹਿੰਦੀ ਹੈ।੧੫। ਜਿਨ ਕਉ-ਜਿਨ੍ਹਾਂ ਨੂੰ। ਆਦਿ-ਧੁਰ ਤੋਂ। ਮਨਿ-ਮਨ ਵਿਚ। ਲਿਵ ਲਾਈ-ਸੁਰਤ ਜੋੜੀ ਰਖਦੇ ਹਨ। ਆਪਿ-ਪ੍ਰਭੂ ਆਪ ਹੀ। ਜਗਜੀਵਨੁ ਦਾਤਾ-ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ। ਅੰਕਿ-ਪ੍ਰਭੂ ਦੀ ਗੋਦ ਵਿਚ। ਸਮਾਈ-ਟਿਕੇ ਰਹਿੰਦੇ ਹਨ।੧੬।੧।

ਮਾਰੂ ਮਹਲਾ ੪ ॥ ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥ ਸਰਬੇ ਰਵਿ ਰਹਿਆ ਘਟ ਵਾਸੀ ॥ ਤਿਸੁ ਬਿਨੁ ਅਵਰੁ ਨ ਕੋਈ ਦਾਤਾ, ਹਰਿ ਤਿਸਹਿ ਸਰੇਵਹੁ ਪ੍ਰਾਣੀ ਹੇ ॥੧॥ ਜਾ ਕਉ ਰਾਖੈ ਹਰਿ ਰਾਖਣਹਾਰਾ ॥ ਤਾ ਕਉ ਕੋਇ ਨ ਸਾਕਸਿ ਮਾਰਾ ॥ ਸੋ ਐਸਾ ਹਰਿ ਸੇਵਹੁ ਸੰਤਹੁ ,ਜਾ ਕੀ ਊਤਮ ਬਾਣੀ ਹੇ ॥੨॥ ਜਾ ਜਾਪੈ ਕਿਛੁ ਕਿਥਾਊ ਨਾਹੀ ॥ ਤਾ ਕਰਤਾ ਭਰਪੂਰਿ ਸਮਾਹੀ ॥ ਸੂਕੇ ਤੇ ਫੁਨਿ ਹਰਿਆ ਕੀਤੋਨੁ ,ਹਰਿ ਧਿਆਵਹੁ ਚੋਜ ਵਿਡਾਣੀ ਹੇ ॥੩॥ ਜੋ ਜੀਆ ਕੀ ਵੇਦਨ ਜਾਣੈ ॥ ਤਿਸੁ ਸਾਹਿਬ ਕੈ ਹਉ ਕੁਰਬਾਣੈ ॥ ਤਿਸੁ ਆਗੈ ਜਨ ਕਰਿ ਬੇਨੰਤੀ, ਜੋ ਸਰਬ ਸੁਖਾ ਕਾ ਦਾਣੀ ਹੈ ॥੪॥ ਜੋ ਜੀਆ ਕੀ ਸਾਰ ਨ ਜਾਣੈ ॥ ਤਿਸੁ ਸਿਉ ਕਿਛੁ ਨ ਕਹੀਐ

ਅਜਾਣੈ ॥ ਮੂਰਖ ਸਿਉ ਨਹ ਲੂਝੁ ਪਰਾਣੀ, ਹਰਿ ਜਪੀਐ ਪਦੁ ਨਿਰਬਾਣੀ ਹੇ ॥੫॥ ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥ ਅਚਿੰਤ ਦਾਨੁ ਦੇਇ ਪ੍ਰਭੁ ਮੇਰਾ, ਵਿਚਿ ਪਾਥਰ ਕੀਟ ਪਖਾਣੀ ਹੇ ॥੬॥ (ਹੇ ਭਾਈ!) ਪ੍ਰਭੂ ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ ਅਤੇ ਸਦਾ ਰਹਿਣ ਵਾਲਾ ਨਾਸ਼ ਰਹਿਤ ਹੈ।(ਉਹ) ਸਭ ਜਗ੍ਹਾ ਵਿਆਪਕ ਹੋ ਰਿਹਾ ਹੈ ਅਤੇ ਸਾਰੇ ਜੀਵਾਂ ਦੇ ਹਿਰਦਿਆਂ ਵਿਚ ਵਸਣ ਵਾਲਾ ਹੈ।ਉਸ ਪ੍ਰਭੂ ਤੋਂ ਬਿਨਾ ਹੋ ਕੋਈ ਦਾਤਾ ਨਹੀਂ, (ਇਸ ਲਈ) ਹੇ ਪ੍ਰਾਣੀ! ਉਸ ਪ੍ਰਭੂ ਨੂੰ ਸਿਮਰੋ।੧।(ਹੇ ਭਾਈ!) ਰੱਖਿਆ ਕਰਨ ਵਾਲਾ ਹਰੀ ਜਿਸ ਮਨੁੱਖ ਦੀ (ਅਪਣਾ ਹੱਥ ਦੇ ਕੇ) ਰੱਖਿਆ ਕਰਦਾ ਹੈ।ਉਸ ਨੂੰ ਕੋਈ ਵੀ ਨਹੀਂ ਮਾਰ ਸਕਦਾ।ਹੇ ਸੰਤ ਜਨੋਂ! ਉਸ ਅਜੇਹੇ ਹਰੀ ਦੀ ਸੇਵਾ ਭਗਤੀ ਕਰੋ, ਜਿਸ ਪ੍ਰਭੂ ਦੀ ਨਾਮ ਬਾਣੀ (ਸਭ ਤੋਂ) ਉਤਮ ਹੈ।੨।(ਹੇ ਭਾਈ!) ਜਦੋਂ ਮਨੁੱਖ ਜਾਣ ਲੈਂਦਾ ਹੈ ਕਿ ਕਿਸੇ ਥਾਂ ਤੇ ਕੁੱਛ ਵੀ ਸਦਾ ਰਹਿਣ ਵਾਲਾ ਨਹੀਂ ਹੈ।ਤਦ ਕਰਤਾਰ (ਉਸ ਨੂੰ ਸਭ ਜਗ੍ਹਾ) ਪੂਰੀ ਤਰ੍ਹਾਂ ਸਮਾਇਆ ਪ੍ਰਤੀਤ ਹੁੰਦਾ ਹੈ (ਜੋ ਸਦਾ ਰਹਿਣ ਵਾਲਾ ਹੈ)।ਉਸ ਕਰਤਾਰ ਨੇ (ਮਨੁੱਖ ਦੇ) ਸੁੱਕੇ ਮਨ ਤੋਂ ਮੁੜ ਕੇ ਫਿਰ ਹਰਾ ਭਰਾ ਕਰ ਦਿਤਾ ਹੈ (ਬੇਜਾਨ ਨੂੰ ਜੀਵਨ ਸੱਤਾ ਦੇ ਕੇ ਜਾਨ ਵਾਲਾ ਬਣਾ ਦਿਤਾ, ਇਸ ਲਈ) ਅਸਚਰਜ ਕੌਤਕ ਕਰਨ ਵਾਲੇ ਹਰੀ ਨੂੰ ਸਿਮਰਦੇ ਰਹੋ।੩।(ਹੇ ਭਾਈ!) ਜੋ ਪ੍ਰਭੂ ਜੀਵਾਂ ਦੇ ਦਿਲ ਦੀ ਪੀੜ ਜਾਣਦਾ ਹੈ।ਉਸ ਮਾਲਕ ਦੇ ਮੈਂ ਕੁਰਬਾਨ ਜਾਂਦਾ ਹਾਂ।ਹੇ ਪੁਰਖਾ! ਉਸ ਪ੍ਰਭੂ ਅੱਗੇ ਬੇਨਤੀ ਕਰ, ਜੋ ਸਾਰੇ ਸੁੱਖਾਂ ਦਾ ਦਾਨ ਦੇਣ ਵਾਲਾ ਹੈ।੪।(ਹੇ ਭਾਈ!) ਜੋ ਮਨੁੱਖ ਦੂਜੇ ਮਨੁੱਖ ਦੇ ਦਿਲ ਦੀ ਕਦਰ ਨਹੀਂ ਜਾਣਦਾ।ਉਸ ਬੇਸਮਝ ਮਨੁੱਖ ਨਾਲ ਕੁਛ ਵੀ ਕਹਿਣਾ (ਸੁਣਨਾ) ਨਹੀਂ ਚਾਹੀਦਾ।ਹੇ ਪ੍ਰਾਣੀ! (ਅਜੇਹੇ) ਮੂਰਖ ਬੰਦੇ ਨਾਲ ਝਗੜਾ ਨਾ ਕਰ, (ਤੈਨੂੰ) ਹਰੀ ਦਾ ਨਾਮ ਜਪਣਾ ਚਾਹੀਦਾ ਹੈ, ਜੋ ਅਬਿਨਾਸੀ ਪਦ ਦੇਣ ਵਾਲਾ ਹੈ।੫।(ਹੇ ਭਾਈ! ਕਿਸੇ ਪ੍ਰਕਾਰ ਦੀ) ਤੂੰ ਚਿੰਤਾ ਨਾ ਕਰ, ਕਰਤਾਰ ਨੂੰ (ਸਾਰੇ ਜੀਵਾਂ ਦੀ) ਚਿੰਤਾ ਹੈ।ਪਾਣੀ ਵਿਚ ਅਤੇ ਧਰਤੀ ਤੇ ਵਸਣ ਵਾਲੇ ਸਾਰੇ ਜੀਵਾਂ ਨੂੰ ਪ੍ਰਭੂ (ਰਿਜਕ) ਦੇਂਦਾ ਹੈ।ਮੇਰਾ ਪ੍ਰਭੂ (ਸਾਰੇ ਜੀਵਾਂ ਨੂੰ ਉਨ੍ਹਾਂ ਦੇ) ਚਿੰਤਾ ਕੀਤੇ ਬਿਨਾ ਹੀ ਦਾਨ ਦੇਂਦਾ ਹੈ, (ਉਹ) ਪੱਥਰਾਂ ਦੇ ਕੀੜਿਆਂ ਨੂੰ ਵੀ ਪੱਥਰਾਂ ਵਿਚ ਰਿਜਕ ਦੇਂਦਾ ਹੈ।੬।

ਪਦਾਰਥ = ਅਗਮ–ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ।ਅਬਿਨਾਸੀ–ਨਾਸ਼ ਰਹਿਤ।ਸਰਬੇ–ਸਭ ਜਗ੍ਹਾ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਘਟ ਵਾਸੀ–ਸਾਰੇ ਜੀਵਾਂ ਦੇ ਹਿਰਦਿਆਂ ਵਿਚ ਵਸਣ ਵਾਲਾ।ਅਵਰੁ–ਹੋਰ।ਤਿਸਹਿ –ਉਸ ਨੂੰ।ਸਰੇਵਹੁ–ਸਿਮਰਿਆ ਕਰੋ।ਪ੍ਰਾਣੀ–ਹੇ ਪ੍ਰਾਣੀ!।੧।ਜਾ ਕਉ–ਜਿਸ (ਮਨੁੱਖ) ਨੂੰ।ਰਾਖੈ–ਰੱਖਿਆ ਕਰਦਾ ਹੈ।ਰਾਖਣਹਾਰਾ –ਰੱਖਿਆ ਕਰਨ ਵਾਲਾ।ਤਾ ਕਉ–ਉਸ ਨੂੰ।ਨ ਸਾਕਸਿ ਮਾਰਾ–ਮਾਰ ਨਹੀਂ ਸਕਦਾ।ਸੋ ਐਸਾ–ਉਸ ਅਜੇਹੇ (ਪ੍ਰਭੂ) ਨੂੰ।ਸੇਵਹੁ–ਸੇਵਾ ਭਗਤੀ ਕਰੋ।ਸੰਤਹੁ–ਹੇ ਸੰਤ ਜਨੋਂ!।ਜਾ ਕੀ–ਜਿਸ (ਪ੍ਰਭੂ) ਦੀ।੨।ਜਾ–ਜਦੋਂ।ਜਾਪੈ–ਜਾਣ ਲੈਂਦਾ ਹੈ।ਕਿਥਾਊ–ਕਿਸੇ ਥਾਂ ਵੀ ।ਤਾ–ਤਦ।ਕਰਤਾ–ਕਰਤਾਰ।ਭਰਪੂਰਿ ਸਮਾਹੀ–ਪੂਰੀ ਤਰ੍ਹਾਂ ਵਿਆਪਕ ਹੋਇਆ।ਚੋਜ ਵਿਡਾਣੀ–ਅਸਚਰਜ ਕੌਤਕ ਕਰਨ ਵਾਲਾ। ਕੀਤੋਨੁ–ਉਸ ਨੇ ਕੀਤਾ।੩।ਜੀਆ ਕੀ–ਜੀਵਾਂ ਦੀ।ਵੇਦਨ–ਪੀੜ (ਦੁੱਖ)।ਸਾਹਿਬ ਕੈ–ਮਾਲਕ ਦੇ।ਹਉ–ਮੈਂ।ਕੁਰਬਾਣੈ–ਕੁਰਬਾਨ ਜਾਂਦਾ ਹਾਂ।ਜਨ–ਹੇ ਪੁਰਖਾ!।ਸਰਬ–ਸਾਰੇ।ਦਾਣੀ–ਦਾਨ ਦੇਣ ਵਾਲਾ।੪।ਜੀਐ ਕੀ–ਦਿਲ ਦੀ।ਸਾਰ–ਕਦਰ।ਸਿਉ–ਨਾਲ।ਅਜਾਣੈ –ਅਣਜਾਣ (ਬੇਸਮਝ)।ਨ ਲੂਝੁ–ਝਗੜਾ ਨਾ ਕਰ।ਪਰਾਣੀ–ਹੇ ਪ੍ਰਾਣੀ!।ਪਦੁ ਨਿਰਬਾਣੀ–ਅਬਿਨਾਸੀ ਪਦ।੫।ਚਿੰਤ–ਫਿਕਰ। ਕਰਤੇ–ਕਰਤਾਰ ਨੂੰ।ਜਲਿ–ਪਾਣੀ ਵਿਚ।ਥਲਿ–ਧਰਤੀ ਉਤੇ।ਜੰਤਾ ਸਭਤੈ–ਸਾਰੇ ਜੀਵਾਂ ਨੂੰ।ਅਚਿੰਤ ਦਾਨੁ–ਅਣ ਮੰਗਿਆ ਦਾਨ (ਮ. ਕੋ.); ਸੁਤੇ ਸਿੱਧ ਹੀ; (ਜੀਵਾਂ ਦੇ) ਚਿੰਤਾ ਕੀਤੇ ਬਿਨਾ ਹੀ (ਗੁ.ਗ੍ਰੰ.ਕੋਸ਼)।ਦੇਇ–ਦੇਂਦਾ ਹੈ।ਵਿਚਿ ਪਾਥਰ–ਪੱਥਰਾਂ ਵਿਚ।ਕੀਟ ਪਖਾਣੀ–ਪੱਥਰਾਂ ਵਿਚ ਵਸਣ ਵਾਲੇ ਕੀੜਿਆਂ ਨੂੰ।੬।

ਨਾ ਕਰਿ ਆਸ ਮੀਤ ਸੁਤ ਭਾਈ ॥ ਨਾ ਕਰਿ ਆਸ, ਕਿਸੈ ਸਾਹ ਬਿਉਹਾਰ ਕੀ ਪਰਾਈ ॥ ਬਿਨੁ ਹਰਿ ਨਾਵੈ ਕੋ ਬੇਲੀ ਨਾਹੀ, ਹਰਿ ਜਪੀਐ ਸਾਰੰਗਪਾਣੀ ਹੇ ॥੭॥ ਅਨਦਿਨੁ ਨਾਮੁ ਜਪਹੁ ਬਨਵਾਰੀ ॥ ਸਭ ਆਸਾ ਮਨਸਾ ਪੂਰੈ ਥਾਰੀ ॥ ਜਨ ਨਾਨਕ ਨਾਮੁ ਜਪਹੁ ਭਵ ਖੰਡਨੁ ,ਸੁਖਿ ਸਹਜੇ ਰੈਣਿ ਵਿਹਾਣੀ ਹੇ ॥੮॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥ ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ, ਜਾਇ ਪੂਛਹੁ ਵੇਦ ਪੁਰਾਣੀ ਹੇ ॥੯॥ ਜਿਸੁ ਹਰਿ ਸੇਵਾ ਲਾਏ, ਸੋਈ ਜਨੁ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥ ਵਿਚੇ ਗ੍ਰਿਹ ਸਦਾ ਰਹੈ ਉਦਾਸੀ, ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥ ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਜਨਮਿ ਮਰੈ ਫਿਰਿ ਆਵੈ ਜਾਇ ॥ ਸੋ ਤਪੁ ਪੂਰਾ ਸਾਈ ਸੇਵਾ, ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥ (ਹੇ ਭਾਈ!) ਤੂੰ ਮਿਤ੍ਰਾਂ, ਪੁਤ੍ਰਾਂ ਤੇ ਭਰਾਵਾਂ ਦੀ ਆਸ ਨਾ ਕਰ।ਅਤੇ ਕਿਸੇ ਬਾਦਸ਼ਾਹ ਤੇ ਕਿਸੇ ਵਿਹਾਰ (ਕੰਮ ਧੰਧੇ) ਦੀ ਪਰਾਈ ਆਸ ਵੀ ਨਾ ਕਰ ।ਹਰੀ ਦੇ ਨਾਮ ਤੋਂ ਬਿਨਾ (ਲੋਕ ਪ੍ਰਲੋਕ ਵਿਚ) ਕੋਈ ਸਹਾਈ ਨਹੀਂ ਹੁੰਦਾ, (ਇਸ ਲਈ ਤੈਨੂੰ) ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ੭।(ਹੇ ਭਾਈ!) ਹਰ ਰੋਜ ਪ੍ਰਭੂ ਦਾ ਨਾਮ ਜਪੋ।(ਪ੍ਰਭੂ) ਤੁਹਾਡੀ ਸਾਰੀ ਆਸਾ ਮਨਸਾ ਪੂਰੀ ਕਰੇਗਾ।ਦਾਸ ਨਾਨਕ ਆਖਦਾ ਹੈ ਕਿ ਡਰ ਨਾਸ਼ ਕਰਨ ਵਾਲੇ ਪ੍ਰਭੂ ਦਾ ਨਾਮ ਜਪੋ, (ਫਿਰ) ਉਮਰ ਰੂਪ ਰਾਤ ਸਹਜੇ ਹੀ ਸੁਖ ਵਿਚ ਬੀਤ ਜਾਂਦੀ ਹੈ।੮।(ਹੇ ਭਾਈ!) ਜਿਸ ਮਨੁੱਖ ਨੇ ਪ੍ਰਭੂ ਦੀ ਸੇਵਾ ਭਗਤੀ ਕੀਤੀ ਹੈ, ਉਸ ਨੇ ਸੁਖ ਪਾਇਆ ਹੈ।(ਉਹ) ਸੁਭਾਵਕ ਹੀ ਪ੍ਰਭੂ ਦੇ ਨਾਮ ਸਿਮਰਨ ਵਿਚ ਲੀਨ

ਰਹਿੰਦਾ ਹੈ। ਜੋ ਮਨੁੱਖ ਪ੍ਰਭੂ ਦੀ ਸ਼ਰਣ ਵਿਚ ਪੈਂਦਾ ਹੈ, (ਪ੍ਰਭੂ) ਉਸ ਦੀ ਇੱਜਤ ਰਖਦਾ ਹੈ, (ਬੇਸ਼ੱਕ) ਵੇਦ ਪੁਰਾਣਾਂ ਨੂੰ ਪੜ੍ਹਨ ਵਾਲੇ ਪੰਡਤਾਂ ਤੋਂ ਜਾ ਕੇ ਪੁੱਛ ਲਵੋ।੯। (ਹੇ ਭਾਈ!) ਜਿਸ ਨੂੰ ਪ੍ਰਭੂ ਅਪਣੀ ਸੇਵਾ ਭਗਤੀ ਵਿਚ ਲਾਉਂਦਾ ਹੈ, ਉਹ ਹੀ ਮਨੁੱਖ ਸੇਵਾ ਭਗਤੀ ਵਿਚ ਲਗਦਾ ਹੈ। (ਫਿਰ ਉਸ ਦਾ) ਡਰ ਤੇ ਭਰਮ ਗੁਰੂ ਦੇ ਸ਼ਬਦ ਦੁਆਰਾ ਭੱਜ ਜਾਂਦਾ ਹੈ। (ਉਹ) ਗ੍ਰਿਹਸਤ ਵਿਚ ਸਦਾ (ਇਉਂ) ਉਦਾਸ ਰਹਿੰਦਾ ਹੈ, ਜਿਵੇਂ ਕਮਲ ਪਾਣੀ ਵਿਚ ਨਿਰਲੇਪ ਰਹਿੰਦਾ ਹੈ।੧੦। (ਹੇ ਭਾਈ!) ਹਉਮੈ ਵਿਚ ਕੀਤੀ ਹੋਈ (ਮਨੁੱਖ ਦੀ) ਸੇਵਾ ਪ੍ਰਭੂ ਪ੍ਰਵਾਨ ਨਹੀਂ ਕਰਦਾ। (ਅਜੇਹਾ ਮਨੁੱਖ) ਜਨਮ ਲੈ ਕੇ ਨਿਸਫਲ ਮਰ ਜਾਂਦਾ ਹੈ ਅਤੇ ਮੁੜ ਮੁੜ ਜੂਨਾਂ ਵਿਚ ਆਉਂਦਾ ਜਾਂਦਾ ਹੈ। ਉਹ ਤਪ ਕੀਤਾ ਪੂਰਾ ਹੈ, ਉਹ ਸੇਵਾ ਕੀਤੀ ਸਫਲ ਹੈ, ਜੋ ਮੇਰੇ ਹਰੀ ਦੇ ਮਨ ਵਿਚ ਚੰਗੀ ਲਗਦੀ ਹੈ।੧੧।

ਪਦਾਰਥ = ਮੀਤ–ਮਿਤ੍ਰਾਂ ਦੀ। ਸੁਤ–ਪੁਤ੍ਰਾਂ ਦੀ। ਭਾਈ–ਭਰਾਵਾਂ ਦੀ। ਸਾਹ–ਬਾਦਸ਼ਾਹ। ਬਿਉਹਾਰ ਕੀ–ਕੰਮ ਕਾਜ ਦੀ। ਕੋ–ਕੋਈ। ਬੇਲੀ–ਸਹਾਈ। ਸਾਰੰਗਪਾਣੀ–ਪ੍ਰਭੂ (ਸਾਰੰਗ–ਧਰਤੀ। ਪਾਣ–ਹੱਥ। ਜਿਸ ਦੇ ਹੱਥਾਂ ਵਿਚ ਧਰਤੀ ਹੈ, ਜੋ ਧਰਤੀ ਦਾ ਸਹਾਰਾ ਹੈ)।੭। ਅਨਦਿਨੁ–ਹਰ ਰੋਜ। ਬਨਵਾਰੀ–ਸੰਸਾਰ ਰੂਪ ਬਨ ਦਾ ਮਾਲਕ ਪ੍ਰਭੂ। ਮਨਸਾ–ਇੱਛਾ; ਮਨ ਦਾ ਫੁਰਨਾ। ਪੂਰੈ–ਪੂਰੀ ਕਰੇਗਾ। ਥਾਰੀ–ਤੁਹਾਡੀ। ਜਨ ਨਾਨਕ–ਦਾਸ ਨਾਨਕ। ਭਵ ਖੰਡਨ–ਡਰ ਨਾਸ਼ ਕਰਨ ਵਾਲਾ; ਜਨਮ ਮਰਨ ਦਾ ਗੇੜ ਨਾਸ਼ ਕਰਨ ਵਾਲਾ ਪ੍ਰਭੂ। ਸੁਖਿ–ਸੁਖ ਵਿਚ। ਸਹਜੇ–ਸੌਖੇ ਹੀ; ਸੁਭਾਵਕ ਹੀ। ਰੈਣਿ–ਜੀਵਨ ਰੂਪ ਰਾਤ। ਵਿਹਾਣੀ ਹੇ–ਬੀਤਦੀ ਹੈ।੮। ਜਿਨਿ–ਜਿਸ ਨੇ। ਸੇਵਿਆ–ਸੇਵਾ ਭਗਤੀ ਕੀਤੀ ਹੈ। ਤਿਨਿ–ਉਸ ਨੇ। ਨਾਮਿ–ਨਿਮ ਸਿਮਰਨ ਵਿਚ। ਸਮਾਇਆ–ਲੀਨ ਰਹਿੰਦਾ ਹੈ। ਪਰੈ–ਪੈਂਦਾ ਹੈ। ਤਿਸ ਕੀ–ਉਸ ਦੀ। ਪਤਿ–ਇੱਜਤ। ਜਾਇ–ਜਾ ਕੇ। ਪੁਰਾਣੀ–ਪੁਰਾਣ ਪੜ੍ਹਨ ਵਾਲਿਆਂ ਪਾਸੋਂ।੯। ਸੇਵਾ–ਸੇਵਾ ਭਗਤੀ ਵਿਚ। ਸੋਈ–ਉਹ ਹੀ। ਸਬਦਿ–ਸ਼ਬਦ ਦੁਆਰਾ। ਭਉ–ਡਰ। ਭਾਗੈ–ਦੌੜ ਜਾਂਦਾ ਹੈ। ਗ੍ਰਿਹ–ਗ੍ਰਿਹਸਤ; ਘਰ। ਉਦਾਸੀ–ਮੋਹ ਰਹਿਤ; ਨਿਰਲੇਪ।੧੦। ਥਾਇ ਨ ਪਾਇ–ਪ੍ਰਵਾਨ ਨਹੀਂ ਕਰਦਾ। ਜਨਮਿ–ਜਨਮ ਲੈ ਕੇ। ਫਿਰਿ–ਮੁੜ ਮੁੜ। ਆਵੈ ਜਾਇ–(ਜੂਨਾਂ ਵਿਚ) ਆਉਂਦਾ ਜਾਂਦਾ ਹੈ। ਸੋ ਤਪੁ–ਉਹ ਤਪੱਸਿਆ। ਸਾਈ–ਉਹ ਹੀ। ਹਰਿ ਮਨਿ–ਹਰੀ ਦੇ ਮਨ ਵਿਚ। ਭਾਣੀ ਹੇ–ਚੰਗੀ ਲਗਦੀ ਹੈ।੧੧।

ਅੰਗ ੧੦੭੧ = ਹਉ ਕਿਆ ਗੁਣ ਤੇਰੇ ਆਖਾ ਸੁਆਮੀ ॥ ਤੂ ਸਰਬ ਜੀਆ ਕਾ ਅੰਤਰਜਾਮੀ ॥ ਹਉ ਮਾਗਉ ਦਾਨੁ ਤੁਝੈ ਪਹਿ ਕਰਤੇ, ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥ ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥ ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥ ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ, ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥ ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ ਜਿਨ ਕਾ ਪਖੁ ਕਰਹਿ ਤੂ ਸੁਆਮੀ, ਤਿਨ ਕੀ ਊਪਰਿ ਗਲ ਤੁਧੁ ਆਣੀ ਹੇ ॥੧੪॥ ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ ॥ ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ, ਬਿਨੁ ਸੇਵਾ ਪਛੋਤਾਣੀ ਹੇ ॥੧੫॥ ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥ ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥ ਹਰਿ ਕੀ ਸਰਣਿ ਪਇਆ ਹਰਿ ਜਾਪੀ, ਜਨੁ ਨਾਨਕੁ ਦਾਸੁ ਦਸਾਣੀ ਹੇ ॥੧੬॥੨॥ ਹੇ ਮਾਲਕ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਕਥਨ ਕਰਾਂ? (ਕਿਉਂਕਿ ਤੇਰੇ ਗੁਣ ਬੇਅੰਤ ਹਨ) ਤੂੰ ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਹੈਂ। ਹੇ ਕਰਤਾਰ! ਮੈਂ ਤੇਰੇ ਪਾਸੋਂ ਇਹ ਦਾਨ ਮੰਗਦਾ ਹਾਂ ਕਿ ਮੈਂ ਹਰ ਰੋਜ ਹਰੀ ਨਾਮ ਉਚਾਰਦਾ ਰਹਾਂ।੧੨। (ਹੇ ਭਾਈ!) ਕਿਸੇ ਮਨੁੱਖ ਨੂੰ ਹੰਕਾਰ ਨਾਲ ਬੋਲਣ ਦਾ ਜੋਰ ਹੈ (ਤਾਕਤ ਦੇ ਹੰਕਾਰ ਨਾਲ ਬੋਲਦਾ ਹੈ)। ਕਿਸੇ ਮਨੁੱਖ ਨੂੰ ਮਾਇਆ ਦੇ ਆਸਰੇ ਦਾ ਜੋਰ ਹੈ; ਰਾਜ ਦਰਬਾਰ ਤੇ ਮਾਇਆ ਦਾ ਬਲ ਹੈ। ਮੇਰਾ ਤਾਂ ਪ੍ਰਭੂ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ, ਹੇ ਕਰਤਾਰ! ਮੇਰੀ ਨਿਮਾਣੀ ਜਿੰਦ ਦੀ ਤੂੰ ਹੀ ਰੱਖਿਆ ਕਰ।੧੩। (ਹੇ ਪ੍ਰਭੂ!) ਤੂੰ ਨਿਮਾਣੇ ਮਨੁੱਖ ਨੂੰ ਮਾਣ ਸਹਿਤ ਕਰ ਦੇਂਦਾ ਹੈਂ, (ਇਹ ਗੱਲ) ਤੈਨੂੰ ਚੰਗੀ ਲਗਦੀ ਹੈ। (ਉਸ ਦਾ ਵਿਰੋਧ ਕਰਕੇ) ਹੋਰ ਕਿਤਨੀ ਦੁਨੀਆਂ ਬਿਅਰਥ ਬਕਵਾਸ ਕਰ ਕਰਕੇ ਜੰਮਦੀ ਮਰਦੀ ਰਹਿੰਦੀ ਹੈ। ਹੇ ਮਾਲਕ! ਜਿਨ੍ਹਾਂ ਦਾ ਤੂੰ ਪੱਖ ਕਰਦਾ ਹੈਂ, ਤੂੰ ਉਨ੍ਹਾਂ ਦੀ ਗੱਲ ਸਾਰਿਆਂ ਦੇ ਉਤੇ ਲਿਆਂਦੀ ਹੈ (ਉਨ੍ਹਾਂ ਦੀ ਗੱਲ ਮੰਨੀ ਜਾਂਦੀ ਹੈ)।੧੪। (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਸਦਾ ਹਰਿ ਹਰਿ ਨਾਮ ਸਿਮਰਿਆ ਹੈ ਉਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ ਪਰਮ ਪਦ ਪਾਇਆ ਹੈ। ਜਿਸ ਮਨੁੱਖ ਨੇ ਹਰੀ ਨੂੰ ਸਿਮਰਿਆ ਹੈ, ਉਸ ਨੇ ਆਤਮਕ ਸੁਖ ਪਾਇਆ ਹੈ, ਸੇਵਾ ਭਗਤੀ ਤੋਂ ਬਿਨਾ (ਬਾਕੀ ਸਾਰੀ ਦੁਨੀਆਂ) ਪਛਤਾਉਂਦੀ ਹੈ।੧੫। ਹੇ ਜਗਤ ਦੇ ਮਾਲਕ ਹਰੀ! ਤੂੰ ਸਾਰੇ ਜੀਵਾਂ ਵਿਚ ਵਸ ਰਿਹਾ ਹੈਂ। (ਹੇ ਭਾਈ!) ਉਹ ਮਨੁੱਖ ਹਰੀ ਦਾ ਨਾਮ ਜਪਦਾ ਹੈ, ਜਿਸ ਦੇ ਮੱਥੇ ਉਤੇ ਗੁਰੂ ਦਾ ਹੱਥ ਹੁੰਦਾ ਹੈ। (ਜੋ ਮਨੁੱਖ) ਹਰੀ ਦੀ ਸ਼ਰਣ ਪਿਆ ਹੈ ਅਤੇ ਹਰੀ ਦਾ ਨਾਮ ਜਪਦਾ ਹੈ, ਦਾਸ ਨਾਨਕ (ਉਸ ਦੇ) ਦਾਸਾਂ ਦਾ ਦਾਸ ਹੈ।੧੬।੨।

ਪਦਾਰਥ = ਹਉ–ਮੈਂ। ਆਖਾ–ਕਥਨ ਕਰਾਂ। ਸੁਆਮੀ–ਹੇ ਮਾਲਕ ਪ੍ਰਭੂ। ਸਰਬ ਜੀਆ ਕਾ–ਸਾਰੇ ਜੀਵਾਂ ਦਾ। ਅੰਤਰਜਾਮੀ–ਦਿਲਾਂ ਦੇ ਅੰਦਰ ਦੀ ਜਾਨਣ ਵਾਲਾ। ਮਾਗਉ–ਮੰਗਦਾ ਹਾਂ। ਤੁਝੈ ਪਹਿ–ਤੇਰੇ ਪਾਸੋਂ। ਕਰਤੇ–ਹੇ ਕਰਤਾਰ!। ਅਨਦਿਨੁ–ਹਰ ਰੋਜ। ਵਖਾਣੀ–ਉਚਾਰਦਾ ਰਹਾਂ।੧੨। ਕਿਸ ਹੀ–ਕਿਸੇ (ਮਨੁੱਖ ਨੂੰ)। ਜੋਰੁ–ਤਾਕਤ। ਦੀਬਾਨ–ਆਸਰਾ; ਰਾਜ ਦਰਬਾਰ; ਵਜੀਰ। ਟੇਕ ਧਰ–ਆਸਰਾ। ਅਵਰ ਕਾਈ– ਕੋਈ ਹੋਰ। ਮੈ–ਮੇਰੀ; ਮੈਨੂੰ। ਨਿਮਾਣੀ–ਮਾਣ ਰਹਿਤ।੧੩। ਨਿਮਾਣੇ–ਜਿਸ ਦਾ ਕੋਈ ਆਦਰ ਨਾ ਕਰਦਾ ਹੋਵੇ। ਮਾਣੁ–ਆਦਰ। ਕਰਹਿ–ਤੂੰ ਕਰਦਾ ਹੈਂ। ਤੁਧੁ–ਤੈਨੂੰ। ਭਾਵੈ–ਚੰਗਾ ਲਗਦਾ ਹੈ। ਕੇਤੀ–ਕਿਤਨੀ ਹੀ (ਬੇਅੰਤ) ਦੁਨੀਆਂ। ਝਖਿ ਝਖਿ–ਬਿਅਰਥ

ਬਕਵਾਸ ਕਰਕੇ।ਆਵੈ ਜਾਵੈ–ਜੰਮਦੀ ਮਰਦੀ ਹੈ।ਜਿਨ ਕਾ–ਜਿਨ੍ਹਾਂ ਦਾ।ਪਖੁ–ਮੱਦਤ।ਤਿਨ ਕੀ–ਉਨ੍ਹਾਂ ਦੀ।ਆਣੀ ਹੇ–ਲਿਆਂਦੀ ਹੈ।੧੪।ਜਿਨੀ–ਜਿਨ੍ਹਾਂ ਨੇ।ਤਿਨੀ–ਉਨ੍ਹਾਂ ਨੇ।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਪਰਮ ਪਦੁ–ਸਭ ਤੋਂ ਉਚੀ ਆਤਮਕ ਪਦਵੀ।ਜਿਨਿ–ਜਿਸ ਨੇ।ਸੇਵਿਆ–ਸਿਮਰਿਆ ਹੈ।ਤਿਨਿ–ਉਸ ਨੇ।੧੫।ਵਰਤਹਿ–ਵਸਦਾ ਹੈਂ।ਜਗੰਨਾਥੁ–ਜਗਤ ਦਾ ਮਾਲਕ।ਸੋ–ਉਹ।ਮਸਤਕਿ–ਮੱਥੇ ਉਤੇ।ਜਾਪੀ–ਜਪਦਾ ਹੈ।ਜਨੁ ਨਾਨਕੁ–ਦਾਸ ਨਾਨਕ।ਦਾਸੁ ਦਸਾਣੀ–ਦਾਸਾਂ ਦਾ ਦਾਸ।੧੬।੨।